GR Video Production

Where precious moments are captured
Gurinder Purewal
Videographer/Photographer
grvideoproductionOl@gmail.com
www.grvideoproduction.com
For bookings. Call (510) 921-6626
or Kash Fabrics (510) 538-1138

ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 31
November 4, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਮਹਾਂਰਿਸ਼ੀ ਵਾਲਮੀਕ ਸਭਾ ਆਫ ਯੂ. ਐਸ. ਏ., ਯੂਬਾ ਸਿਟੀ (ਕੈਲੇਫੋਰਨੀਆ) ਵੱਲੋਂ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 8 ਨਵੰਬਰ ਦਿਨ ਐਤਵਾਰ ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਸਬੰਧਤ ਇਸ਼ਤਿਹਾਰ

(ਦੇਖੋ ਸਫਾ 14 'ਤੇ)

## ਮੇਲਾ ਗਦਰੀ ਬਾਬਿਆਂ ਦਾ 15 ਨਵੰਬਰ ਨੂੰ

**ਸੈਕਰਾਮੈਂਟੋ-** ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਕੈਲੇਫੋਰਨੀਆ ਸੈਕਰਾਮੈਂਟੋ ਵੱਲੋਂ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਨੂੰ ਸਮਰਪਿਤ ਮੇਲਾ ਗਦਰੀ ਬਾਬਿਆਂਦਾ ਇਸ ਵਾਰ ਵੀ 15 ਨਵੰਬਰ 2015 ਨੂੰ ਦੁਪਹਿਰੇ 11 ਵਜੇ ਤੋਂ ਸ਼ਾਮੀ 5 ਵਜੇ ਤੱਕ ਪਰਫਾਰਮਿੰਗ ਆਰਟ ਸੈਂਟਰ ਸੈਲਡਨ ਹਾਈ ਸਕੂਲ ਸੈਕਰਾਮੈਂਟੋ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਦਰਮਿਆਨ ਮੁੱਖ ਬੁਲਾਰੇ ਡਾ. ਗੁਰੂਮੇਲ ਸਿੱਧੂ ਫਰਿਜ਼ਨੋ, ਪ੍ਰੋ. ਨਰਿੰਜਨ ਸਿੰਘ ਢੇਸੀ, ਪ੍ਰੋ. ਮੁਖਤਿਆਰ ਸਿੰਘ ਗਿੱਲ, ਜਿੰਨ ਸਿਮਜ (ਐਮ. ਪੀ. ਕੈਨੇਡਾ) ਅਤੇ ਕੁਲਵੰਤ ਸਿੰਘ ਢੇਸੀ ਸ਼ਾਮਲ ਹੋਣਗੇ। ਮੇਲੇ ਦੇ ਮੁੱਖ ਮਹਿਮਾਨ ਸ੍ਰੀ ਵੈਨਕਟੇਸ਼ਨ ਅਸ਼ੋਕ (ਕਾਂਸਲੇਟ ਜਨਰਲ ਸਾਨਫਰਾਂਸਿਸਕੋ) ਹੋਣਗੇ ਅਤੇ ਸਟੇਜ ਆਸ਼ਾ ਸ਼ਰਮਾ ਸੰਭਾਲਣਗੇ। ਇਸ ਪ੍ਰੋਗਰਾਮ ਦਰਮਿਆਨ ਸੰਗੀਤ ਗਰੁੱਪ ਆਫ ਕੈਲੇਫੋਰਨੀਆ ਦੇ ਗਾਇਕ ਅਨੂਪ ਚੀਮਾ,ਤਰਲੋਕ ਸਿੰਘ ਅਤੇ ਅਮਰਜੀਤ ਸਿੰਘ ਦੁਲਾਈ ਆਏ ਲੋਕਾਂ ਦਾ ਮਨੋਰੰਜਨ ਕਰਨਗੇ ਅਤੇ ਜਗਦੇਵ ਸਿੰਘ ਯਮਲਾ, ਪਰਮ ਸਿੰਘ ਕੋਚ ਵੱਲੋਂ ਤਿਆਰ ਕੀਤਾ ਭੰਗੜਾ ਪੇਸ਼ ਕੀਤਾ ਜਾਵੇਗਾ।



**ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੀ ਪ੍ਰਬੰਧਕ ਕਮੇਟੀ ਦੀਆਂ ਚੋਣਾਂ 8 ਨਵੰਬਰ ਨੂੰ ਹੋਣ ਜਾ ਰਹੀਆਂ ਹਨ। ਸਬੰਧਤ ਇਸ਼ਤਿਹਾਰ/ਖਬਰ ਅੰਦਰ ਪੜ੍ਹੋ।**

# ਰਵਾਇਤੀ ਜਾਹੋ-ਜਲਾਲ ਨਾਲ ਆਯੋਜਿਤ ਹੋਇਆ ਯੂਬਾ ਸਿਟੀ ਦਾ ਸਾਲਾਨਾ ਜੋੜ ਮੇਲਾ

## ਵਰਖਾ ਕਾਰਨ 'ਸਲ੍ਹਾਬਿਆ' ਇਕੱਠ, ਪੰਜਾਬ ਦੇ ਮੌਜੂਦਾ ਹਾਲਾਤਾਂ ਪ੍ਰਤੀ ਪ੍ਰਵਾਸੀਆਂ ਦੇ ਰੋਹ ਤੇ ਗੁੱਸੇ ਦਾ ਪ੍ਰਗਟਾਵਾ ਪ੍ਰਤੱਖ ਦਿਖਾਈ ਦਿੱਤਾ, ਬਾਦਲ ਦਲ ਨੇ ਸਿਆਣਪ ਵਰਤੀ







ਤਸਵੀਰਾਂ: ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)** ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਗੱਦੀ ਨੂੰ ਸਮਰਪਿਤ ਆਯੋਜਿਤ ਹੋਣ ਵਾਲਾ ਯੂਬਾ ਸਿਟੀ ਦਾ ਜੋੜ ਮੇਲਾ, ਇਸ ਵਾਰ ਵੀ ਇਕ ਨਵੰਬਰ ਨੂੰ ਖਾਲਸਈ ਜਾਹੋ ਜਲਾਲ ਅਤੇ ਸ਼ਰਧਾ ਸਤਿਕਾਰ ਨਾਲ ਮਨ ਾਇਆ ਗਿਆ। ਛੱਤੀ ਸਾਲਾਂ ਤੋਂ ਲਗਾਤਾਰ ਆਯੋਜਿਤ ਹੁੰਦੇ ਆ ਰਹੇ ਪ੍ਰਵਾਸੀ ਪੰਜਾਬੀਆਂ ਦੇ ਹੋਲੇ ਮਹੱਲੇ ਵਰਗੇ ਇਸ ਪ੍ਰਭਾਵਸ਼ਾਲੀ ਸਮਾਗਮ ਨੂੰ ਐਤਕੀ ਸਾਰਾ ਦਿਨ ਹੁੰਦੀ ਰਹੀ ਕਿਣਮਿਣ-ਕਿਣਮਿਣ ਨੇ ਕਿਰਕਿਰਾ ਕਰਨ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਸੰਗਤਾਂ ਦੀ ਸ਼ਰਧਾ, ਚਾਅ ਤੇ ਉਮਾਹ ਨੇ ਇਸ ਦੀ ਕੋਈ ਪ੍ਰਵਾਹ ਨਾ ਕੀਤੀ। ਭਾਵੇਂ ਸੰਗਤਾਂ ਦੀ ਗਿਣਤੀ ਪੱਖੋਂ ਨਗਰ ਕੀਰਤਨ ਜ਼ਰੂਰ ਸਲਾਬਿਆ ਜਾਪਿਆ। ਜ਼ਰਾ ਕੁ ਵਰਖਾ ਥੰਮ੍ਹਦੀ ਤਾਂ ਅਸਮਾਨ 'ਚ ਉਡਦੇ ਹੈਲੀਕਾਪਟਰ ਸੰਗਤਾਂ ਉਤੇ ਰੰਗ ਬਿਰੰਗੀਆਂ ਫੁੱਲ-ਪੱਤੀਆਂ ਵਰਸਾਉਣੀਆਂ ਸ਼ੁਰੂ ਕਰ ਦਿੰਦੇ। ਗੰਨੇ ਪੀੜ ਰਹੇ ਵੇਲਣਿਆਂ 'ਤੇ ਠੰਢੀ ਰਸ ਪੀਣ ਲਈ ਸੰਗਤਾਂ ਦੀਆਂ ਲੱਗੀਆਂ ਕਤਾਰਾਂ, ਵੱਡੀਆਂ ਭੱਠੀਆਂ 'ਤੇ ਭੁੱਜਦੀਆਂ ਛੱਲੀਆਂ ਲੈਣ ਲਈ ਬਿਹਬਲ ਲੋਕ, ਗਰਮਾ ਗਰਮ ਜਲੇਬੀਆਂ ਪਲੇਟਾਂ 'ਚ ਪੁਆਉਣ ਲਈ ਕਾਹਲੇ ਪੰਜਾਬੀ ਅਤੇ ਜਾਇਕੇਦਾਰ ਗੋਲ-ਗੱਪੇ ਛਕਣ ਲਈ ਆਪਣੀ ਵਾਰੀ ਉਡੀਕਦੀਆਂ ਬੀਬੀਆਂ-ਭੈਣਾਂ ਦੇ ਦ੍ਰਿਸ਼ ਇਸ ਨਗਰ ਕੀਰਤਨ ਦੀ ਵੰਨ-ਸੁਵੰਨਤਾ ਪ੍ਰਗਟਾ ਰਹੇ ਸਨ।

ਯੂਬਾ ਸਿਟੀ ਦੇ ਟਾਇਰਾ ਬਿਊਨਾ ਦੇ ਗੁਰਦੁਆਰੇ ਵਿਖੇ ਮੁੱਖ ਦੀਵਾਨ ਹਾਲ ਵਿਚ ਸਾਰੀ ਰਾਤ ਚੱਲੇ ਦੀਵਾਨ ਵਿਚ ਸਥਾਨਕ ਸਿੱਖ ਆਗੂਆਂ ਦੀਆਂ ਤਕਰੀਰਾਂ ਤੋਂ ਇਲਾਵਾ ਵੱਖ ਵੱਖ ਰਾਗੀਆਂ-ਢਾਡੀਆਂ ਪ੍ਰਚਾਰਕਾਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਦਿੱਲੀ ਤੋਂ 'ਆਪ' ਦੇ ਵਿਧਾਇਕ ਸ: ਜਰਨੈਲ ਸਿੰਘ ਅਤੇ ਅਕਾਲੀ ਦਲ ਬਾਦਲ 'ਤੇ ਦੋ ਸੰਵਿਧਾਨ ਰੱਖਣ ਦਾ ਕੇਸ ਕਰਨ ਵਾਲੇ ਸੋਸ਼ਲਿਸਟ ਬਜ਼ੁਰਗ ਸ: ਬਲਵੰਤ ਸਿੰਘ 'ਖੇੜਾ' ਨੇ ਵੀ ਇਸ ਮੌਕੇ ਵਿਚਾਰਾਂ ਦੀ ਸਾਂਝ ਪਾਈ। ਦਿਨ ਚੜ੍ਹੇ ਅਖੰਡ ਪਾਠ ਦੇ ਭੋਗ ਉਪਰੰਤ ਸ਼ਰਧਾ ਸਤਿਕਾਰ ਤੇ ਚਾਅਵਾਂ ਉਮੰਗਾਂ ਨਾਲ ਸਜਾਏ ਗਏ ਮੁੱਖ ਫਲੋਟ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ, ਜਿਸ ਦੇ ਪਿੱਛੇ ਪ੍ਰਸਿੱਧ ਰਾਗੀ ਜਥੇ ਆਪਣੇ ਸਾਜਾਂ ਸਮੇਤ ਬੈਠੇ ਹੋਏ ਸਨ। ਬਸੰਤੀ ਬਾਣਿਆਂ ਵਿਚ ਸਜੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਆਰੰਭ ਹੋਏ ਨਗਰ ਕੀਰਤਨ ਵਿਚ

(ਬਾਕੀ ਸਫਾ 7 ਤੇ)

# ਚਾਰ ਪੰਜਾਬੀ ਕੈਨੇਡਾ ਸਰਕਾਰ ਵਿਚ ਮੰਤਰੀ ਬਣੇ

**ਔਟਾਵਾ-** ਲਿਬਰਲ ਆਗੂ ਜਸਟਿਨ ਟਰੂਡੋ (43) ਨੇ ਅੱਜ ਕੈਨੇਡਾ ਦੇ 23ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਲਈ। ਉਨ੍ਹਾਂ ਆਪਣੇ ਮੰਤਰੀ ਮੰਡਲ 'ਚ ਚਾਰ ਪੰਜਾਬੀਆਂ ਨੂੰ ਵੀ ਥਾਂ ਦਿੱਤੀ ਹੈ। ਸਿੱਖ ਆਗੂ ਨਵਦੀਪ ਬੈਂਸ ਨੂੰ ਇਨੋਵੇਸ਼ਨ, ਸਾਇੰਸ ਅਤੇ ਆਰਥਿਕ ਵਿਕਾਸ, ਹਰਜੀਤ ਸੱਜਣ ਨੂੰ ਰੱਖਿਆ, ਅਮਰਜੀਤ ਸੋਹੀ ਨੂੰ ਬੁਨਿਆਦੀ ਢਾਂਚਾ ਤੇ ਭਾਈਚਾਰੇ ਅਤੇ ਬਰਦੀਸ਼ ਚੱਗਰ ਨੂੰ ਛੋਟੇ ਉਦਯੋਗਾਂ ਅਤੇ ਸੈਰ ਸਪਾਟਾ ਬਾਰੇ ਮੰਤਰੀ ਬਣਾਇਆ ਗਿਆ ਹੈ। ਮਿਸੀਸਾਗਾ-ਮਾਲਟਨ ਤੋਂ ਸੰਸਦ 'ਚ ਪੁੱਜੇ ਸ੍ਰੀ ਬੈਂਸ ਦੇ ਮਾਪੇ ਮਾਹਿਲਪੁਰ ਤੋਂ ਕੈਨੇਡਾ ਗਏ ਸਨ। ਵੈਨਕੂਵਰ ਸਾਊਥ ਤੋਂ ਚੋਣ ਜਿੱਤੇ ਲੈਫ਼ਟੀਨੈਂਟ ਕਰਨਲ ਹਰਜੀਤ ਸੱਜਣ ਕੈਨੇਡਾ ਦੇ ਪਹਿਲੇ ਸਿੱਖ ਫ਼ੌਜੀ ਸਨ ਅਤੇ ਉਨ੍ਹਾਂ ਅਫ਼ਗਾਨਿਸਤਾਨ 'ਚ ਤਿੰਨ ਵਾਰ ਲੜਾਈ 'ਚ ਹਿੱਸਾ ਲਿਆ। ਸ੍ਰੀ ਸੋਹੀ ਦਾ ਪਿਛੋਕੜ ਸੰਗਰੂਰ ਜ਼ਿਲ੍ਹੇ ਦੇ ਪਿੰਡ ਬਨਭੌਰਾ ਦਾ ਹੈ ਅਤੇ ਉਨ੍ਹਾਂ ਐਡਮੰਟਨ-ਮਿਲ ਵੁੱਡਸ 'ਚ ਆਪਣੇ ਵਿਰੋਧੀ ਉਮੀਦਵਾਰ ਨੂੰ ਹਰਾ ਕੇ ਸੰਸਦ ਦਾ ਰੁਖ਼ ਕੀਤਾ ਹੈ। ਪੰਜਾਬੀ ਮੂਲ ਦੀ ਬਰਦੀਸ਼ ਚੱਗਰ ਨੇ ਵਾਟਰਲੂ ਹਲਕੇ ਤੋਂ ਚੋਣ ਜਿੱਤੀ ਹੈ। ਕੈਨੇਡਾ 'ਚ ਹੋਈਆਂ ਚੋਣਾਂ ਦੌਰਾਨ 20 ਪੰਜਾਬੀਆਂ ਨੇ ਮੱਲ੍ਹ ਮਾਰੀ ਸੀ ਅਤੇ ਸੰਸਦ ਦਾ ਰੁਖ਼ ਕੀਤਾ ਸੀ। ਅਧਿਆਪਕ ਰਹੇ ਟਰੂਡੋ ਨੇ ਆਪਣੇ ਪਿਤਾ ਦੇ ਪੂਰਨਿਆਂ 'ਤੇ ਚਲਦਿਆਂ ਲਿਬਰਲ ਪਾਰਟੀ ਨੂੰ ਜਿੱਤ ਦੇ ਰਾਹ ਪਾਇਆ।



AAA AUTO AND BODY WORKS
We Do Complete Engine Transmission, Body and Paint Work We Sell Used Cars at a Good Price

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing

Prop: Jasbir Singh Takhar
510-755-2132
510- 733- 2222
1421 Industrial PKWY
West#F Hayward, CA 94544
Harmandeep Singh


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


MANDEEP SANDHU
msandhu2014@gmail.com
SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
SANDHU
Tours And Travels
(CST# 2122162-50)
Email: sandhutat@gmail.com.
WE OPEN 7-DAYS A WEEK
Note: I am not an Immigration Attorney.
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

Jaspreet Singh
Attorney at Law USA
Over 18 years of Legal Experience
USA Immigration
Citizenship, Green Card
Deportation defense
Political Asylum
Specilized in
Detention cases, Artists
Singers P3 visas
Priest R1 visas
Investor EB 5 visas
L1 Business visas
Family law
Criminal Defense cases.
Offices
New York
37-18 73 Street Suite # 401
Jackson Heights Ny 11372
Phone : 718-533-8444
Fremont
44790 S Grimmer Blvd # 208
Fremont CA 94538
Phone : 510-657-6444
Fresno
4491 W Shaw ave # 131
Fresno CA 93711
Phone : 559-271-5511
Sacramento
2901 W Capitol ave
West Sacramento CA 95691
Phone : 916-385-2288

Jaspreet Singh
Email : jaspreetsinghlawoffice@gmail.com



INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com




Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

# ਸੰਗਤਾਂ 10 ਨਵੰਬਰ ਨੂੰ ਹੋਣ ਵਾਲੇ ਸਰਬੱਤ ਖ਼ਾਲਸੇ 'ਚ ਵਧ ਚੜ੍ਹ ਕੇ ਹਿੱਸਾ ਲੈਣ-ਜਸਪ੍ਰੀਤ ਸਿੰਘ ਅਟਾਰਨੀ

## ਬਰਗਾੜੀ ਮਾਮਲੇ ਚ ਗ੍ਰਿਫ਼ਤਾਰ ਰੁਪਿੰਦਰ ਤੇ ਜਸਵਿੰਦਰ ਨੂੰ ਰਿਹਾਅ ਕਰਨ ਦਾ ਸਵਾਗਤ, ਇਹਨਾਂ 'ਤੇ ਝੂਠੇ ਕੇਸ ਬਣਾਉਣ ਵਾਲੇ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਕੀਤਾ ਜਾਵੇ ਬਰਖਾਸਤ

**ਨਿਊਯਾਰਕ–** ਅਮਰੀਕਾ ਦੇ ਉਘੇ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਜਿੰਨਾਂ ਨੇ ਪਿਛਲੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਪੁਲਿਸ ਦੁਆਰਾ ਕੀਤੀ ਗਈ ਨਿਹੱਥੇ ਸਿੰਘਾਂ 'ਤੇ ਫਾਇਰਿੰਗ ਦੇ ਰੋਸ ਵਜੋਂ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੀ ਹਾਈ ਪਾਵਰ ਕੋਰ ਕਮੇਟੀ ਦੇ ਚੇਅਰਮੈਨ ਅਤੇ ਮੁੱਖ ਕਾਨੂੰਨੀ ਸਲਾਹਕਾਰ ਤੋਂ ਅਸਤੀਫ਼ਾ ਦੇ ਦਿੱਤਾ ਸੀ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ 10 ਨਵੰਬਰ ਨੂੰ ਸ੍ਰੀ ਅੰਮ੍ਰਿਤਸਰ 'ਚ ਕਰਵਾਏ ਜਾਣ ਵਾਲੇ ਸਰਬੱਤ ਖਾਲਸਾ ਦਾ ਪੂਰਨ ਤੌਰ 'ਤੇ ਸਵਾਗਤ ਕੀਤਾ। ਸ: ਜਸਪ੍ਰੀਤ ਸਿੰਘ ਅਟਾਰਨੀ ਨੇ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਹੋਣ ਵਾਲੇ ਸਰਬੱਤ ਖਾਲਸੇ 'ਚ ਵੱਧ ਚੜਖ਼ ਕੇ ਹਿੱਸਾ ਪਾਉਣ। ਉਹਨਾਂ ਕਿਹਾ ਕਿ ਪੰਜਾਂ ਤਖ਼ਤਾਂ ਦੇ ਜਥੇਦਾਰ ਸਿੱਖ ਸੰਗਤਾਂ ਵਿਚ ਆਪਣਾ ਵਿਸ਼ਵਾਸ਼ ਗੁਆ ਚੁੱਕੇ ਹਨ ਅਤੇ ਦੁਨੀਆਂ ਭਰ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ, ਅਸਟ੍ਰੇਲੀਆ ਤੇ ਹੋਰ ਮੁਲਕਾਂ ਦੇ ਗੁਰਦੁਆਰਿਆਂ ਵਿਚ ਇਹਨਾਂ ਦਾ ਮੁਕੰਮਲ ਬਾਈਕਾਟ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਇਸ ਸੂਰਤ ਵਿਚ ਸਿੱਖ ਕੌਮ ਨੂੰ ਆਪਣੇ ਜਥੇਦਾਰ ਖੁਦ ਨਿਯੁਕਤ ਕਰਨੇ ਚਾਹੀਦੇ ਹਨ ਜਿਨਖ਼ਾਂ ਦਾ ਸਿੱਖ ਸੰਗਤਾਂ ਵਿਚ ਪੂਰਾ ਸਤਿਕਾਰ ਹੋਵੇ। ਉਨਖ਼ਾਂ ਕਿਹਾ ਕਿ ਇਹਨਾਂ ਨਵੇਂ ਜਥੇਦਾਰਾਂ ਦੀ ਨਿਯੁਕਤੀ ਵਿਦੇਸ਼ਾਂ 'ਚ ਰਹਿੰਦੇ ਸਿੱਖਾਂ ਦੀ ਸਹਿਮਤੀ ਨਾਲ ਹੋਣੀ ਚਾਹੀਦੀ ਹੈ। ਵਿਦੇਸ਼ਾਂ ਦੀਆਂ ਸੰਗਤਾਂ, ਬਾਹਰਲਿਆਂ ਮੁਲਖਾਂ ਦੇ ਗੁਰਦੁਆਰਿਆਂ ਦੇ ਪ੍ਰਧਾਨ ਅਤੇ ਪੰਥਕ ਜਥੇਬੰਦੀਆਂ ਦੀ ਵੀ ਰਾਏ ਲੈਣੀ ਚਾਹੀਦੀ ਹੈ। ਉਨਖ਼ਾਂ ਕਿਹਾ ਕਿ ਚੰਗਾ ਤਾਂ ਹੋਵੇ ਜੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਤੇ ਹੋਰ ਤਖ਼ਤਾਂ ਦੇ ਨੁਮਾਇੰਦੇ ਵੀ ਸਰਬੱਤ ਖਾਲਸਾ ਵਿਚ ਸ਼ਾਮਿਲ ਹੋਣ ਪਰ ਇਹ ਸੰਭਵ ਨਹੀਂ ਲੱਗਦਾ। ਸਿੱਖਾਂ ਨੂੰ ਇਨਖ਼ਾਂ ਤੋਂ ਬਿਨਾਂ ਹੀ ਸਰਬੱਤ ਖਾਲਸਾ ਕਰਕੇ



ਆਪਣੇ ਜਥੇਦਾਰ ਚੁਣ ਲੈਣੇ ਚਾਹੀਦੇ ਹਨ। ਉਨਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਰਬਉਚ ਹੈ ਇਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਅਜ਼ਾਦ ਹੋਣਾ ਚਾਹੀਦਾ ਹੈ ਉਹ ਸਾਰੀ ਦੁਨੀਆਂ ਦੇ ਸਿੱਖਾਂ ਦੇ ਵਿਸ਼ਵਾਸ਼ ਦਾ ਪਾਤਰ ਹੋਣਾ ਚਾਹੀਦਾ ਹੈ ਤਾਂ ਹੀ ਉਹ ਦੁਨੀਆਂ ਭਰ ਦੇ ਸਿੱਖਾਂ ਨੂੰ ਇਕ ਮੰਚ ਤੇ ਇਕੱਠਾ ਕਰ ਸਕੇਗਾ। ਉਨਖ਼ਾਂ ਸਮੂਹ ਸਿੱਖਾਂ ਨੂੰ ਅਪੀਲ ਕੀਤੀ ਕਿ ਇਸ ਸਰਬੱਤ ਖਾਲਸੇ ਵਿਚ ਵੱਧ ਚੜ ਕੇ ਹਿੱਸਾ ਪਾਉਣ ਤੇ ਇਸਨੂੰ ਕਾਮਯਾਬ ਕਰਨ। ਉਨਾਂ ਕਿਹਾ ਕਿ ਬਰਗਾੜੀ ਚ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ 'ਚ ਗ੍ਰਿਫ਼ਤਾਰ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਨਾਂਅ ਦੇ ਗ੍ਰਿਫ਼ਤਾਰ ਭਰਾਵਾਂ ਨੂੰ ਰਿਹਾਅ ਕਰਵਾਉਣ ਲਈ ਸਿੱਖ ਜਥੇਬੰਦੀਆਂ ਵਲੋਂ ਸਰਕਾਰ 'ਤੇ ਪਾਏ ਦਬਾਅ ਦਾ ਸਵਾਗਤ ਕੀਤਾ। ਉਨਾਂ ਕਿਹਾ ਕਿ ਅਸੀਂ ਸ਼ੁਰੂ ਤੋਂ ਹੀ ਕਹਿੰਦੇ ਆ ਰਹੇ ਸਾਂ ਕਿ ਇਹਨਾਂ ਉਕਤ ਨੌਜਵਾਨਾਂ ਨੂੰ ਝੂਠੇ ਕੇਸਾਂ ਵਿਚ ਫਸਾਇਆ ਗਿਆ ਹੈ। ਸ: ਜਸਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਇਹ ਦੋਵੇਂ ਭਰਾ ਨਿਰਦੋਸ਼ ਹਨ ਅਤੇ ਅਸਲ ਦੋਸ਼ੀ ਕੋਈ ਹੋਰ ਹਨ। ਉਨਖ਼ਾਂ ਸਰਕਾਰ ਤੋਂ ਮੰਗ ਕੀਤੀ ਕੇ ਜਿਨਖ਼ਾਂ ਪੁਲਿਸ ਮੁਲਾਜ਼ਮਾਂ ਨੇ ਇਨਖ਼ਾਂ ਦੋਵਾਂ ਭਰਾਵਾਂ ਨੂੰ ਝੂਠੇ ਕੇਸਾਂ 'ਚ ਫਸਾਇਆ ਉਨਾਂ ਪੁਲਿਸ ਮੁਲਾਜ਼ਮਾਂ ਖਿਲਾਫ਼ ਜਲਦ ਝੂਠੇ ਪਰਚੇ ਦਰਦ ਕਰਨ ਤੇ ਮਾਮਲੇ 'ਚ ਬਣਦੀ ਕਾਰਵਾਈ ਕਰਕੇ ਉਨਾਂ ਪੁਲਿਸ ਮੁਲਾਜ਼ਮਾਂ ਨੂੰ ਜੇਲ ਭੇਜਣਾ ਚਾਹੀਦਾ ਹੈ। ਉਹਨਾਂ ਨੇ ਸਰਕਾਰ ਕੋਲੋਂ ਇਹ ਵੀ ਮੰਗ ਕੀਤੀ ਕਿ ਜਿਨਖ਼ਾਂ ਪੁਲਿਸ ਮੁਲਾਜ਼ਮਾਂ ਨੇ ਬਰਗਾੜੀ ਵਿਖੇ ਗੋਲੀ ਚਲਾ ਕੇ ਦੋ ਸਿੱਖ ਨੌਜਵਾਨਾਂ ਨੂੰ ਸ਼ਹੀਦ ਕੀਤਾ ਉਨਾਂ ਨੂੰ ਵੀ ਬਰਖਾਸਤ ਕਰਕੇ ਕਤਲ ਦੇ ਕੇਸ ਅਧੀਨ ਜੇਲ ਭੇਜਣਾ ਚਾਹੀਦਾ ਹੈ। ਸ: ਜਸਪ੍ਰੀਤ ਸਿੰਘ ਨੇ ਸਾਰੀਆਂ ਧਿਰਾਂ ਨੂੰ ਪੰਜਾਬ ਵਿਚ ਅਮਨ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ।

# ਜਿਲ੍ਹਾ ਪੰਚਾਇਤ ਸੀਟਾਂ ਦੇ ਨਤੀਜੇ ਐਲਾਨੇ ਬਸਪਾ ਨੇ ਕੀਤਾ ਉਤਰ ਪ੍ਰਦੇਸ਼ ਵਿਚ 80 ਫੀਸਦੀ ਸੀਟਾਂ ਉਤੇ ਕਬਜਾ

**ਲਖਨਊ–** ਉਤਰ ਪ੍ਰਦੇਸ਼ ਦੀ ਸੱਤਾ ਦਾ ਸੈਮੀਫਾਈਨਲ ਮੰਨੀਆਂ ਜਾ ਰਹੀਆਂ ਪੰਚਾਇਤ ਚੋਣਾਂ ਵਿਚ ਬਹੁਜਨ ਸਮਾਜ ਪਾਰਟੀ (ਬਸਪਾ) ਨੇ ਜਬਰਦਸਤ ਕਾਮਯਾਬੀ ਹਾਸਲ ਕੀਤੀ ਹੈ। ਇਸ ਚੋਣ ਵਿਚ ਵੱਡੀ ਗਿਣਤੀ ਵਿਚ ਪਾਰਟੀ ਨੂੰ ਸਮਰਪਿਤ ਉਮੀਦਵਾਰ ਜਿੱਤ ਹਨ। ਉਥੇ ਹੀ ਪੰਚਾਇਤ ਚੋਣਾਂ ਵਿਚ ਸੱਤਾਧਾਰੀ ਸਮਾਜਵਾਦੀ ਪਾਰਟੀ (ਸਪਾ), ਭਾਜਪਾ ਅਤੇ ਕਾਂਗਰਸ ਨੂੰ ਜ਼ੋਰ ਦਾ ਝਟਕਾ ਲੱਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੰਸਦੀ ਸੀਟ ਵਾਰਾਨਸੀ ਵਿਚ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਤਾਂ ਕਾਂਗਰਸ ਦੇ ਪਾਰਟੀ ਉਪ ਪ੍ਰਧਾਨ ਰਾਹੁਲ ਗਾਂਧੀ ਦੇ ਸੰਸਦੀ ਹਲਕੇ ਅਮੇਠੀ ਵਿਚ ਬੁਰੀ ਤਰ੍ਹਾਂ ਹਾਰ ਹੋਈ ਹੈ। ਉਥੇ ਹੀ ਸੱਤਾਧਾਰੀ ਸਮਾਜਵਾਦੀ ਪਾਰਟੀ ਦੇ ਕਈ ਮੰਤਰੀਆਂ ਦੇ ਰਿਸ਼ਤੇਦਾਰਾਂ ਨੂੰ ਇਸ ਚੋਣ ਵਿਚ ਕਰਾਰੀ ਹਾਰ ਸਹਿਣ ਕਰਨੀ ਪਈ ਹੈ।

ਯੂ. ਪੀ. ਵਿਚ ਪੰਚਾਇਤ ਚੋਣਾਂ ਦੇ ਨਤੀਜਿਆਂ ਵਿਚ ਸਪਾ ਨੂੰ ਜਬਰਦਸਤ ਝਟਕਾ ਲੱਗਿਆ ਹੈ। ਸੱਤਾ ਵਿਚ ਰਹਿੰਦੇ ਹੋਏ ਵੀ ਸਮਾਜਵਾਦੀ ਪਾਰਟੀ ਦੀ ਸਰਕਾਰ ਵਿਚ ਕਈ ਮੰਤਰੀਆਂ ਦੇ ਰਿਸ਼ਤੇਦਾਰ ਬੁਰੀ ਤਰ੍ਹਾਂ ਹਾਰੇ ਹਨ। ਇਹਨਾਂ ਵਿਚ ਫੈਜਾਬਾਦ ਦੇ ਮੰਤਰੀ ਅਵਧੇਸ਼ ਪ੍ਰਸਾਦ ਦੀ ਪਤਨੀ ਅਤੇ ਬੇਟਾ, ਰਾਇਬਰੇਲੀ ਤੋਂ ਮੰਤਰੀ ਮਨੋਜ ਪਾਂਡੇ ਦੇ ਭਰਾ ਅਤੇ ਸੀਤਾਪੁਰ ਵਿਚ ਰਾਜ ਮੰਤਰੀ ਰਾਮਪਾਲ ਰਾਜਵੰਸ਼ੀ ਦੀਆਂ ਦੋ ਲੜਕੀਆਂ ਸ਼ਾਮਲ ਹਨ। ਪੀਲੀਭੀਤ ਤੋਂ ਦੋ ਦਿਨ ਪਹਿਲਾਂ ਹੋਏ ਕੈਬਨਿਟ ਵਿਸਥਾਰ ਵਿਚ ਪ੍ਰਮੋਸ਼ਨ ਪ੍ਰਾਪਤ ਮੰਤਰੀ ਰਿਆਜ਼ ਅਹਿਮਦ ਦੇ ਦੋ ਭਰਾ ਅਤੇ ਇਕ ਜਵਾਈ ਵੀ ਚੋਣ ਹਾਰ ਗਏ।

ਫੈਜਾਬਾਦ ਵਿਚ ਹੀ ਦਰਜਾ ਪ੍ਰਾਪਤ ਰਾਜ ਮੰਤਰੀ ਲੀਲਾਵਤੀ ਕੁਸ਼ਵਾਹਾ ਦੀ ਲੜਕੀ ਅਲਕਾ ਕੁਸ਼ਵਾਹਾ ਚੋਣ ਹਾਰ ਗਈ। ਇਹਨਾਂ ਤੋਂ ਇਲਾਵਾ ਵੀ ਯੂ. ਪੀ. ਦੇ ਕਈ ਮੰਤਰੀਆਂ ਦੇ ਰਿਸ਼ਤੇਦਾਰ ਜਿੱਤ ਦਾ ਸਵਾਦ ਚੱਖ ਨਹੀਂ ਸਕੇ। ਇਹ ਚੋਣ ਭਾਜਪਾ ਦੇ ਲਈ ਵੀ ਨਿਰਾਸ਼ਾਜਨਕ ਰਹੀ। ਵਾਰਾਨਸੀ ਜ਼ਿਲ੍ਹੇ ਵਿਚ ਭਾਜਪਾ ਨੂੰ ਝਟਕਾ ਲੱਗਿਆ ਹੈ, ਜਿੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਗੋਦ ਲਏ ਪਿੰਡ ਜਯਾਪੁਰ ਖੇਤਰ ਵਿਚ ਭਾਜਪਾ ਸਮਰਪਿਤ ਉਮੀਦਵਾਰ ਰਿੰਕੂ ਸਿੰਘ ਦੀ ਹਾਰ ਹੋਈ। ਪ੍ਰਧਾਨ ਮੰਤਰੀ ਦੇ ਸੰਸਦੀ ਖੇਤਰ ਵਾਰਾਨਸੀ ਤੋਂ ਭਾਜਪਾ 48 ਵਿਚੋਂ ਸਿਰਫ 8 ਸੀਟਾਂ ਹੀ ਜਿੱਤ ਸਕੀ। ਸੂਬੇ ਵਿਚ ਪੰਚਾਇਤ ਚੋਣਾਂ ਵਿਚ ਜਿਸ ਤਰ੍ਹਾਂ ਦੀ ਜਿੱਤ ਦੀ ਭਾਜਪਾ ਨੂੰ ਉਮੀਦ ਸੀ, ਉਹ ਜ਼ਮੀਨ ਤੇ ਸਹੀ ਸਾਬਤ ਨਹੀਂ ਹੋਈ। ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ ਦੇ ਸੰਸਦੀ ਖੇਤਰ ਅਮੇਠੀ ਵਿਚ 36 ਵਿਚੋਂ ਸਿਰਫ 8 ਸੀਟਾਂ ਹੀ ਕਾਂਗਰਸ ਜਿੱਤ ਸਕੀ। ਇੱਥੇ ਕਾਂਗਰਸ ਦੀ ਹਾਲਤ ਠੀਕ ਨਜ਼ਰ ਨਹੀਂ ਆ ਰਹੀ ਹੈ। ਕਾਂਗਰਸ ਰਾਸ਼ਟਰੀ ਪ੍ਰਧਾਨ ਸੋਨੀਆ ਗਾਂਧੀ ਦੀ ਸੰਸਦੀ ਸੀਟ ਰਾਇਬਰੇਲੀ ਵਿਚ ਵੀ 34 ਵਿਚੋਂ ਕਾਂਗਰਸ ਕੇਵਲ 6 ਸੀਟਾਂ ਹੀ ਜਿੱਤ ਸਕੀ ਹੈ। ਕੁੱਲ ਮਿਲਾ ਕੇ ਯੂ. ਪੀ. ਵਿਚ ਜ਼ਮੀਨੀ ਪੱਧਰ ਦੀਆਂ ਇਹਨਾਂ ਚੋਣਾਂ ਵਿਚ ਕਾਂਗਰਸ ਹੁਣ ਵੀ ਚੌਥੇ ਨੰਬਰ ਦੀ ਪਾਰਟੀ ਨਜ਼ਰ ਆ ਰਹੀ ਹੈ।

ਸਭ ਤੋਂ ਜ਼ਿਆਦਾ ਹੈਰਾਨੀ ਵਾਲੇ ਨਤੀਜੇ ਬਸਪਾ ਸਮਰਥਕ ਉਮੀਦਵਾਰਾਂ ਨੇ ਦਿਖਾਏ। ਮਸਾਲ ਵਜੋਂ ਸਹਾਰਨਪੁਰ ਵਿਚ 49 ਜ਼ਿਲ੍ਹਾ ਪੰਚਾਇਤ ਸੀਟਾਂ ਵਿਚੋਂ 25 ਤੇ ਬਸਪਾ ਦੇ ਉਮੀਦਵਾਰਾਂ ਨੇ ਕਬਜਾ ਕੀਤਾ, ਜਦਕਿ ਫੈਜਾਬਾਦ ਵਿਚ 41 ਵਿਚੋਂ 15, ਹਾਥਰਸ ਵਿਚ 25 ਵਿਚੋਂ 13 ਅਤੇ ਹਾਪੁੜ ਵਿਚ 19 ਵਿਚੋਂ 7 ਸੀਟਾਂ ਜਿੱਤ ਕੇ ਬਸਪਾ ਨੇ ਆਪਣੀ ਮਜ਼ਬੂਤ ਤਾਕਤ ਦਾ ਅਹਿਸਾਸ ਕਰਵਾਇਆ ਹੈ। ਹੋਰ ਜ਼ਿਲ੍ਹਿਆਂ ਵਿਚ ਵੀ ਪਾਰਟੀ ਦਾ ਚੰਗਾ ਪ੍ਰਦਰਸ਼ਨ ਦੇਖਣ ਨੂੰ ਮਿਲਿਆ ਹੈ।

# ਦੋ ਐਵਾਰਡ ਜੇਤੂ ਫਿਲਮ ਆਖਰੀ ਪਲ ਵਿਚ ਰਿਜੈਕਟ ਕੀਤੀ

**ਮੁੰਬਈ–** ਜਾਤੀਵਾਦੀ ਸਿਆਸਤ ਅਤੇ ਬੀਫ ਉਤੇ ਆਧਾਰਿਤ ਵਿਦਿਆਰਥੀਆਂ ਦੀ ਫਿਲਮ ਨੂੰ ਫਿਲਮ ਡਵੀਜ਼ਨ ਫੈਸਟੀਵਲ ਵਿਚ ਆਖਰੀ ਸਮੇਂ ਦਰਮਿਆਨ ਰਿਜੈਕਟ ਕਰ ਦਿੱਤਾ ਗਿਆ, ਜਦਕਿ ਇਹ ਫਿਲਮ ਪਹਿਲਾਂ ਹੀ ਦੋ ਐਵਾਰਡ ਜਿੱਤ ਚੁੱਕੀ ਹੈ।

ਕਾਸਟ ਆਨ ਦਾ ਮੀਨੂ ਨਾਂ ਦੀ ਫਿਲਮ ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਿਜ਼ ਦੇ ਵਿਦਿਆਰਥੀਆਂ ਨੇ ਤਿਆਰ ਕੀਤੀ ਸੀ ਜਿਸ ਨੂੰ ਜੀਵਿਕਾ ਏਸ਼ੀਆ ਲਿਵੀਹੁੱਡ ਫਿਲਮ ਫੈਸਟੀਵਲ 2015 ਦਰਮਿਆਨ ਦਿਖਾਇਆ ਜਾਣਾ ਸੀ। ਇਹ ਫੈਸਟੀਵਲ ਸੂਚਨਾ ਅਤੇ ਬ੍ਰਾਡਕਾਸਟਿੰਗ ਮੰਤਰਾਲੇ ਵੱਲੋਂ ਆਯੋਜਿਤ ਕੀਤਾ ਗਿਆ ਸੀ। ਇਸ ਵਿਚ 35 ਫਿਲਮਾਂ ਨੂੰ ਨਕਾਰਿਆ ਗਿਆ। ਜਦਕਿ ਕਾਸਟ ਆਨ ਦਾ ਮੀਨੂ ਫਿਲਮ ਦੋ ਵਾਰ ਬੈਸਟ ਡਾਕੂਮੈਂਟਰੀ ਦਾ ਐਵਾਰਡ ਜਿੱਤ ਚੁੱਕੀ ਹੈ।

# ਸਿਬੀਆ ਪਰਿਵਾਰ ਨੂੰ ਸਦਮਾ ਮਨਜੀਤ ਸਿੰਘ ਸਿਵੀਆ ਨਹੀ ਰਹੇ



**ਸੈਕਰਾਮੈਂਟੋ–** ਪੰਜਾਬੀ ਭਾਈਚਾਰੇ ਵਿਚ ਇਹ ਖਬਰ ਬਹੁਤ ਹੀ ਦੁਖ ਨਾਲ ਪੜ੍ਹੀ ਜਾਵੇਗੀ ਕਿ ਬਹੁਤ ਹੀ ਸਤਿਕਾਰਯੋਗ ਸਖਸ਼ੀਅਤ ਮਨਜੀਤ ਸਿੰਘ ਸਿਵੀਆ ਸਪੁੱਤਰ ਸ੍ਰ. ਗੁਰਬਚਨ ਸਿੰਘ ਸਿਵੀਆ ਅਚਾਨਕ ਸਦੀਵੀ ਵਿਛੋੜਾ ਦੇ ਗਏ ਹਨ। ਉਹ ਕਾਫੀ ਲੰਮੇ ਅਰਸੇ ਤੋਂ ਸੈਕਰਾਮੈਂਟੋ ਵਿਖੇ ਰਹਿ ਰਹੇ ਸਨ ਅਤੇ ਉਹਨਾਂ ਪੰਜਾਬ ਵਿਚਲਾ ਜੱਦੀ ਪਿੰਡ ਜ਼ਿਲ੍ਹਾ ਲੁਧਿਆਣਾ ਵਿਚ ਫਤਿਹਗੜ੍ਹ ਸਿਬੀਆ ਹੈ। ਉਹਨਾਂ ਦਾ ਅੰਤਿਮ ਸੰਸਕਾਰ ਮਿਤੀ 7 ਨਵੰਬਰ 2015 ਦਿਨ ਸ਼ਨਿੱਚਰਵਾਰ ਨੂੰ 725 El Camino Ave., Sacramento ਵਿਖੇ ਕੀਤਾ ਜਾਵੇਗਾ ਅਤੇ ਬਾਅਦ ਵਿਚ ਗੁਰਦੁਆਰਾ ਸਾਹਿਬ ਰੋਜ਼ਵਿਲ ਵਿਖੇ ਅੰਤਿਮ ਅਰਦਾਸ ਹੋਵੇਗੀ। ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ੍ਰ. ਕਸ਼ਮੀਰ ਸਿੰਘ ਸਿਬੀਆ ਦੇ ਫੋਨ ਨੰਬਰ 408 210 4971 ਤੇ ਸੰਪਰਕ ਕੀਤਾ ਜਾ ਸਕਦਾ ਹੈ।




ਡਾ. ਇੰਦੂ ਚੌਧਰੀ, ਸੋਸ਼ਲ ਵਰਕਰ, ਪ੍ਰੋਫੈਸਰ ਨੂੰ ਬੀਤੀ 1 ਨਵੰਬਰ ਨੂੰ ਤਾਲਕਟੋਰਾ ਸਟੇਡੀਅਮ ਨਵੀਂ ਦਿੱਲੀ ਵਿਚ ਯੂਥ ਫਾਰ ਬੁਧਿਸਟ ਇੰਡੀਆ ਵੱਲੋਂ ਆਯੋਜਿਤ ਦੂਜੇ ਬੋਧ ਸੰਮੇਲਨ ਅਤੇ ਗੀਤਾਂ ਭਰੀ ਸ਼ਾਮ ਬਾਬਾ ਸਾਹਿਬ ਦੇ ਨਾਮ, ਪ੍ਰੋਗਰਾਮ ਵਿਚ ਧੰਮਭੂਸ਼ਣ ਸਨਮਾਨ ਨਾਲ ਸਨਮਾਨਿਤ ਕਰਨ ਦੇ ਲਈ ਟੀਮ ਯੂਥ ਫਾਰ ਬੁਧਿਸਟ ਇੰਡੀਆ ਨੂੰ ਹਾਰਦਿਕ ਸ਼ੁਭਕਾਮਨਾਵਾਂ।

# ਬਸਪਾ ਪੰਜਾਬ ਤੇ ਯੂਪੀ ਵਿਚ 2017 ਵਿਚ ਸੱਤਾ ਹਾਸਿਲ ਕਰੇਗੀ - ਸ੍ਰੀ ਕਸ਼ਯਪ

## ਯੂਪੀ ਦੀਆਂ ਪੰਚਾਇਤੀ ਚੋਣਾਂ ਦੀ ਤਰ੍ਹਾਂ ਵਿਧਾਨਸਭਾ ਚੋਣਾਂ ਵਿਚ ਵੀ ਦੇਵੇਗੀ ਚੰਗੇ ਨਤੀਜੇ

**ਫਗਵਾੜਾ (ਬੀ ਕੇ ਰੱਤੂ )–** ਬਹੁਜਨ ਸਮਾਜ ਪਾਰਟੀ (ਬਸਪਾ) ਦੀ ਇਕ ਸੂਬਾ ਪੱਧਰੀ ਮੀਟਿੰਗ ਇੱਥੇ ਮੰਗਲਵਾਰ ਨੂੰ ਪਾਰਟੀ ਦਫਤਰ ਵਿਖੇ ਕੀਤੀ ਗਈ। ਇਸ ਵਿਚ ਸੂਬੇ ਭਰ ਤੋਂ ਪਹੁੰਚੇ ਪਾਰਟੀ ਅਹੁਦੇਦਾਰਾਂ ਨੂੰ ਸੰਬੋਧਤ ਕਰਦਿਆਂ ਬਸਪਾ ਦੇ ਰਾਸ਼ਟਰੀ ਜਨਰਲ ਸਕੱਤਰ ਤੇ ਰਾਜਸਭਾ ਮੈਂਬਰ ਸ੍ਰੀ ਨਰਿੰਦਰ ਕਸ਼ਯਪ ਨੇ ਸਭ ਤੋਂ ਪਹਿਲਾਂ ਸਾਰਿਆਂ ਨੂੰ ਉੱਤਰ ਪ੍ਰਦੇਸ਼ ਦੀਆਂ ਪੰਚਾਇਤੀ ਤੇ ਜਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿਚ ਪਾਰਟੀ ਦੀ ਇਕਤਰਫਾ ਜਿੱਤ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਦੇ ਲੋਕਾਂ ਨੇ ਆਰਐਸਐਸ ਭਾਜਪਾ ਤੇ ਸਮਾਜਵਾਦੀ ਪਾਰਟੀ ਦੀ ਨਫਰਤ ਭਰੀ ਰਾਜਨੀਤੀ ਨੂੰ ਨਕਾਰਿਆਂ ਹੈ ਤੇ ਵਿਕਾਸ ਲਈ ਬਸਪਾ ਨੂੰ ਚੁਣਿਆ ਹੈ। ਉਨ੍ਹਾਂ ਕਿਹਾ ਕਿ ਬਸਪਾ ਦੇਸ਼ ਭਰ ਵਿਚ ਸਾਰੇ ਵਰਗਾਂ ਦੇ ਭਲੇ ਲਈ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਯੂਪੀ ਦੀ ਤਰ੍ਹਾਂ ਪੰਜਾਬ ਵਿਚ ਵੀ ਲੋਕ ਬਸਪਾ ਦੇ ਪੱਖ ਵਿਚ ਹੈ ਤੇ 2017 ਵਿਚ ਇਨ੍ਹਾਂ ਦੋਵੇਂ ਸੂਬਿਆਂ ਵਿਚ ਬਸਪਾ ਸੱਤ੍ਹਾ ਹਾਸਿਲ ਕਰੇਗੀ।

ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਬਸਪਾ ਵਲੋਂ ਭਗਵਾਨ ਵਾਲਮੀਕਿ ਜੀ ਦਾ ਪ੍ਰਗਟ ਦਿਵਸ 8 ਨਵੰਬਰ ਨੂੰ ਅੰਮ੍ਰਿਤਸਰ ਸ਼ਹਿਰ ਵਿਚ ਜਹਾਜਗੜ ਵਿਖੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਭਰ ਵਿਚੋਂ ਵੱਡੀ ਗਿਣਤੀ ਵਿਚ ਪਾਰਟੀ ਵਰਕਰ ਤੇ ਸਮਰਥਕ ਇਸ ਵਿਚ ਸ਼ਾਮਲ ਹੋਣਗੇ। ਸ੍ਰੀ ਕਸ਼ਯਪ ਨੇ ਇਹ ਵੀ ਕਿਹਾ ਕਿ ਬਸਪਾ ਵਲੋਂ ਸੂਬੇ ਭਰ ਵਿਚ ਸੰਗਠਨ ਨੂੰ ਵੀ ਜਮੀਨੀ ਪੱਧਰ 'ਤੇ ਮਜਬੂਤ ਕੀਤਾ ਜਾ ਰਿਹਾ ਹੈ ਤੇ ਸਾਰੇ ਵਰਗਾਂ ਦੇ ਲੋਕ ਬਸਪਾ ਨਾਲ ਜੁੜ ਰਹੇ ਹਨ।

# ਗੁਰੂ ਰਵਿਦਾਸ ਸਭਾ ਲਿਸਬਨ (ਪੁਰਤਗਾਲ) ਨੇ ਭਗਵਾਨ ਵਾਲਮੀਕਿ ਜੀ ਦਾ ਪ੍ਰਗਟ ਉਤਸਵ ਮਨਾਇਆ



**ਫਗਵਾੜਾ (ਬੀ ਕੇ ਰੱਤੂ )–** ਸ੍ਰੀ ਗੁਰੂ ਰਵਿਦਾਸ ਸਭਾ ਲਿਸਬਨ ਪੁਰਤਗਾਲ ਵਲੋਂ ਭਗਵਾਨ ਵਾਲਮੀਕਿ ਜੀ ਦਾ ਪ੍ਰਗਟ ਉਤਸਵ ਬੜੀ ਸ਼ਰਧਾ ਅਤੇ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਮੌਕੇ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਬੀਬੀ ਪਰਮਜੀਤ ਕੁਮਾਰੀ, ਪ੍ਰਧਾਨ ਸਤਨਾਮ ਕਲੇਰ, ਸਕੱਤਰ ਪਰਸ ਰਾਮ ਅਤੇ ਸਕੱਤਰ ਕਾਕਾ ਪਵਾਰ ਅਖ ਸਮੂਹ ਸੰਗਤ ਨੂੰ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਅੱਜ ਦੁਨੀਆ ਭਰ ਵਿਚ ਅਰਾਜਕਤਾ ਦਾ ਮਾਹੌਲ ਹੈ ਅਤੇ ਇਸ ਮਾਹੌਲ ਵਿਚ ਭਗਵਾਨ ਵਾਲਮੀਕਿ ਜੀ ਦੀਆਂ ਧਰਮ ਦੇ ਪ੍ਰਤੀ ਸਿੱਖਿਆਵਾਂ ਬਹੁਤ ਸਾਰਥਕ ਅਤੇ ਅਨਮੋਲ ਹਨ। ਧਰਮ ਦੇ ਰਾਹ ਤੇ ਚੱਲ ਕੇ ਹੀ ਸਮੁੱਚੀ ਮਾਨਵਤਾ ਦਾ ਕਲਿਆਣ ਹੋ ਸਕਦਾ ਹੈ। ਉਹਨਾਂ ਸਮੂਹ ਸਮਾਜ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਉੱਚ ਸਿੱਖਿਆ ਦਵਾਉਣ ਤਾਂ ਜੋ ਉਹ ਸੱਚਾਈ ਦੇ ਮਾਰਗ ਤੇ ਚਲਦਿਆਂ ਆਪਣੇ ਸਿੱਖਿਅਕ ਅਤੇ ਬੌਧਿਕ ਗਿਆਨ ਨਾਲ ਮਾਨਵਤਾ ਦਾ ਭਲਾ ਕਰਨ ਵਿਚ ਯੋਗਦਾਨ ਪਾਉਣ ਦੇ ਯੋਗ ਹੋ ਸਕਣ। ਸਭਾ ਦੇ ਮੀਤ ਪ੍ਰਧਾਨ ਸੁਰੇਸ਼ ਕੁਮਾਰ ਬਿੱਟੂ ਨੇ ਸਮੂਹ ਸੰਗਤ ਦਾ ਪਹੁੰਚਣ ਲਈ ਧੰਨਵਾਦ ਕੀਤਾ। ਸਭਾ ਵਲੋਂ ਸਹਿਯੋਗੀਆਂ ਅਤੇ ਦਾਨੀ ਸੱਜਣਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸਹਾਇਕ ਸਕੱਤਰ ਮਦਨ ਲਾਲ, ਵਾਈਸ ਕੈਸ਼ੀਅਰ ਲਖਵਿੰਦਰ ਬਸਰਾ, ਅਵਤਾਰ ਬੰਗੜ, ਗੁਰੂ ਘਰ ਦੇ ਗ੍ਰੰਥੀ ਬ੍ਰਿਜ ਲਾਲ, ਬਲਵੀਰ ਕੁਮਾਰ, ਕਮਲ ਝਮਟ, ਮੀਡੀਆ ਇੰਚਾਰਜ ਦਲਜੀਤ ਗਿੱਲ ਤੇ ਬਲਵੰਤ ਦਤਿ, ਰਾਮ ਬਸਰਾ, ਚਮਨ ਲਾਲ, ਮਨੋਹਰ ਲਾਲ, ਬਿੰਦੀ ਕਲੇਰ, ਮੋਹਨ ਲਾਲ ਦੀਵਾਲੀ, ਗੋਰਵ ਜੈਨ, ਅਜੇ ਕੁਮਾਰ, ਹਰਫੂਲ ਚੰਦ, ਲਾਲੀ ਜਨਾਗਲ, ਦਲਜੀਤ ਜਨਾਗਲ, ਰਵੀ ਬੱਧਣ, ਸ੍ਰੀਮਤੀ ਅਮਰਜੀਤ ਕੌਰ, ਸ਼ੀਲਾ ਦੇਵੀ ਅਤੇ ਸ੍ਰੀਮਤੀ ਭਜਨ ਆਦਿ ਨੇ ਸਮਾਗਮ ਨੂੰ ਸਫਲ ਬਨਾਉਣ ਵਿਚ ਅਹਿਮ ਭੂਮਿਕਾ ਨਿਭਾਈ। ਅੰਤ ਵਿਚ ਆਰਤੀ ਅਰਦਾਸ ਉਪਰੰਤ ਗੁਰੂ ਘਰ ਕਾ ਲੰਗਰ ਅਤੁਟ ਵਰਤਾਇਆ।

# ਵਿਪਸਾਅ ਬੇਅ-ਏਰੀਆ ਯੂਨਿਟ ਦੀ ਮਹੀਨੇਵਾਰ ਬੈਠਕ ’ਚ ਕਵੀ ਇੱਕਵਿੰਦਰ ਢੱਟ ਦਾ ਰੂਬਰੂ ਅਤੇ ਸਨਮਾਨ

**ਫਰੀਮਾਂਟ (ਕੈਲੀਫੋਰਨੀਆ)–** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਕੈਲੀਫੋਰਨੀਆ ਵਲੋਂ ਮਹੀਨੇਵਾਰ ਸਾਹਿਤਕ ਬੈਠਕ ਵਿੱਚ ਭਾਰਤ ਤੋਂ ਆਏ ਕਵੀ ਇੱਕਵਿੰਦਰ ਢੱਟ ਨਾਲ ਵਿਸਥਾਰਿਤ ਸਾਹਿਤਕ ਰੂਬਰੂ ਕੀਤਾ ਗਿਆ ਅਤੇ ਉਪਰੰਤ ਸਨਮਾਨਤ ਕੀਤਾ ਗਿਆ। ਬੈਠਕ ਫ੍ਰੀਮੌਂਟ ਸਥਿਤ ਸਕੂਲ ਕਿਡਾਂਗੋ ਦੇ ਆਡੀਟੋਰੀਅਮ ’ਚ ਹੋਈ ਜਿਸ ਵਿੱਚ ਵਿਪਸਾਅ ਦੇ ਬੇਅ ਏਰੀਆ ਇਕਾਈ ਦੇ ਬਹੁਤ ਸਾਰੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਬੈਠਕ ਦੀ ਪ੍ਰਧਾਨਗੀ ਇੱਕਵਿੰਦਰ ਢੱਟ, ਸੁਖਵਿੰਦਰ ਕੰਬੋਜ਼, ਕਮਲ ਪਾਲ, ਜਸਪਾਲ ਸੂਸ ਅਤੇ ਰੇਸ਼ਮ ਸਿੱਧੂ ਨੇ ਕੀਤੀ।

ਇੱਕਵਿੰਦਰ ਦੀ ਜਾਣ ਪਹਿਚਾਣ ਕਰਾਉਂਦਿਆਂ ਕੁਲਵਿੰਦਰ ਨੇ ਇੱਕਵਿੰਦਰ ਦੇ ਕਈ ਸ਼ੇਅਰਾਂ ਦਾ ਹਵਾਲਾ ਦਿੱਤਾ ਅਤੇ ਅਕਾਦਮੀ ਦੇ ਮੀਤ-ਚੇਅਰਮੈਨ ਦੇ ਤੌਰ ਤੇ ਵੀ ਉਹਨਾਂ ਨੂੰ ਜੀ ਆਇਆਂ ਕਿਹਾ। ਨੀਲਮ ਸੈਣੀ, ਕਮਲ ਪਾਲ ਅਤੇ ਸੁਖਵਿੰਦਰ ਕੰਬੋਜ ਨੇ ਵੀ ਇੱਕਵਿੰਦਰ ਅਤੇ ਉਸਦੀ ਸ਼ਾਇਰੀ ਬਾਰੇ ਆਪਣੇ ਵਿਚਾਰ ਰੱਖੇ। ਵੰਨਗੀ ਵਜੋਂ ਉਹਨਾਂ ਦੇ ਸ਼ੇਅਰ ਦੇਖੋ: ਹਰ ਵਣਜਾਰਨ ਰਾਜ ਕੁਮਾਰੀ ਹੋਏਗੀ, ਸਾਡੇ ਦੌਰ ’ਚ ਰੁੱਤ ਨਿਆਰੀ ਹੋਏਗੀ। ਜਿਸ ਥਾਂ ਸ਼ਹਿਰ ਬਣੇ ਨੇ ਸਾਡੇ ਘਰ ਢਾਹ ਕੇ, ਉਸ ਥਾਂ ਸਾਡੀ ਫੇਰ ਉਸਾਰੀ ਹੋਏਗੀ। ਸਾਡੀ ਹਰਿਕ ਚੀਜ਼ ਤੇ ਹੈ ਅੱਖ ਗਵਾਂਢੀਆਂ ਦੀ, ਸਾਨੂੰ ਤਾਂ ਸਮਝ ਰੱਖਿਆ ਸਭ ਨੇ ਪੰਜਾਬ ਵਾਂਗਰ। ਝੌਂਪੜੀਆਂ ਨੇ ਰੋਣਾ ਏਂ ਬਰਸਾਤਾਂ ਨੂੰ। ਮਹਿਲਾਂ ਨੇ ਖ਼ੁਸ਼ ਹੋਣਾ ਏਂ ਬਰਸਾਤਾਂ ਨੂੰ।

ਇੱਕਵਿੰਦਰ ਪੰਜਾਬੀ ਦੇ ਜਾਣੇ ਪਹਿਚਾਣੇ ਗ਼ਜ਼ਲਗੋ ਹਨ ਜਿਹਨਾਂ



ਨੇ ਸੱਤਰਵਿਆਂ/ਅੱਸਵਿਆਂ ਦੇ ਦਹਾਕੇ ਦੌਰਾਨ ਪੰਜਾਬੀ ਗ਼ਜ਼ਲ ਲਹਿਰ ’ਚ ਸ਼ਾਮਲ ਹੁੰਦਿਆਂ ਗ਼ਜ਼ਲ ਦੀ ਸਿਨਫ਼ ਤੇ ਹੱਥ ਅਜਮਾਉਣਾ ਸ਼ੁਰੂ ਕੀਤਾ ਅਤੇ ਪੰਜਾਬੀ ਬੋਲੀ ਦੀ ਝੋਲੀ ’ਚ ਖ਼ੂਬਸੂਰਤ ਗ਼ਜ਼ਲਾਂ ਪਾਈਆਂ। ਇੱਕਵਿੰਦਰ ਨੇ ਆਪਣੇ ਸਾਹਿਤਕ ਸਫ਼ਰ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਉਹਨਾਂ ਨੂੰ ਸਾਧੂ ਸਿੰਘ ਹਮਦਰਦ ਅਤੇ ਠਾਕੁਰ ਭਾਰਤੀ ਵਰਗੇ ਉਸਤਾਦਾਂ ਦੀ ਸੰਗਤ ਕਰਨ ਦਾ ਅਵਸਰ ਮਿਲਿਆ ਹੈ। ਖਾਸ ਤੌਰ ਤੇ ਠਾਕੁਰ ਭਾਰਤੀ ਤੋਂ ਉਹਨਾਂ ਗ਼ਜ਼ਲ ਦੀਆਂ ਬਾਰੀਕੀਆਂ ਬਾਰੇ ਬਹੁਤ ਕੁੱਝ ਸਿਖਿਆ। ਇੱਕਵਿੰਦਰ ਨੇ ਕਿਹਾ ਕਿ ਉਹਨਾਂ ਨੂੰ ਆਪਣੇ ਮਾਤਾ ਜੀ ਅਤੇ ਦਾਦਾ ਜੀ, ਜੋ ਸਾਹਿਤਕ ਮੱਸ ਰੱਖਣ ਵਾਲੇ ਸਨ, ਤੋਂ ਵੀ ਬਹੁਤ ਪ੍ਰੇਰਣਾ ਮਿਲਦੀ ਰਹੀ ਹੈ। ਇੱਕਵਿੰਦਰ ਦੀ ਮੌਲਿਕ ਗ਼ਜ਼ਲਾਂ ਦੀ ਕਿਤਾਬ “ਪਾਣੀ ਮੈਲਾ, ਮਿੱਟੀ ਗੋਰੀ” ਕਾਫੀ ਸਾਲ ਪਹਿਲਾਂ ਆ ਚੁੱਕੀ ਹੈ। ਪਿੱਛੇ ਜਿਹੇ ਉਹਨਾਂ ਦੁਆਰਾ ਸੰਪਾਦਿਤ “ਅੰਬ ਦੁਸਹਿਰੀ ਚੂਪਣ ਆਇਓ!” ਵੀ ਛਪ ਕੇ ਆਈ ਹੈ, ਜਿਸ ਵਿੱਚ ਹੁਸ਼ਿਆਰਪੁਰ ਦੁਆਬੇ ਨਾਲ ਸਬੰਧਤ ਸੌ ਤੋਂ ਵੱਧ ਸ਼ਾਇਰਾਂ ਦਾ ਕਲਾਮ ਸ਼ਾਮਲ ਹੈ। ਇੱਕਵਿੰਦਰ ਨੇ ਆਪਣੀਆਂ ਕੁੱਝ ਗ਼ਜ਼ਲਾਂ ਸੁਣਾਕੇ ਦਾਦ ਲਈ।

ਅਕਾਡਮੀ ਮੈਂਬਰਾਂ ਵਲੋਂ ਇੱਕਵਿੰਦਰ ਢੱਟ ਨੂੰ ਲੋਈ ਦੇ ਕੇ ਉਹਨਾਂ ਦੀਆਂ ਪੰਜਾਬੀ ਬੋਲੀ ਅਤੇ ਸਾਹਿਤ ਪ੍ਰਤੀ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਇੱਕਵਿੰਦਰ ਨੇ ਅਕਾਦਮੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਨੂੰ ਅਕਾਦਮੀ ਦੇ ਸਾਹਿਤਕਾਰਾਂ ਵਿੱਚ ਬੈਠ ਕੇ ਬਹੁਤ ਆਪਣਾਪਨ ਮਹਿਸੂਸ ਹੁੰਦਾ ਹੈ। ਕਵੀ ਦਰਬਾਰ ਵਿੱਚ ਇੱਕਵਿੰਦਰ, ਕਮਲ ਦੇਵ ਪਾਲ, ਸੁਖਵਿੰਦਰ ਕੰਬੋਜ, ਕੁਲਵਿੰਦਰ, ਨੀਲਮ ਸੈਣੀ, ਪ੍ਰਿੰਸੀਪਲ ਹਜ਼ੂਰਾ ਸਿੰਘ, ਅਰਚਨਾ ਪਾਂਡੇ, ਸੁਖਦੇਵ ਸਾਹਿਲ, ਜਸਪਾਲ ਸੂਸ, ਰੇਸ਼ਮ, ਨੰਨੂ ਸਹੋਤਾ, ਤਾਰਾ ਸਿੰਘ ਸਾਗਰ, ਅਮਰਜੀਤ ਜੌਹਲ, ਜਗਜੀਤ ਨੌਸ਼ਹਿਰਵੀ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ।

ਉਸਤਾਦ ਗਾਇਕ ਸੁਖਦੇਵ ਸਾਹਿਲ ਨੇ ਸੂਫ਼ੀ ਕਲਾਮ ਗਾਅ ਕੇ ਆਪਣੀ ਹਾਜ਼ਰੀ ਲਵਾਈ। ਬਲਜਿੰਦਰ ਢਿੱਲੋਂ, ਮਿਸਿਜ਼ ਢਿੱਲੋਂ, ਅਤੇ ਗੁਰਦੀਪ ਸਿੰਘ ਨੇ ਵੀ ਸਾਹਿਤਕ ਗੱਲਬਾਤ ਵਿੱਚ ਹਿੱਸਾ ਲਿਆ। ਅਕਾਦਮੀ ਵਲੋਂ ਸਾਲ ਦੇ ਅੰਤ ਤੱਕ ਬੇਅ ਏਰੀਆ ਵਿੱਚ ਇੱਕ ਸੰਗੀਤਕ ਤੇ ਸਾਹਿਤਕ ਸ਼ਾਮ ਮਨਾਈ ਜਾਏਗੀ ਜਿਸ ਵਿੱਚ ਉੱਘੇ ਲੇਖਕ ਜਸਵਿੰਦਰ ਹੋਰਾਂ ਨੂੰ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਏਗਾ। ਅਕਾਦਮੀ ਦੇ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਨਵੰਬਰ 29 ਨੂੰ ਫਰਿਜ਼ਨੋ ਵਿੱਚ ਹੋਣ ਵਾਲੇ ਅਕਾਦਮੀ ਦੇ ਸਾਲਾਨਾ ਪ੍ਰੋਗਰਾਮ ਬਾਰੇ ਵੀ ਜਾਣਕਾਰੀ ਦਿੱਤੀ। ਸਾਲਾਨਾ ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਅਕਾਦਮੀ ਜਰਨਲ ਸਕੱਤਰ ਹਰਜਿੰਦਰ ਕੰਗ ਨਾਲ (559)-917-4890 ਤੇ ਰਾਬਤਾ ਕੀਤਾ ਜਾ ਸਕਦਾ ਹੈ।

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਭਾਰਤੀ ਸਾਹਿਤਕਾਰਾਂ ਉਪਰ ਹਮਲਿਆਂ ਦੀ ਨਿੰਦਾ

**ਸਟਾਕਟਨ– (ਹਰਜਿੰਦਰ ਪੰਧੇਰ)** ਪਿਛਲੇ ਐਤਵਾਰ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਸਟਾਕਟਨ ਯੂਨਿਟ) ਦੀ ‘ਰਾਇਲ ਪੀਜ਼ਾ ਲੈਥਰੋਪ’ ਵਿਖੇ ਹੋਈ ਇਕ ਵਿਸ਼ੇਸ਼ ਬੈਠਕ ਵਿਚ ਫਾਸ਼ੀਵਾਦ ਤੱਤਾਂ ਵਲੋਂ ਭਾਰਤ ਵਿਚ ਲਿਖਣ, ਬੋਲਣ, ਪੜ੍ਹਨ ਅਰਥਾਤ ਵਿਚਾਰ ਪ੍ਰਗਟਾਵੇ ਦੀ ਅਜ਼ਾਦੀ ਦਾ ਗਲਾ ਘੁੱਟਣ ਅਤੇ ਸਾਹਿਤਕਾਰਾਂ ਉਪਰ ਕੀਤੇ ਕਾਤਲਾਨਾ ਹਮਲਿਆਂ ਦੀ ਨਿੰਦਾ ਕੀਤੀ ਗਈ। ਇਸ ਦੇ ਪ੍ਰਤੀਰੋਸ ਵਜੋਂ ਪੰਜਾਹ ਦੇ ਕਰੀਬ ਸਾਹਿਤਕਾਰਾਂ ਵਲੋਂ ਸਾਹਿਤ ਅਕਾਦਮੀ ਇਨਾਮ ਵਾਪਸ ਕਰਨ ਦੀ ਕਾਰਵਾਈ ਦੀ ਭਰਪੂਰ ਸ਼ਲਾਘਾ ਅਤੇ ਸਮਰਥਨ ਕੀਤਾ ਗਿਆ। ਇਸ ਬੈਠਕ ਵਿਚ ਪ੍ਰੋ. ਹਰਭਜਨ ਸਿੰਘ, ਹਰਜਿੰਦਰ ਪੰਧੇਰ, ਪ੍ਰਿੰਸੀਪਲ ਹਰਨੇਕ ਸਿੰਘ, ਮਨਦੀਪ ਗੋਰਾ, ਹਰਜੀਤ ਹਠੂਰ, ਮਨਜੀਤ ਕੌਰ ਸੇਖੋਂ, ਪਰਮਜੀਤ ਸਿੰਘ, ਰੇਣੂ ਸਿੰਘ, ਬੀਨਾ ਸਾਗਰ, ਮਨਜੀਤ ਕੌਰ ਸੰਧੂ, ਤਾਰਾ ਸਿੰਘ ਸਾਗਰ ਆਦਿ ਲੇਖਕਾਂ ਨੇ ਹਿੱਸਾ ਲਿਆ।

ਇਸ ਬੈਠਕ ਵਿਚ ਖੁੱਲ੍ਹੇ ਵਿਚਾਰ ਵਟਾਂਦਰੇ ਤੋਂ ਮਗਰੋਂ ਸਰਵ-ਸੰਮਤੀ ਨਾਲ ਇਹ ਮਤਾ ਪਾਸ ਕੀਤਾ ਗਿਆ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਭਾਰਤ ਦੀ ਧਰਤੀ ਉਤੇ ਹਿੰਦੂ ਫਾਸ਼ੀਵਾਦੀ ਤੱਤਾਂ ਵਲੋਂ, ਨਾਪਾਕ ਫਿਰਕੂ ਇਰਾਦਿਆਂ ਤਹਿਤ ਤਰਕਸ਼ੀਲ ਲੇਖਕਾਂ, ਕਲਾਕਾਰਾਂ, ਚਿਤਰਕਾਰਾਂ ਅਤੇ ਹੋਰ ਲੋਕ ਪੱਖੀ ਅਵਾਜ਼ ਉਠਾਉਣ ਵਾਲਿਆਂ ਉਪਰ ਕੀਤੇ ਵਹਿਸ਼ੀਆਨਾਂ ਹਮਲਿਆਂ ਦੀ ਪੁਰਜ਼ੋਰ ਨਖੇਧੀ ਕਰਦੀ ਹੈ।

ਅਜੇਹੇ ਧੌਂਸਭਰੇ ਕਾਰਨਾਮੇ ਭਾਵੇਂ ਐਮ ਐਮ ਕੁਲਬਰਗੀ, ਡਾ. ਨਰਿੰਦਰ ਦਾਭੋਲਕਰ ਅਤੇ ਗੋਬਿੰਦ ਪਨਸਾਰੇ ਦੀ ਕਰੂਰ ਹੱਤਿਆ ਦੇ ਹੋਣ; ਸੁਧੇਂਦਰ ਕੁਲਕਰਨੀ ਵਰਗੇ ਬੁਧੀਜੀਵੀ ਦੇ ਮੂੰਹ ਤੇ ਕਾਲਖ ਪੋਤਣ ਵਾਲੇ ਜਾਂ ਅਸਹਿਮਤੀ ਵਾਲੀ ਕਿਸੇ ਵੀ ਹੋਰ ਅਵਾਜ਼ ਨੂੰ ਦਬਾਉਣ ਵਾਲੇ ਹੋਣ, ਹਮੇਸ਼ਾ ਨਿੰਦਨ ਯੋਗ ਹੁੰਦੇ ਹਨ। ਇਨ੍ਹਾਂ ਕਾਰਿਆਂ ਦੇ ਵਿਰੁੱਧ ਰੋਸ ਵਜੋਂ ਇਨਾਮ ਵਾਪਸੀ ਲਈ ਪਹਿਲ ਕਰਨ ਵਾਲੇ ਸਾਡੇ ਦੇਸ਼ ਦੇ ਸਤਿਕਾਰਤ ਲੇਖਕਾਂ; ਜਿਨ੍ਹਾਂ ਵਿਚ ਨੈਣਤਾਰਾ ਸਹਿਗਲ, ਉਦੈ ਪ੍ਰਕਾਸ਼ ਅਤੇ ਗੁਰਬਚਨ ਭੁੱਲਰ ਸ਼ਾਮਲ ਹਨ; ਨੂੰ ਅਸੀਂ ਸਲਾਮ ਕਰਦੇ ਹਾਂ।

ਇਨਾਮ ਵਾਪਸ ਕਰਨ ਵਾਲੇ ਹੋਰ ਸਾਰੇ ਸਾਹਿਤਕਾਰਾਂ ਦਾ ਵੀ ਅਸੀਂ ਤਹਿ ਦਿਲੋਂ ਸਤਿਕਾਰ ਤੇ ਮਾਣ ਕਰਦੇ ਹਾਂ, ਜਿਨ੍ਹਾਂ ਨੂੰ ਇਸ ਰੋਸ ਨੂੰ ਇਕ ਲਹਿਰ ਬਣਾਉਣ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਅਸੀਂ ਸਮੇਂ ਦੀ ਸਰਕਾਰ ਤੋਂ ਇਹ ਮੰਗ ਵੀ ਕਰਦੇ ਹਾਂ ਕਿ ਉਹ ਫਿਰਕੂ ਭਾਵਨਾਵਾਂ ਤੋਂ ਉਪਰ ਉੱਠ ਕੇ, ਫਾਸ਼ੀਵਾਦੀ ਤੱਤਾਂ ਨੂੰ ਆਪਣੀ ਬੁੱਕਲ ਵਿਚ ਲਕਾਉਣ ਦੀ ਬਜਾਇ; ਗੈਰ-ਜਿੰਮੇਂਦਾਰਨਾ ਬਿਆਨ ਬਾਜ਼ੀ ਤੋਂ ਗੁਰੇਜ਼ ਕਰ ਕੇ; ਲੇਖਕਾਂ ਦੀਆਂ ਹੱਤਿਆਵਾਂ ਦੀ ਨਿਰਪੱਖ ਨਿਆਂਇਕ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰੇ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਨੂੰ ਬਹਾਲ ਕਰਕੇ ਭਾਰਤੀ ਸੰਵਿਧਾਨ ਨੂੰ ਲਾਗੂ ਕਰਨ ਪ੍ਰਤੀ ਆਪਣਾ ਬਣਦਾ ਫਰਜ਼ ਨਿਭਾਵੇ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਭਾਸ਼ਾਵਾਂ ਅਤੇ ਧਰਮਾਂ ਦੀਆਂ ਹੱਦਬੰਦੀਆਂ ਤੋਂ ਮੁਕਤ ਸਮੂਹ ਸੰਵੇਦਨਸ਼ੀਲ, ਜਮਹੂਰੀਅਤ ਪਸੰਦ ਅਤੇ ਨਿਆਂਸ਼ੀਲ ਵਿਚਾਰਾਂ ਵਾਲੇ ਵਿਅਕਤੀਆਂ, ਵਿਦਵਾਨਾਂ ਅਤੇ ਲੇਖਕਾਂ ਨੂੰ ਪੂਰਬ ਤੋਂ ਪੱਛਮ ਤੀਕ ਇਕ ਸਾਂਝੇ ਮੁਹਾਜ਼ ਤੇ ਇਕਠੇ ਹੋਣ ਦੀ ਪੁਰਜ਼ੋਰ ਅਪੀਲ ਕਰਦੀ ਹੈ ਤਾਂ ਕਿ ਸਮਾਂ ਰਹਿੰਦਿਆਂ ਇਸ ਨਕਾਰਆਤਮਕ ਸੋਚ ਦੀ ਸਿਰੀ ਫੇਹੀ ਜਾ ਸਕੇ ਅਤੇ ਲਿਖਣ, ਬੋਲਣ ਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉਪਰ ਹੋ ਰਹੇ ਹਰ ਪ੍ਰਕਾਰ ਦੇ ਹਮਲਿਆਂ ਨੂੰ ਰੋਕਿਆ ਜਾ ਸਕੇ।

# ਉਚ ਵਰਗ ਦਾ ਮਹੱਤਵਪੂਰਨ ਦਫਤਰਾਂ ਵਿਚ ਕਬਜ਼ਾ ਅਤੇ ਹੋਰ ਜਾਤੀਆਂ ਦੀ ਦੁਰਦਸ਼ਾ

ਰਾਸ਼ਟਰਪਤੀ ਸਕੱਤਰੇਤ ਵਿਚ 49 ਅਹੁਦੇ ਹਨ, ਜਿਹਨਾਂ ਵਿਚੋਂ 45 ਸਵਰਣਾਂ ਦੇ ਕੋਲ ਹਨ, ਜਦਕਿ ਅਨੁਸੂਚਿਤ ਜਾਤੀ ਦੇ 11 ਰਿਜ਼ਰਵ ਅਹੁਦਿਆਂ ਵਿਚੋਂ ਸਿਰਫ 4 ਹਨ।

ਉਪ ਰਾਸ਼ਟਰਪਤੀ ਸਕੱਤਰੇਤ ਵਿਚ 7 ਅਹੁਦੇ ਸਵਰਨਾਂ ਦੇ ਅਤੇ 2 ਅਨੁਸੂਚਿਤ ਜਾਤੀਆਂ ਦੇ ਹਨ।

ਕੈਬਨਿਟ ਮੰਤਰੀ ਸਕੱਤਰੇਤ ਵਿਚ 20 ਅਹੁਦੇ ਹਨ, ਜਿਹਨਾਂ ਵਿਚੋਂ 19 ਸਵਰਣਾਂ ਕੋਲ ਅਤੇ 1 ਅਨੁਸੂਚਿਤ ਜਾਤੀ ਦੇ ਹਨ।

ਪ੍ਰਧਾਨ ਮੰਤਰੀ ਸਕੱਤਰੇਤ ਵਿਚ ਕੁੱਲ 35 ਅਹੁਦੇ ਹਨ ਜਿਹਨਾਂ ਵਿਚੋਂ 33 ਸਵਰਣਾਂ ਦੇ ਅਤੇ 2 ਅਨੁਸੂਚਿਤ ਜਾਤੀਆਂ ਕੋਲ ਹਨ।

ਖੇਤੀ ਅਤੇ ਸਿੰਚਾਈ ਮੰਤਰਾਲਾ 383 ਅਹੁਦੇ, ਜਿਹਨਾਂ ਵਿਚੋਂ 259 ਸਵਰਣਾਂ ਕੋਲ ਅਤੇ ਸਿਰਫ 15 ਅਨੁਸੂਚਿਤ ਜਾਤੀਆਂ ਦੇ ਮੁਲਾਜ਼ਮਾਂ ਕੋਲ ਹਨ।

ਸੁਰੱਖਿਆ ਮੰਤਰਾਲਾ ਵਿਚ 1390 ਅਹੁਦੇ ਹਨ, ਜਿਹਨਾਂ ਵਿਚੋਂ 1331 ਸਵਰਣਾਂ ਕੋਲ ਅਤੇ ਸਿਰਫ 48 ਅਨੁਸੂਚਿਤ ਜਾਤੀਆਂ ਕੋਲ ਹਨ।

ਸਮਾਜ ਕਲਿਆਣ ਅਤੇ ਹੈਲਥ ਮੰਤਰਾਲੇ ਵਿਚ 217 ਕਰਮਚਾਰੀ ਹਨ ਜਿਹਨਾਂ ਵਿਚੋਂ 192 ਸਵਰਣਾਂ ਕੋਲ ਅਤੇ 19 ਅਨੁਸੂਚਿਤ ਜਾਤੀਆਂ ਕੋਲ ਹਨ।

ਵਿੱਤ ਮੰਤਰਾਲੇ ਵਿਚ 1008 ਅਹੁਦੇ ਹਨ, ਜਿਹਨਾਂ ਵਿਚੋਂ 942 ਸਵਰਣਾਂ ਕੋਲ ਅਤੇ 66 ਅਨੁਸੂਚਿਤ ਜਾਤੀਆਂ ਕੋਲ ਹਨ।





26 ਅਕਤੂਬਰ ਨੂੰ ਪਟਿਆਲਾ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਨੇੜਿਉਂ ਲੰਘਦਾ ਨਗਰ ਕੀਰਤਨ। ਇਹ ਨਗਰ ਕੀਰਤਨ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਕੌਮੀ ਜਾਗਰੂਕਤਾ ਦੇ ਮੱਦੇਨਜ਼ਰ ਕੱਢਿਆ ਗਿਆ। (ਤਸਵੀਰਾਂ : ਪ੍ਰੇਮ ਕੁਮਾਰ ਚੁੰਬਰ)

# ਸਰਕਾਰੀ ਸੀਨੀਅਰ ਸੰਕੈਂਡਰੀ ਸਕੂਲ ਜੈਤੋਸਰਜਾ ਵਿਖੇ ਮਨਾਇਆ ਦਾਦਾ ਦਾਦੀ ਦਿਵਸ

**ਬਟਾਲਾ (ਬਰਨਾਲ)–**ਸਮਾਜ ਵਿਚ ਆਪਣੇ ਵਡੇਰਿਆਂ ਦੇ ਸਤਿਕਾਰ ਨੂੰ ਕਾਇਮ ਰੱਖਣ ਵਾਸਤੇ ਆਮ ਹੀ ਸਭਾਵਾਂ ਕੀਤੀਆਂ ਜਾਦੀਆਂ ਹਨ



ਤੇ ਲੈਕਚਰ ਦਿਤੇ ਜਾਦੇ ਹਨ, ਪਰ ਜਿੰਨਾ ਚਿਰ ਬੱਚਿਆਂ ਦੇ ਸਾਹਮਣੇ ਕੋਈ ਮਿਸਾਲ ਪੇਸ਼ ਨਹੀਂ ਕੀਤੀ ਜਾਦੀ ਉਨਾ ਚਿਰ ਵਿਦਿਆਰਥੀਆਂ ਉਪਰ ਕੋਈ ਅਸਰ ਨਹੀ ਹੁੰਦਾ । ਇਸੇ ਹੀ ਵਿਚਾਰ ਤੇ ਸਮਾਜਿਕ ਸਮੱਸਿਆ ਨੂੰ ਵਿਦਿਆਰਥੀਆਂ ਤੇ ਸਮਾਜ ਵਿਚ ਪਹੁੰਚਾਉਣ ਦੇ ਮਕਸਦ ਨਾਲ ਸਰਕਾਰੀ ਸੀਨੀਅਰ ਸੰਕੈਂਡਰੀ ਸਕੂਲ ਜੈਤੋਸਰਜਾ (ਗੁਰਦਾਸਪੁਰ) ਵਿਖੇ ਪ੍ਰਿੰਸੀਪਲ ਜਸਬੀਰ ਕੌਰ ਮਹਿਤਾ ਦੀ ਸਰਪ੍ਰਸਤੀ ਹੇਠ ਦਾਦਾ ਦਾਦੀ ਦਿਵਸ ਮਨਾਇਆ ਗਿਆ। ਇਸ ਸਮਾਗਮ ਵਿਚ ਵਿਦਿਆਰਥੀਆਂ ਨੂੰ ਆਪਣੇ ਦਾਦਾ ਦਾਦੀਆਂ ਨੂੰ ਲਿਆਉਣ ਵਾਸਤੇ ਪ੍ਰੇਰਤ ਕੀਤਾ ਗਿਆ ਸੀ। ਭਾਰੀ ਗਿਣਤੀ ਵਿਚ ਬੱਚਿਆਂ ਦੇ ਦਾਦਾ ਸਕੂਲ ਵਿਖੇ ਪਹੁੰਚੇ, ਇਸ ਮੌਕੇ ਦਾਦੇ ਦਾਦੀਆਂ ਦੇ ਗਿੱਧਾ, ਭੰਗੜੇ,ਵਧੀਆ ਬੁਲਾਰੇ, ਤੇ ਗੁਬਾਰੇ ਫੁਲਾਉਣ ਦੇ ਮੁਕਾਬਲੇ ਕਰਵਾਏ। ਜੇਤੂ ਦਾਦੇ ਦਾਦੀਆਂ ਨੂੰ ਕੰਬਲ ਦੇ ਕੇ ਸਨਾਮਨਤ ਕੀਤਾ ਗਿਆ। ਸਕੂਲ ਵਿਖੇ ਰੌਚਕਤਾ ਭਰਭੂਰ ਮੁਕਾਬਲਿਆਂ ਨੂੰ ਬਜੁਰਗਾਂ ਵੱਲੋਂ ਸਲਾਹਿਆ ਗਿਆ ਤੇ ਭਵਿੱਖ ਵਿਚ ਵੀ ਅਜਿਹੇ ਮੁਕਾਬਲੇ ਕਰਵਾਉਣ ਦੀ ਸਲਾਹ ਦਿਤੀ ਗਈ। ਇਸ ਮੌਕੇ ਸਕੂਲ ਪ੍ਰਿੰਸੀਪਲ ਸ੍ਰੀ ਮਤੀ ਜਸਬੀਰ ਕੌਰ ਨੇ ਆਪਣੇ ਵਿਚਾਰਾਂ ਵਿਚ ਦੱਸਿਆ ਸਾਨੂੰ ਸਾਰਿਆਂ ਨੂੰ ਆਪਣੇ ਮਾਤਾ ਪਿਤਾ, ਦਾਦਾ ਦਾਦੀ ਦਾ ਸਤਿਕਾਰ ਕਰਨਾ ਚਾਹੀਦਾ ਹੈ ਤਾਂ ਭਵਿੱਖ ਵਿਚ ਵੀ ਬਜੁਰਗਾਂ ਦਾ ਸਤਿਕਾਰ ਹੋਵੇਗਾ। ਇਸ ਮੌਕੇ ਸਕੂਲ ਵਿਚ ਪਹੁੰਚੇ ਬੱਚਿਆਂ ਦੇ ਮਾਤਾ ਪਿਤਾ ਨੂੰ ਚਾਹ ਆਦਿ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਸਕੂਲ ਸਟਾਫ ਮੈਬਰਾ ਵਿਚ ਸ੍ਰੀ ਸਾਮ ਕੁਮਾਰ ਪਰਾਸਰ,ਸੰਪੂਰਨ ਸਿੰਘ, ਸੁਖਦੇਵ ਸਿੰਘ, ਗੁਰਭੇਜ ਸਿੰਘ, ਹਰਪ੍ਰੀਤ ਸਿਘ, ਨੀਰੂ ਬਾਲਾ, ਪਰਦੀਪ ਕੌਰ, ਸੁਖਵੀਰ ਕੌਰ, ਮਨਦੀਪ ਕੌਰ , ਮਨਪ੍ਰੀਤ ਕੌਰ, ਹਰਜਿੰਦਰ ਕੌਰ, ਰਜਿੰਦਰ ਸਿੰਘ, ਨੀਲਮ , ਵਨੀਤਾ ਠੁਕਾਰ, ਲਵਲੀ ਸੰਦਲ, ਪਰਮਜੀਤ ਕੌਰ,ਰਜਵੰਤ ਕੌਰ ਤੇ ਸਤਵਿੰਦਰ ਬਾਲਾ ਹਿੰਦੀ ਮਿਸਟ੍ਰੈਸ ਸਾਮਲ ਸਨ।

# ਭਾਜਪਾ ਸਰਕਾਰ ਵੱਲੋਂ ਖੇਮਕਾ ਖ਼ਿਲਾਫ਼ ਚਾਰਜਸ਼ੀਟ ਵਾਪਸ

**ਚੰਡੀਗੜ੍ਹ–** ਚਰਚਿਤ ਆਈ.ਏ.ਐਸ. ਅਧਿਕਾਰੀ ਅਸ਼ੋਕ ਖੇਮਕਾ ਖ਼ਿਲਾਫ਼ ਹਰਿਆਣਾ ਦੀ ਭਾਜਪਾ ਸਰਕਾਰ ਨੇ ਇਕ ਸਾਲ ਤੋਂ ਵੱਧ ਸਮੇਂ ਬਾਅਦ ਚਾਰਜਸ਼ੀਟ ਵਾਪਸ ਲੈ ਲਈ ਹੈ। ਉਨ੍ਹਾਂ ਨੂੰ ਹਰਿਆਣਾ ਦੀ ਪਿਛਲੀ ਕਾਂਗਰਸ ਸਰਕਾਰ ਨੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦੇ ਜਵਾਈ ਰਾਬਰਟ ਵਾਡਰਾ ਅਤੇ ਡੀ.ਐਲ.ਐਫ. ਵਿਚਾਲੇ ਜ਼ਮੀਨ ਦੇ ਇਕ ਸੌਦੇ ਦਾ ਇੰਤਕਾਲ ਰੱਦ ਕਰਨ ਕਰਕੇ ਚਾਰਜਸ਼ੀਟ ਕੀਤਾ ਸੀ।

ਇਸ ਸੌਦੇ ਨੂੰ ਰੱਦ ਕਰਨ ਬਾਅਦ ਸ੍ਰੀ ਖੇਮਕਾ ਸੁਰਖੀਆਂ ’ਚ ਆ ਗਏ ਸਨ। ਉਨ੍ਹਾਂ ਵਿਰੁੱਧ ਤਿੰਨ ਉਚ ਅਧਿਕਾਰੀ ਦੀ ਕਮੇਟੀ ਬਣਾ ਕੇ ਜਾਂਚ ਕਰਵਾਈ ਸੀ ਤੇ ਇਸ ਕਮੇਟੀ ਨੇ ਉਨ੍ਹਾਂ ਵਿਰੁੱਧ ਛੇ ਦੋਸ਼ ਲਾਏ ਸਨ। ਇਸ ਕਮੇਟੀ ਨੇ ਇੰਤਕਾਲ ਰੱਦ ਕਰਨ ਦੇ ਫੈਸਲੇ ਨੂੰ ਗਲਤ ਕਰਾਰ ਦਿੱਤਾ ਸੀ। ਭਾਜਪਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਾਡਰਾ ਦੇ ਜ਼ਮੀਨ ਸੌਦੇ ਨੂੰ ਪਹਿਲਾਂ ਲੋਕ ਸਭਾ ਚੋਣਾਂ ਅਤੇ ਬਾਅਦ ’ਚ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਵੱਡੇ ਪੱਧਰ ’ਤੇ ਉਭਾਰਿਆ ਸੀ। ਇਸ ਕਾਰਨ ਆਸ ਸੀ ਕਿ ਭਾਜਪਾ ਸਰਕਾਰ ਬਣਨ ਬਾਅਦ ਚਾਰਜਸ਼ੀਟ ਵਾਪਸ ਲੈ ਲਈ ਜਾਵੇਗੀ ਪਰ ਇਸ ਅਧਿਕਾਰੀ ਨੂੰ ਚਾਰਜਸ਼ੀਟ ਵਾਪਸ ਕਰਵਾਉਣ ਲਈ ਲਗਾਤਾਰ ਯਤਨ ਕਰਨੇ ਪਏ।

ਇਸ ਕਾਰਨ ਉਹ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਮਿਲੇ ਅਤੇ ਸਾਰੀ ਸਥਿਤੀ ਸਪੱਸ਼ਟ ਕੀਤੀ ਸੀ। ਇਸ ਚਾਰਜਸ਼ੀਟ ਕਾਰਨ ਉਹ ਕੇਂਦਰ ਸਰਕਾਰ ਵਿੱਚ ਨਹੀਂ ਜਾ ਸਕੇ।

ਸ੍ਰੀ ਖੇਮਕਾ ਹਰੇਕ ਸਰਕਾਰ ਵਿੱਚ ਹੀ ਵਿਵਾਦਤ ਰਹੇ ਹਨ। ਉਨ੍ਹਾਂ ਦੀ ਪੰਜਾਹ ਸਾਲ ਦੇ ਕਰੀਬ ਉਮਰ ਹੈ ਅਤੇ ਉਨ੍ਹਾਂ ਦੀ ਹੁਣ ਤਕ 46 ਵਾਰ ਬਦਲੀ ਹੋ ਚੁੱਕੀ ਹੈ। ਭਾਜਪਾ ਨੇ ਸੱਤਾ ਵਿੱਚ ਆਉਣ ਬਾਅਦ ਉਨ੍ਹਾਂ ਨੂੰ ਟਰਾਂਸਪੋਰਟ ਵਿਭਾਗ ਦਾ ਕਮਿਸ਼ਨਰ ਲਾਇਆ ਸੀ ਪਰ ਕੁਝ ਮਾਮਲਿਆਂ ਨੂੰ ਲੈ ਕੇ ਉਨ੍ਹਾਂ ਦਾ ਸੂਬੇ ਦੇ ਸਿੱਖਿਆ ਤੇ ਟਰਾਂਸਪੋਰਟ ਮੰਤਰੀ ਰਾਮ ਬਿਲਾਸ ਸ਼ਰਮਾ ਨਾਲ ਟਕਰਾ ਹੋ ਗਿਆ ਸੀ ਅਤੇ ਰਾਜ ਸਰਕਾਰ ਨੇ ਉਨ੍ਹਾਂ ਨੂੰ ਬਦਲ ਕੇ ਮੁੜ ਉਸੇ ਘੱਟ ਮਹੱਤਵ ਵਾਲੇ ਪੁਰਾਤੱਤਵ ਵਿਭਾਗ ਵਿੱਚ ਭੇਜ ਦਿੱਤਾ ਸੀ, ਜਿਸ ਵਿੱਚ ਪਿਛਲੀ ਕਾਂਗਰਸ ਸਰਕਾਰ ਨੇ ਭੇਜਿਆ ਸੀ।

ਇਸ ਬਦਲੀ ਬਾਅਦ ਭਾਜਪਾ ਸਰਕਾਰ ਸਵਾਲਾਂ ਦੇ ਘੇਰੇ ਵਿੱਚ ਆ ਗਈ ਸੀ ਪਰ ਮੁੱਖ ਮੰਤਰੀ ਨੇ ਇਹ ਕਹਿ ਕੇ ਆਪਣਾ ਪੱਖ ਪੇਸ਼ ਕੀਤਾ ਸੀ ਕਿ ਅਧਿਕਾਰੀਆਂ ਕੋਲੋਂ ਯੋਗਤਾ ਅਨੁਸਾਰ ਹੀ ਕੰਮ ਲਿਆ ਜਾਂਦਾ ਹੈ।

ਜਦੋਂ ਉਨ੍ਹਾਂ ਨੂੰ ਟਰਾਂਸਪੋਰਟ ਵਿਭਾਗ ਤੋਂ ਬਦਲਿਆ ਗਿਆ ਤਾਂ ਸਿਹਤ ਮੰਤਰੀ ਅਨਿਲ ਵਿੱਜ ਨੇ ਖੇਮਕਾ ਦਾ ਸਾਥ ਦਿੰਦਿਆ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਖੇਮਕਾ ਨੂੰ ਉਨ੍ਹਾਂ ਦੇ ਵਿਭਾਗ ਵਿੱਚ ਭੇਜ ਦਿੱਤਾ ਜਾਵੇ ਪਰ ਸਰਕਾਰ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ ਸੀ।

# ਪ੍ਰਬੁੱਧ ਭਾਰਤ ਫਾਊਂਡੇਸ਼ਨ ਵਲੋਂ ਕਰਵਾਈ ਗਈ ਸਵਾਲ-ਜਵਾਬ ਪ੍ਰਤੀਯੋਗਤਾ





**ਫਗਵਾੜਾ–** ਪ੍ਰਬੁੱਧ ਭਾਰਤ ਫਾਊਂਡੇਸ਼ਨ ਫਗਵਾੜਾ ਦੀ ਅਗਵਾਈ ਵਿੱਚ 9 ਅਗਸਤ 2015 ਨੂੰ ਪੰਜਾਬ ਪੱਧਰ ਤੇ ਕਰਵਾਈ ਗਈ ਲਿਖਤੀ ਪ੍ਰੀਖਿਆ ਵਿੱਚ 165 ਸੈਂਟਰਾਂ ਤੇ 15,354 ਪ੍ਰਤੀਯੋਗੀਆਂ ਨੇ ਹਿੱਸਾ ਲਿਆ ਸੀ ਜਿਸਦੇ ਨਤੀਜੇ 4 ਅਕਤੂਬਰ 2015 ਨੂੰ ਐਲਾਨੇ ਗਏ। ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ 1.75 ਲੱਖ ਰੁਪਏ ਦੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਪ੍ਰਤੀਯੋਗਤਾ 'ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਭਾਰਤ ਦਾ ਸੰਵਿਧਾਨ' ਵਿਸ਼ੇ ਉੱਤੇ ਫਾਊਂਡੇਸ਼ਨ ਵਲੋਂ ਵਿਸ਼ੇਸ਼ ਤੌਰ ਤੇ ਤਿਆਰ ਕਰਵਾਈ ਗਈ ਪੁਸਤਕ ਤੇ ਹੋਈ ਸੀ। ਇਸ ਦਾ ਮੰਤਵ ਆਉਣ ਵਾਲੀ ਪੀੜ੍ਹੀ ਵਿੱਚ ਚੇਤਨਾ ਅਤੇ ਗਿਆਨ ਦਾ ਵਿਕਾਸ ਕਰਨਾ ਸੀ। ਇਸ ਉੱਦਮ ਨੂੰ ਅੱਗੇ ਵਧਾਉਂਦਿਆਂ 1 ਨਵੰਬਰ 2015 ਨੂੰ ਉਪਰਲੀ ਮੈਰਿਟ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਇੱਕ ਵਾਰੀ ਫੇਰ ਸਵਾਲ-ਜਵਾਬ ਪ੍ਰਤੀਯੋਗਤਾ ਲਈ ਬੁਲਾਇਆ ਗਿਆ ਤਾਂ ਕਿ ਉਨ੍ਹਾਂ ਦੀ ਯੋਗਤਾ ਨੂੰ ਹੋਰ ਵਧਾਇਆ ਜਾ ਸਕੇ। ਗੁਰੂ ਰਵਿਦਾਸ ਮਿਸ਼ਨ ਹਸਪਤਾਲ ਪਲਾਹੀ ਰੋਡ ਫਗਵਾੜਾ ਵਿਖੇ ਇਸ ਮੌਕੇ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਪ੍ਰਤੀਯੋਗੀਆਂ ਤੋਂ ਇਲਾਵਾ ਇਸ ਮੌਕੇ ਸੈਂਟਰ ਇੰਚਾਰਜ, ਮਾਪੇ ਅਤੇ ਹੋਰ ਸ਼ਖਸ਼ੀਅਤਾਂ ਸ਼ਾਮਿਲ ਹੋਈਆਂ ਜਿਨ੍ਹਾਂ ਵਿੱਚ ਫਾਊਂਡੇਸ਼ਨ ਦੇ ਚੇਅਰਮੈਨ ਸੁਆਮੀ ਰਾਮ ਭਾਰਤੀ ਆਈ ਏ. ਐੱਸ. ਰਿਟਾ:, ਡਾ. ਆਰ. ਬੀ. ਸਿੰਘ ਦਿੱਲੀ, ਯੂ. ਕੇ ਤੋਂ ਸ਼੍ਰੀ ਸਵਰਨਾ ਰਾਮ ਡੁਮੇਲੀ ਪ੍ਰਧਾਨ ਗੁਰੂ ਰਵਿਦਾਸ ਮਿਸ਼ਨ ਟਰੱਸਟ, ਹੰਸ ਰਾਜ ਬੰਗਾ, ਧੰਨਪਤ ਰਾਏ ਰੱਤੂ, ਡਾ. ਰਾਮ ਲਾਲ ਜੱਸੀ, ਐਡਵੋਕੇਟ ਸੰਜੀਵ ਭੌਰਾ, ਡਾ. ਰਾਹੁਲ, ਡਾ. ਰਜਿੰਦਰ ਥਿੰਦ, ਸੋਹਣ ਸਹਿਜਲ, ਡਾ. ਬੂਟਾ ਰਾਮ ਪਲਾਹੀ, ਕਮਲ ਬੰਗਾ, ਡਾ. ਗੁਰਦੀਸ਼, ਮਾ. ਸ਼ੰਮੀ ਬੰਗੜ, ਸੁਰਿੰਦਰ ਕਲੇਰ ਨੰਗਲ, ਸੰਜੀਵ ਕੁਮਾਰ, ਡਾ. ਕਮਲ ਸਰੋਆ, ਡਾ. ਹਰਜਿੰਦਰ ਬੈਂਸ, ਡਾ. ਮਨਦੀਪ ਸਿੰਘ, ਡਾ. ਹਰਬਲਾਸ, ਡਾ. ਸੁਭਾਸ਼ ਚੌਹਾਨ, ਡਾ. ਰੀਟਾ, ਡਾ. ਪ੍ਰਵੀਨ ਥਿੰਦ, ਪਿਆਰੇ ਲਾਲ ਚੱਕ ਹਕੀਮ, ਬਰਜਿੰਦਰਾ ਕਾਲਜ ਫਰੀਦਕੋਟ ਇਤਿਹਾਸ ਵਿਭਾਗ ਦੇ ਮੁਖੀ ਡਾ. ਦੀਪਕ ਸਿੰਘ, ਹਰਬੰਸ ਸਿੰਘ ਬਰਨਾਲਾ, ਰੇਨੂੰ ਬੋਧ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਡਾ. ਪਰਮਾਨੰਦ ਰੱਤੂ, ਵਿਜੇ ਕੁਮਾਰ, ਮਨਦੀਪ ਕੁਮਾਰ, ਸ਼ਾਮਿਲ ਹੋਏ ਅਤੇ ਮਾਨਵਤਾਵਾਦੀ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਕਰਨ ਲਈ ਫਾਊਂਡੇਸ਼ਨ ਦੇ ਯਤਨਾਂ ਨੂੰ ਸਲਾਹਿਆ ਜੋ ਕਿ 'ਪੇ ਬੈਕ ਟੂ ਸੁਸਾਇਟੀ' ਦੀ ਭਾਵਨਾ ਤਹਿਤ ਸਮੇਂ ਸਮੇਂ ਤੇ ਕੀਤੇ ਜਾਂਦੇ ਹਨ।

ਸਵਾਲ-ਜਵਾਬ ਪ੍ਰਤੀਯੋਗਤਾ ਲਈ ਪੰਜ ਟੀਮਾਂ ਬਣਾਈਆਂ ਗਈਆਂ, ਪੰਜ ਟੀਮਾਂ ਵਿੱਚ ਤਿੰਨ-ਤਿੰਨ ਬੱਚੇ ਚੁਣਨ ਲਈ 10 ਸਵਾਲਾਂ ਦਾ ਲਿਖਤੀ ਟੈਸਟ ਲਿਆ ਗਿਆ ਅਤੇ ਟੀਮਾਂ ਨੂੰ ਮਹਾਂਪੁਰਸ਼ਾਂ ਦੇ ਨਾਮ ਦਿੱਤੇ ਗਏ ਜਿਵੇ:, ਜੋਗਿੰਦਰ ਨਾਥ ਮੰਡਲ ਟੀਮ, ਬਾਬਾ ਗਾਡਗੇ ਟੀਮ, ਪੈਰੀਅਰ ਟੀਮ, ਇਆਨਕਲੀ ਟੀਮ, ਜੋਤੀਬਾ ਫੂਲੇ ਟੀਮ। ਹਾਲ ਵਿੱਚ ਪ੍ਰੋਜੈਕਟਰ ਰਾਹੀਂ ਇੱਕ ਵੱਡੀ ਸਕਰੀਨ ਲਗਾਈ ਗਈ ਜਿਸ ਉੱਪਰ ਸਵਾਲ ਦਿਖਾਏ ਜਾਂਦੇ ਸਨ ਅਤੇ ਪ੍ਰਤੀਯੋਗੀਆਂ ਤੋਂ ਪੁੱਛਣ ਉਪਰੰਤ, ਸਹੀ ਉੱਤਰ ਵੀ ਸਕਰੀਨ ਉੱਤੇ ਡਿਸਪਲੇਅ ਕੀਤੇ ਜਾਂਦੇ ਸਨ।ਪੰਜ ਟੀਮਾਂ ਦੀ ਕਾਰਗੁਜ਼ਾਰੀ ਅਨੁਸਾਰ ਲੇਖਰਾਜ, ਨੀਲਮ ਰਾਣੀ ਅਤੇ ਸੁਨੀਤਾ ਰਾਣੀ ਤੇ ਅਧਾਰਿਤ ਟੀਮ ਪਹਿਲੇ ਨੰਬਰ ਤੇ ਰਹੀ, ਗੁਰਧਿਆਨ ਸਿੰਘ ਸ਼ੇਰਗਿੱਲ, ਸੰਦੀਪ ਕੌਰ ਅਤੇ ਅੰਮ੍ਰਿਤਪਾਲ ਸਿੰਘ ਟੀਮ ਦੂਜੇ ਨੰਬਰ ਤੇ, ਜਸਵੀਰ ਸਿੰਘ, ਰਜਿੰਦਰ ਕੁਮਾਰ ਅਤੇ ਪਵਨ ਕੁਮਾਰ ਤੇ ਅਧਾਰਿਤ ਟੀਮ ਤੀਜੇ ਨੰਬਰ ਤੇ ਰਹੀ। ਇਨ੍ਹਾਂ ਟੀਮਾਂ ਨੂੰ ਕ੍ਰਮਵਾਰ 15 ਹਜ਼ਾਰ ਰੁਪਏ, 9 ਹਜ਼ਾਰ ਰੁਪਏ ਅਤੇ 6 ਹਜ਼ਾਰ ਰੁਪਏ ਦੇ ਨਕਦ ਇਨਾਮ ਦਿੱਤੇ ਗਏ। ਚੌਥੇ ਨੰਬਰ ਤੇ ਆਈ ਟੀਮ ਦਵਿੰਦਰ ਕੌਰ ਮੱਲ, ਸੀਮਾ ਰਾਣੀ, ਲਵਦੀਪ ਮਾਹੀ ਅਤੇ ਪੰਜਵੇਂ ਨੰਬਰ ਦੇ ਆਈ ਟੀਮ ਕਿਰਨਦੀਪ ਕੌਰ, ਨੀਲਮ ਰਾਣੀ ਅਤੇ ਸੁਨੀਤਾ ਰਾਣੀ ਨੂੰ ਵੀ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਫਾਊਂਡੇਸ਼ਨ ਵਲੋਂ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਵੀ ਸਨਮਾਨਿਤ ਕੀਤਾ ਗਿਆ ਅਤੇ ਦੱਸਿਆ ਗਿਆ ਕਿ ਅਗਲੀ ਪ੍ਰਤੀਯੋਗਤਾ ਅਗਸਤ 2016 ਵਿੱਚ ਕਰਵਾਈ ਜਾਵੇਗੀ। ਸਟੇਜ ਸੰਚਾਲਨ ਦਾ ਕਾਰਜ ਮਾ. ਤਜਿੰਦਰ ਰਾਹੁਲ ਨੇ ਬਾਖੂਬੀ ਨਿਭਾਇਆ। ਚਾਰ ਘੰਟੇ ਚੱਲੇ ਇਸ ਪ੍ਰੋਗਰਾਮ ਵਿੱਚ ਬੁਲਾਰਿਆਂ ਨੇ ਇਸ ਜਾਗ੍ਰਿਤੀ ਮਿਸ਼ਨ ਨੂੰ ਭਰਵਾਂ ਸਮਰਥਨ ਦੇਣ ਦਾ ਭਰੋਸਾ ਦਿੱਤਾ। ਡਾ. ਰਾਹੁਲ ਅਤੇ ਡਾ. ਰੀਟਾ ਦੀ ਬੇਟੀ ਵੰਦਨਾ ਨੇ ਆਪਣੀ ਜੇਬ ਖਰਚ ਦੀ ਰਕਮ ਫਾਊਂਡੇਸ਼ਨ ਨੂੰ ਦਿੱਤੀ ਜੋ ਕਿ ਹੋਰ ਬੱਚਿਆਂ ਲਈ ਵੀ ਪ੍ਰੇਰਨਾ ਸਾਬਿਤ ਹੋ ਸਕਦੀ ਹੈ। ਪ੍ਰੋਗਰਾਮ ਨੂੰ ਸਫਲ ਕਰਨ ਲਈ ਹਾਜ਼ਰ ਸਾਰਿਆਂ ਦਾ ਪ੍ਰਬੰਧਕਾਂ ਵਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਚਾਹ-ਪਾਣੀ ਅਤੇ ਭੋਜਨ ਦਾ ਪ੍ਰਬੰਧ ਵੀ ਕੀਤਾ ਗਿਆ ਸੀ।

# ਸ. ਜਰਨੈਲ ਸਿੰਘ ਫਰਿਜ਼ਨੋ ਵਿਖੇ ਆਪ ਵਲੰਟੀਅਰਾਂ ਦੇ ਰੂਬਰੂ ਹੋਏ



**ਫਰਿਜ਼ਨੋ (ਕੈਲੇਫੋਰਨੀਆਂ) ਕੁਲਵੰਤ ਧਾਲੀਆਂ–** ਆਪ ਲੀਡਰ ਸ. ਜਰਨੈਲ ਸਿੰਘ ਅੱਜ ਕੱਲ ਆਪਣੀ ਕੈਲੇਫੋਰਨੀਆਂ ਫੇਰੀ ਤੇ ਹਨ, ਇਸੇ ਕੜੀ ਤਹਿਤ ਉਹ ਫਰਿਜਨੋਂ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਪਹੁੰਚੇ ਜਿਥੇ ਉਹਨਾਂ ਸ਼ਾਮ ਦੇ ਦੀਵਾਨਾ ਵਿੱਚ ਹਾਜ਼ਰੀ ਭਰੀ ਅਤੇ ਉਪਰੰਤ ਮੀਟਿੰਗ ਹਾਲ ਵਿੱਚ ਆਪ ਵਲੰਟੀਅਰਾਂ ਦੀ ਇੱਕ ਅਹਿਮ ਮੀਟਿੰਗ ਨੂੰ ਸੰਬੋਧਨ ਕੀਤਾ।

ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਫਰਿਜ਼ਨੋ ਨਿਵਾਸੀ ਪਹੁੰਚੇ ਹੋਏ ਸਨ ਅਤੇ ਉਹਨਾਂ ਪੰਜਾਬ ਵਿੱਚ ਤਾਜਾ ਹਲਾਤਾ ਸਬੰਧੀ ਵਿਚਾਰ ਸਾਝੇ ਕੀਤਾ। ਇਸ ਮੌਕੇ ਬੋਲਣ ਵਾਲੇ ਬੁਲਾਰਿਆ ਵਿੱਚ ਸੁਖਦੇਵ ਸਿੰਘ ਸਿੱਧੂ, ਬਬਲਾ ਮਲੂਕਾ, ਗੁਰਨੇਕ ਸਿੰਘ ਬਾਗੜੀ, ਹਾਕਮ ਸਿੰਘ ਢਿੱਲੋਂ, ਸੁਖਬੀਰ ਸਿੰਘ ਭੰਡਾਲ, ਗੁਰਪ੍ਰੀਤ ਸਿੰਘ ਮਾਨ, ਸਾਧੂ ਸਿੰਘ ਸੰਘਾ ਅਤੇ ਮਹਿੰਦਰ ਸਿੰਘ ਸੰਧਾਵਾਲੀਆਂ ਆਦਿ ਨੇ ਆਪਣੇ ਵਿਚਾਰ ਰੱਖੇ। ਸ. ਜਰਨੈਲ ਸਿੰਘ ਨੇ ਲੋਕਾਂ ਦੇ ਸੁਆਲਾ ਦੇ ਜੁਵਾਬ ਵੀ ਠਰੰਮ੍ਹੇ ਨਾਲ ਦਿੱਤੇ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਕੀਤਾ।

# ਰੇਡੀਓ ਦਿਲ ਆਪਣਾ ਪੰਜਾਬੀ ਵੱਲੋਂ ਯੂਬਾ ਸਿਟੀ ਨਗਰ ਕੀਰਤਨ ਤੇ ਮੂਲ ਨਾਨਕਸ਼ਾਹੀ ਕਲੰਡਰ ਰਿਲੀਜ਼ ਕੀਤਾ ਗਿਆ



**ਯੂਬਾ ਸਿਟੀ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਬੀਤੇ ਦਿਨੀ ਯੂਬਾ ਸਿਟੀ ਨਗਰ ਕੀਰਤਨ ਤੇ ਰੇਡੀਉ ਦਿਲ ਆਪਣਾ ਪੰਜਾਬੀ ਵਲੋ ਮੂਲ ਨਾਨਕਸ਼ਾਹੀ ਕਲੈਂਡੰਰ 2016 ਸੰਗਤਾ ਦੀ ਹਾਜਰੀ ਵਿੱਚ ਜੈਕਾਰਿਆ ਦੀ ਗੂੰਜ ਨਾਲ ਰਲੀਜ ਕੀਤਾ ਗਿਆ ਉਥੇ ਚਾਹ ,ਪਕੋੜਿਆ ਦਾ ਲੰਗਰ ਵੀ ਰਲ-ਮਿਲ ਕੇ ਵੀਰਾ ਵਲੋ ਲਾਇਆ ਗਿਆ। ਇਸ ਸਮੇ ਪੰਥਕ ਵਿਦਵਾਨ ਵੀ ਮੌਜੂਦ ਸਨ ਜਿਨ੍ਹਾਂ ਵਿਚ ਸਰਬਜੀਤ ਸਿੰਘ ਸੈਕਰਾਮੈਂਟੋ ,ਤਰਲੋਚਨ ਸਿੰਘ ਦੁਪਾਲਪੁਰ, ਡਾਕਟਰ ਗੁਰਮੀਤ ਬਰਸਾਲ, ਵਰਿੰਦਰ ਸਿੰਘ ਗੋਲਡੀ,ਹਰਮਿੰਦਰ ਸਿੰਘ ਸੇਖਾ,ਹਰਬਖਸ਼ ਸਿੰਘ ਰਾਉਕੇ,ਜਸਕਰਨ ਸਿੰਘ,ਚਮਕੌਰ ਸਿੰਘ ਅਵਤਾਰ ਸਿੰਘ ਰੇਡੀਉ ਦਿਲ ਆਪਣਾ ਪੰਜਾਬੀ ਤੋ ਫਰਿਜਨੋ ਸਟੂਡਿਉ ਤੋ ਮਨਜੀਤ ਸਿੰਘ ਪੱਤੜ,ਪਰਦੀਪ ਸਿੰਘ ਤੂਰ , ਸਰਦੂਲ ਸਿੰਘ ਬਾਸੀ,ਕੁਲਵਿੰਦਰ ਸਿੰਘ ਜੋਹਲ ,ਜਰਨੈਲ ਸਿੰਘ ਮੱਲੀ,ਭੁਪਿੰਦਰ ਸਿੰਘ,ਲਖਵਿੰਦਰਪਾਲ ਸਿੰਘ ਭੰਬਰਾ ,ਜਸਵੰਤ ਸਿੰਘ ਸੇਖੋ,ਜਸਵਿੰਦਰ ਸਿੰਘ,ਹਰਬੰਸ ਸਿੰਘ ਪੂੰਨੀ,ਹਰਜਿੰਦਰ ਸਿੰਘ ਮੌਜੂਦ ਸਨ ਰੇਡੀਉ ਦਿਲ ਆਪਣਾ ਪੰਜਾਬੀ ਦੇ ਸੀ ਈ ਓ ਗੁਰਤੀਰਥ ਸਿੰਘ ਪਾਸਲਾ ਵਿਸ਼ੇਸ ਤੌਰ ਤੇ ਟੋਰਾਂਟੋ ਤੋ ਨਗਰ ਕੀਰਤਨ ਵਿੱਚ ਸ਼ਾਮਲ ਹੋਏ!


## ਸ੍ਰੀ ਗੁਰੂ ਰਵਿਦਾਸ ਸਭਾ ਦੀ ਚੋਣ ਲਈ ਬੇਗਮਪੁਰਾ ਸੰਸਥਾ ਵੱਲੋਂ ਸਲੇਟ ਦੇ ਮੁੱਖ ਸੇਵਾਦਾਰ

## ਸ੍ਰੀ ਅਸ਼ੋਕ ਕੁਮਾਰ ਮਾਂਹੀ

ਸ੍ਰੀ ਗੁਰੂ ਰਵਿਦਾਸ ਭਾਈਚਾਰੇ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜੋ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੀ 8 ਨਵੰਬਰ ਦਿਨ ਐਤਵਾਰ ਨੂੰ ਚੋਣ ਹੋਣ ਜਾ ਰਹੀ ਹੈ।



ਆਪ ਸਭ ਹੁੰਮ-ਹੁੰਮਾ ਕੇ ਗੁਰੂ ਘਰ ਆ ਕੇ ਸਾਡੀ ਸਰਬ ਸਾਂਝੀ ਸਲੇਟ ਨੂੰ ਗੁਰੂ ਘਰ ਦੇ ਪ੍ਰਬੰਧਾਂ ਦੀ ਸੇਵਾ ਲਈ ਕਾਮਯਾਬ ਬਣਾਓ ਜੀ। ਅਸੀਂ ਆਪ ਜੀ ਦੀਆਂ ਉਮੀਦਾਂ ਤੋਂ ਵੱਧ ਕੇ ਗੁਰੂ ਘਰ ਦੇ ਕਾਰਜਾਂ ਵਿਚ ਸੁਧਾਰ ਲਿਆਂਵਾਂਗੇ। ਗੁਰੂ ਗ੍ਰੰਥ ਸਾਹਿਬ ਜੀ ਦੇ ਓਟ ਆਸਰੇ ਅਤੇ ਆਪ ਸਭ ਦੇ ਸਹਿਯੋਗ ਨਾਲ ਗੁਰੂ ਘਰ ਨੂੰ ਹੋਰ ਵੀ ਆਲੀਸ਼ਾਨ ਤੇ ਦਿੱਖਮਈ ਬਣਾਵਾਂਗੇ। ਅਸੀਂ ਆਪ ਸਮੂਹ ਭਾਈਚਾਰੇ ਦੇ ਚੰਗੇ ਸੁਝਾਵਾਂ ਦਾ ਖਿੜੇ ਮੱਥੇ ਸਤਿਕਾਰ ਕਰਾਂਗੇ ਅਤੇ ਬਹੁਤ ਹੀ ਸਤਿਕਾਰ ਭਾਵ ਵਾਲਾ ਮਾਹੌਲ ਬਣਾਈ ਰੱਖਣ ਲਈ ਹਰ ਸੰਭਵ ਯਤਨ ਕਰਾਂਗੇ। ਸਾਡੀ ਸਲੇਟ ਦੇ ਸਾਰੇ ਹੀ ਮੈਂਬਰ ਬਹੁਤ ਹੀ ਉਦਮੀ ਅਤੇ ਸੇਵਾ ਭਾਵਨਾ ਵਾਲੇ ਹਨ। ਸਾਨੂੰ ਸੇਵਾ ਬਖਸ਼ਣੀ ਆਪ ਸਮੁੱਚੇ ਭਾਈਚਾਰੇ ਦਾ ਫੈਸਲਾ ਹੈ। ਸਾਡੀਆਂ ਬੇਨਤੀਆਂ ਕਬੂਲ ਕਰਕੇ ਸਾਨੂੰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ।


# ਇੰਗਲੈਂਡ ਨਿਵਾਸੀ ਅਰਵਿੰਦਰ ਰਾਜ ਸਿੰਘ ਦੀ ਅੰਗਰੇਜ਼ੀ ਪੁਸਤਕ 'ਗਲੋਰੀ ਟੂ ਮੈਡੀਟੇਸ਼ਨ' ਰਲੀਜ਼

**ਅੰਮ੍ਰਿਤਸਰ–** ਇੰਗਲੈਂਡ ਨਿਵਾਸੀ ਅਰਵਿੰਦਰ ਰਾਜ ਸਿੰਘ ਦੀ ਅੰਗਰੇਜ਼ੀ ਵਿਚ ਨਵ-ਪ੍ਰਕਾਸ਼ਤ ਪੁਸਤਕ 'ਗਲੋਰੀ ਟੂ ਮੈਡੀਟੇਸ਼ਨ' ਸਥਾਨਕ ਅਸ਼ੋਕਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਵੱਲੋਂ ਲੋਕ ਅਰਪਣ ਕੀਤੀ



ਗਈ।ਸਮਾਗਮ ਦੀ ਪ੍ਰਧਾਨਗੀ ਸੋਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਡਾ. ਸੁਹਿੰਦਰ ਬੀਰ ਸਿੰਘ, ਮਾਤਾ ਕੌਲਾਂ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਡਾ. ਅਮਰੀਕ ਸਿੰਘ, ਪ੍ਰੋ. ਬ੍ਰਹਮਜਗਦੀਸ਼ ਸਿੰਘ ਫਰੀਦਕੋਟ, ਪ੍ਰੋ. ਜੋਗਿੰਦਰ ਸਿੰਘ ਜੋਗੀ, ਅਰਵਿੰਦਰ ਰਾਜ ਸਿੰਘ ਨੇ ਕੀਤੀ। ਮੰਚ ਸੰਚਾਲਨ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕੀਤਾ। ਸਮਾਗਮ ਦੀ ਸ਼ੁਰੂਆਤ ਪ੍ਰੋ. ਸੁਹਿੰਦਰਬੀਰ ਸਿੰਘ ਨੇ ਤਰੱਨਮ ਵਿਚ ਆਪਣੀ ਗ਼ਜ਼ਲ ਗਾ ਕੇ ਕੀਤੀ।ਪੁਸਤਕ ਬਾਰੇ ਜਾਣ ਪਛਾਣ ਪ੍ਰੋ. ਜੋਗਿੰਦਰ ਜੋਗੀ ਨੇ ਕਰਵਾਈ। ਡਾ. ਬਿਕਰਮ ਸਿੰਘ ਘੁੰਮਣ, ਅਰਵਿੰਦਰ ਰਾਜ ਸਿੰਘ, ਪ੍ਰੋ. ਬ੍ਰਹਮਜਗਦੀਸ਼ ਸਿੰਘ, ਡਾ. ਅਮਰੀਕ ਸਿੰਘ ਨੇ ਇਸ ਚਰਚਾ ਨੂੰ ਅੱਗੇ ਤੋਰਿਆ ਤੇ ਇਸ ਪੁਸਤਕ ਦੀ ਵਿਲੱਖਣਤਾ ਬਾਰੇ ਜਾਣਕਾਰੀ ਦਿੱਤੀ।ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਪ੍ਰੋ. ਪਵਿਤਰ ਸਿੰਘ ਫਰੀਦਕੋਟ, ਜਤਿੰਦਰ ਸਿੰਘ ਸਫਰੀ, ਅੰਮ੍ਰਿਤਸਰ ਵਿਕਾਸ ਮੰਚ ਦੇ ਪ੍ਰਧਾਨ ਇੰਜ. ਦਲਜੀਤ ਸਿੰਘ ਕੋਹਲੀ, ਸਰਪ੍ਰਸਤ ਮਨਮੋਹਨ ਸਿੰਘ ਬਰਾੜ, ਜਨਰਲ ਸਕਤਰ ਹਰਦੀਪ ਸਿੰਘ ਚਾਹਲ, ਪ੍ਰੈੱਸ ਸਕੱਤਰ ਜਸਬੀਰ ਸਿੰਘ, ਖਜਾਨਚੀ ਲਖਬੀਰ ਸਿੰਘ ਘੁੰਮਣ, ਸੇਵਕ ਸਿੰਘ, ਸੁਰਿੰਦਰ ਸਿੰਘ ਨੇ ਹਾਜਰੀ ਭਰੀ।

# ਕੀਵੀ ਲੋਕਾਂ ਦੇ ਵਿਚ ਸ਼ੂਗਰ ਰੋਗ 10 ਸਾਲਾਂ ਵਿਚ ਹੋਇਆ ਦੁੱਗਣਾ-ਰੋਜ਼ਾਨਾ ਵੱਧ ਰਹੇ ਹਨ 40 ਮਰੀਜ਼

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ਵਸਦੇ ਲੋਕਾਂ ਵਿਚ ਸ਼ੂਗਰ ਦੀ ਬਿਮਾਰੀ ਦਿਨੋ-ਦਿਨ ਵਧ ਰਹੀ ਹੈ। ਪਿਛਲੇ 10 ਸਾਲਾਂ ਦੇ ਵਿਚ ਇਹ ਗਿਣਤੀ ਸਵਾ ਲੱਖ ਤੋਂ ਢਾਈ ਲੱਖ ਤੱਕ ਪਹੁੰਚ ਗਈ ਹੈ। ਔਸਤਨ 40 ਨਵੇਂ ਲੋਕ ਹਰ ਰੋਜ਼ ਸ਼ੂਗਰ ਤੋਂ ਪੀੜ੍ਹਤ ਪਾਏ ਜਾ ਰਹੇ ਹਨ।

ਸ਼ੂਗਰ ਦੀ ਬਿਮਾਰੀ ਅੱਖਾਂ ਦੀ ਰੌਸ਼ਨੀ ਲੈਣ ਤੱਕ ਚਲੀ ਜਾਂਦੀ ਹੈ ਇਸ ਕਰਕੇ ਸਰਕਾਰ ਦੁਵੱਲੇ ਪਾਸੇ ਤੋਂ ਇਸ ਬਿਮਾਰੀ ਦੇ ਨਾਲ ਸਿੱਝਣ ਦੇ ਲਈ ਸੋਚਣ 'ਤੇ ਮਜ਼ਬੂਰ ਹੈ। ਇਸ ਸਬੰਧੀ ਅੱਜ ਇਕ ਨਵੀਂ ਸਕੀਮ 'ਡਾਇਬਟਿਕ ਐਕਸ਼ਨ ਮਹੀਨਾ' ਸ਼ੁਰੂ ਕੀਤੀ ਗਈ ਹੈ। ਇਕ ਅੰਦਾਜੇ ਮੁਤਾਬਿਕ 11 ਲੱਖ ਲੋਕ ਇਸ ਵੇਲੇ ਇਸ ਬਿਮਾਰੀ ਦੀ ਚਪੇਟ ਵਿਚ ਹਨ।

ਚਾਰ ਦੇ ਵਿਚੋਂ ਇਕ ਦੇ ਵਿਚ ਸ਼ੂਗਰ ਹੋਣ ਦਾ ਖਤਰਾ ਬਣਿਆ ਹੋਇਆ ਹੈ। ਨਵੀਂ ਸਕੀਮ ਤਹਿਤ ਆਨ ਲਾਈਨ ਜਾਗੂਰਿਕਤਾ ਲਿਆਂਦੀ ਜਾਵੇਗੀ, ਰੋਡ ਸ਼ੋਅ ਹੋਣਗੇ ਅਤੇ 28 ਨਵੰਬਰ ਨੂੰ ਇਸ ਪ੍ਰਤੀ ਕੁਝ ਕਰਨ ਦਾ ਦਿਨ (ਮੂਵਮੀਨਟ) ਰੱਖਿਆ ਗਿਆ ਹੈ। ਇਸ ਸਕੀਮ ਤਹਿਤ ਰੋਜ਼ਾਨਾ 10,000 ਕਦਮ ਚੱਲਣਾ ਹੋਵੇਗਾ। 2013 ਦੇ ਅੰਕੜਿਆਂ ਅਨੁਸਾਰ ਭਾਰਤੀ ਲੋਕਾਂ ਦੇ ਵਿਚ ਸਭ ਤੋਂ ਜਿਆਦਾ ਸ਼ੂਗਰ ਰੋਗ ਪਾਇਆ ਗਿਆ ਜਿਸ ਦੀ ਪ੍ਰਤੀਸ਼ਤ 11 ਸੀ। ਇਸ ਤੋਂ ਬਾਅਦ ਪੈਸੇਫਿਕ ਲੋਕਾਂ ਦੇ ਵਿਚ ਇਹ ਰੋਗ 9.6% ਰਿਹਾ ਹੈ। ਇਕ ਅੰਦਾਜ਼ੇ ਮੁਤਾਬਿਕ ਇਸ ਰੋਗ ਦੇ ਨਾਲ ਲੜਨ ਦੇ ਲਈ ਖਜ਼ਾਨੇ ਦੀ 1310 ਮਿਲੀਅਨ ਡਾਲਰ ਦੀ ਰਕਮ ਇਸਦੀ ਰੋਕਥਾਮ ਵਾਸਤੇ ਵਰਤਣੀ ਹੋਵੇਗੀ।

ਦੇਸ਼ ਦੁਆਬਾ

# ਪੰਚਾਇਤੀ ਚੋਣਾਂ ਵਿਚ ਬਸਪਾ ਦੀ ਚੜ੍ਹਤ

ਉਤਰ ਪ੍ਰਦੇਸ਼ ਵਿਚ ਹਾਲ ਹੀ ਵਿਚ ਪੰਚਾਇਤ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਹੋ ਕੇ ਹਟੀਆਂ ਹਨ। ਇਹਨਾਂ ਚੋਣਾਂ ਵਿਚ ਆਸ ਤੋਂ ਉਲਟ ਅਜਿਹੇ ਨਤੀਜੇ ਆਏ ਹਨ, ਜਿਹਨਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਚੋਣਾਂ ਵਿਚ ਬਸਪਾ ਨੂੰ 70 ਫੀਸਦੀ ਦੇ ਕਰੀਬ ਸੀਟਾਂ ਮਿਲੀਆਂ ਹਨ ਅਤੇ ਬਾਕੀ ਪਾਰਟੀਆਂ ਦਾ ਲੱਗਭੱਗ ਸਫਾਇਆ ਹੋ ਗਿਆ ਹੈ। ਸੱਤਾਧਾਰੀ ਸਮਾਜਵਾਦੀ ਪਾਰਟੀ ਵੀ ਆਪਣੀ ਸਾਖ ਬਚਾਉਣ ਵਿਚ ਨਾਕਾਮ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਿਸ ਹਲਕੇ ਤੋਂ ਜਿੱਤੇ ਸਨ, ਉਸ ਹਲਕੇ ਤੋਂ ਵੀ ਬਸਪਾ ਦੀ ਚੜ੍ਹਤ ਰਹੀ ਹੈ, ਬਲਕਿ ਜਿਸ ਪਿੰਡ ਨੂੰ ਪ੍ਰਧਾਨ ਮੰਤਰੀ ਨੇ ਅਡਾਪਟ ਕੀਤਾ ਸੀ, ਉਸ ਹਲਕੇ ਵਿਚ ਵੀ ਭਾਜਪਾ ਨੂੰ ਮੂੰਹ ਦੀ ਖਾਣੀ ਪਈ ਹੈ।

ਉਤਰ ਪ੍ਰਦੇਸ਼ ਦੇ ਇਹ ਸਥਾਨਕ ਚੋਣਾਂ ਦੇ ਨਤੀਜੇ ਭਵਿੱਖ ਦੀ ਰਾਜਨੀਤੀ ਦਾ ਸ਼ੀਸ਼ਾ ਹਨ। ਇਸ ਵਕਤ ਸੂਬੇ ਵਿਚ ਸਮਾਜਵਾਦੀ ਪਾਰਟੀ ਦੀ ਸਰਕਾਰ ਹੈ ਅਤੇ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਵੱਡੀ ਜਿੱਤ ਮਿਲੀ ਸੀ। ਇਸ ਹਲਕੇ ਵਿਚ ਆਮ ਆਦਮੀ ਪਾਰਟੀ ਦੇ ਪੈਰ ਹੀ ਨਹੀਂ ਲੱਗ ਸਕੇ, ਜਦਕਿ ਕਾਂਗਰਸ ਦੇ ਪੈਰ ਇਸ ਸੂਬੇ ਵਿਚ ਪਹਿਲਾਂ ਹੀ ਉਖੜ ਚੁੱਕੇ ਹਨ। ਉਤਰ ਪ੍ਰਦੇਸ਼ ਭਾਰਤ ਦੀ ਰਾਜਨੀਤੀ ਦੀ ਦਿਸ਼ਾ ਤਹਿ ਕਰਨ ਵਾਲਾ ਸੂਬਾ ਹੈ। ਇਸ ਸੂਬੇ ਤੋਂ ਲੋਕ ਸਭਾ ਵਿਚ ਸਭ ਤੋਂ ਜ਼ਿਆਦਾ ਸੀਟਾਂ ਆਉਂਦੀਆਂ ਹਨ। ਭਾਰਤ ਦੀ ਰਾਜਨੀਤੀ ਦਾ ਧੁਰਾ ਮੰਨਿਆ ਜਾਂਦਾ ਉਤਰ ਪ੍ਰਦੇਸ਼ 80 ਤੋਂ ਜ਼ਿਆਦਾ ਸੀਟਾਂ ਲੋਕ ਸਭਾ ਦੇ ਲਈ ਭੇਜਦਾ ਹੈ। ਇਸ ਸੂਬੇ ਦੀ ਅਸੈਂਬਲੀ ਵਿਚ ਵੀ 400 ਤੋਂ ਜ਼ਿਆਦਾ ਸੀਟਾਂ ਹਨ। ਉਤਰ ਪ੍ਰਦੇਸ਼ ਨੇ ਭਾਰਤ ਦੀ ਰਾਜਨੀਤੀ ਨੂੰ ਹਮੇਸ਼ਾ ਦਿਸ਼ਾ ਦਿੱਤਾ ਹੈ। ਇਸ ਸੂਬੇ ਵਿਚੋਂ ਹੀ ਭਾਰਤ ਨੇ ਜ਼ਿਆਦਾ ਪ੍ਰਧਾਨ ਮੰਤਰੀ ਦਿੱਤੇ ਹਨ ਅਤੇ ਇਸ ਸੂਬੇ ਦੀ ਹਵਾ ਹੀ ਭਾਰਤ ਦੀ ਭਵਿੱਖੀ ਰਾਜਨੀਤੀ ਦੀ ਦਿਸ਼ਾ ਤਹਿ ਕਰਦੀ ਰਹੀ ਹੈ। ਸਵਰਗੀ ਕਾਂਸ਼ੀ ਰਾਮ ਦੇ ਸਮੇਂ ਇਸ ਸੂਬੇ ਵਿਚ ਹੀ ਸਭ ਤੋਂ ਵੱਡਾ ਦਲਿਤ ਅੰਦੋਲਨ ਚੱਲਿਆ ਅਤੇ ਇਸ ਸੂਬੇ ਨੇ ਹੀ ਦਲਿਤ ਕ੍ਰਾਂਤੀ ਦਾ ਝੰਡਾ ਚੁੱਕਦਿਆਂ ਬਸਪਾ ਨੂੰ ਪ੍ਰਵਾਨ ਕੀਤਾ। ਇਸ ਸੂਬੇ ਵਿਚ ਬਸਪਾ ਦੀ ਕਈ ਵਾਰ ਸਰਕਾਰ ਬਣ ਚੁੱਕੀ ਹੈ ਅਤੇ ਇਸ ਵਕਤ ਦਲਿਤ ਵਰਗ ਜੇਕਰ ਭਾਰਤ ਵਿਚ ਸਭ ਤੋਂ ਜ਼ਿਆਦਾ ਜਾਗਰੂਕ ਹੈ ਤਾਂ ਇਸੇ ਸੂਬੇ ਵਿਚ ਹੈ। ਦਲਿਤ ਚੇਤਨਾ ਦਾ ਸਿਹਰਾ ਲੈਣ ਵਾਲੇ ਇਸ ਸੂਬੇ ਨੇ ਜਿੱਥੇ ਭਾਰਤ ਦੀ ਰਾਜਨੀਤੀ ਨੂੰ ਰਸਤਾ ਦਿਖਾਇਆ ਹੈ, ਉਥੇ ਹੀ ਬਸਪਾ ਨੇ ਇਸ ਸੂਬੇ ਵਿਚ ਆਪਣੇ ਬਲਬੂਤੇ ਸਰਕਾਰ ਬਣਾ ਕੇ ਭਾਰਤ ਦੀ ਸਮਾਜਿਕ ਵਿਵਸਥਾ ਨੂੰ ਵੀ ਸ਼ੀਸ਼ਾ ਦਿਖਾਇਆ ਹੈ ਪਰ ਅਫਸੋਸ ਕਿ ਇਹ ਸਭ ਕੁਝ ਭਾਰਤ ਦੇ ਬਾਕੀ ਸੂਬਿਆਂ ਵਿਚ ਘੱਟ ਦੇਖਣ ਨੂੰ ਮਿਲਿਆ ਹੈ। ਇਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਬਸਪਾ, ਜਿਸ ਨੂੰ ਦਲਿਤ ਕ੍ਰਾਂਤੀ ਦਾ ਸਿਹਰਾ ਮਿਲਦਾ ਹੈ, ਬਾਕੀ ਸੂਬਿਆਂ ਵਿਚ ਮਜ਼ਬੂਤ ਲੀਡਰਸ਼ਿਪ ਖੜ੍ਹੀ ਨਹੀਂ ਕਰ ਸਕੀ। ਸਵਰਗੀ ਕਾਂਸ਼ੀ ਰਾਮ ਦੇ ਦੇਹਾਂਤ ਤੋਂ ਬਾਅਦ ਦਲਿਤ ਕ੍ਰਾਂਤੀ ਇਕ ਵਾਰ ਫਿਰ ਲੀਡਰਸ਼ਿਪ ਦੀ ਭਾਲ ਵਿਚ ਹੈ। ਭਾਰਤ ਦਾ 40 ਫੀਸਦੀ ਤੋਂ ਜ਼ਿਆਦਾ ਲੋਕ ਸਦੀਆਂ ਤੋਂ ਸਮਾਜਿਕ ਲੜਾਈ ਲੜ ਰਹੇ ਹਨ ਅਤੇ ਅੱਜ ਵੀ ਉਹ ਲਗਾਤਾਰ ਲੜਾਈ ਲੜ ਰਹੇ ਹਨ। ਇਸ ਸਮੱਸਿਆ ਦਾ ਹੱਲ ਸਿਰਫ ਤੇ ਸਿਰਫ ਦਲਿਤ ਵਰਗ ਨੂੰ ਰਾਜਨੀਤਿਕ ਤੌਰ ਤੇ ਸੰਗਠਿਤ ਹੋਣ ਵਿਚ ਹੈ। ਉਤਰ ਪ੍ਰਦੇਸ਼ ਇਸ ਦਾ ਮੋਢੀ ਬਣਿਆ ਹੈ ਅਤੇ ਇਸ ਸੂਬੇ ਤੋਂ ਭਾਰਤ ਦੀ ਰਾਜਨੀਤੀ ਹੀ ਤਹਿ ਨਹੀਂ ਹੋਵੇਗੀ ਬਲਕਿ ਭਾਰਤ ਦੀ ਸਮਾਜਿਕ ਵਿਵਸਥਾ ਵੀ ਇਹ ਸੂਬਾ ਤਹਿ ਕਰੇਗਾ। ਮੌਜੂਦਾ ਚੋਣਾਂ ਦੇ ਨਤੀਜੇ ਬਸਪਾ ਦੇ ਲਈ ਸਾਰਥਕ ਸਿੱਧ ਹੋਣਗੇ ਅਤੇ ਅਗਲੇਰੀਆਂ ਵਿਧਾਨ ਸਭਾ ਚੋਣਾਂ ਵਿਚ ਬਸਪਾ ਨੂੰ ਜ਼ਰੂਰ ਫਾਇਦਾ ਮਿਲੇਗਾ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ਼ੰਕਾ-ਨਵਿਰਤੀ/ ਭਾਗ- 16-17



ਮੇਘ ਰਾਜ ਮਿੱਤਰ
+91-98887-87440

? ਮਨੁੱਖ ਨੂੰ ਸ਼ੂਗਰ ਅਤੇ ਤੇਜ਼ਾਬ ਬਣਨ ਦੇ ਰੋਗ ਕਿਹੜੀਆਂ-ਕਿਹੜੀਆਂ ਚੀਜ਼ਾਂ ਤੋਂ ਹੁੰਦੇ ਹਨ। ਉਪਾਅ ਦੱਸੋ ਜੀ।

* ਮਨੁੱਖੀ ਸਰੀਰ ਵਿੱਚ ਇੱਕ ਗ੍ਰੰਥੀ ਪੈਂਕਰੀਆਂ ਹੁੰਦੀ ਹੈ। ਇਸ ਦਾ ਕੰਮ ਇੰਸੂਲੀਨ ਪੈਦਾ ਕਰਨਾ ਹੁੰਦਾ ਹੈ। ਨੁਕਸ ਸਮੇਂ ਪੈਂਕਰੀਆਂ ਇੰਸੂਲੀਨ ਦੀ ਪੈਦਾਇਸ ਜਾਂ ਤਾਂ ਘਟਾ ਦਿੰਦਾ ਹੈ ਜਾਂ ਬੰਦ ਕਰ ਦਿੰਦਾ ਹੈ। ਇਸ ਲਈ ਮਨੁੱਖ ਨੂੰ ਇੰਸੂਲੀਨ ਦੀ ਜ਼ਰੂਰਤ ਬਾਹਰੋਂ ਇੰਜੈਕਸ਼ਨਾਂ ਰਾਹੀਂ ਪੂਰੀ ਕਰਨੀ ਪੈਂਦੀ ਹੈ। ਇਸੇ ਤਰ੍ਹਾਂ ਵਿਅਕਤੀ ਦੇ ਮਿਹਦੇ ਵਿੱਚ ਤੇਜ਼ਾਬ ਜ਼ਿਆਦਾ ਮਾਤਰਾ ਵਿੱਚ ਪੈਦਾ ਹੋਣਾ ਸ਼ੁਰੂ ਹੋ ਜਾਂਦਾ ਹੈ। ਇਨ੍ਹਾਂ ਬਿਮਾਰੀਆਂ ਦਾ ਉਪਾ* ਤਾਂ ਜੀਵਨ ਜਾਂਚ ਬਦਲ ਕੇ ਕੀਤਾ ਜਾ ਸਕਦਾ ਹੈ। ਜਿਵੇਂ ਸ਼ੂਗਰ ਦੇ ਮਰੀਜ਼ਾਂ ਨੂੰ ਘਿਉ ਤੇ ਖੰਡ ਦੀ ਬਹੁਤਾਤ ਵਾਲੇ ਮਿੱਠੇ ਫਲਾਂ ਅਤੇ ਮਠਿਆਈਆਂ ਦੀ ਵਰਤੋਂ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ ਅਤੇ ਸਰੀਰਕ ਕਸਰਤਾਂ ਵੱਲ ਵੱਧ ਧਿਆਨ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਤੇਜ਼ਾਬੀ ਮਾਦੇ ਨੂੰ ਘਟਾਉਣ ਲਈ ਚਾਹ, ਤਲੀਆਂ ਹੋਈਆਂ ਚੀਜ਼ਾਂ, ਲੂਣ ਮਿਰਚ, ਦੁੱਧ ਘਿਓ ਘੱਟ ਤੋਂ ਘੱਟ ਖਾਣਾ ਚਾਹੀਦਾ ਹੈ। ਖ਼ੁਰਾਕ ਵੀ ਉਮਰ ਅਨੁਸਾਰ ਘੱਟ ਖਾਣੀ ਚਾਹੀਦੀ ਹੈ।

? ਮਨੁੱਖ ਬੁਢਾਪੇ ਵਿੱਚ ਬਿਮਾਰ ਹੋ ਕੇ ਡਰਨ ਕਿਉਂ ਲੱਗ ਜਾਂਦਾ ਹੈ।

* ਡਰ ਦਾ ਮੁੱਖ ਕਾਰਨ ਕਿਸੇ ਵਿਸ਼ੇ ਵਿੱਚ ਜਾਣਕਾਰੀ ਦੀ ਘਾਟ ਹੋਣਾ ਹੁੰਦਾ ਹੈ। ਬੁਢਾਪੇ ਵਿੱਚ ਦਿਮਾਗੀ ਸੈੱਲ ਜਿਨ੍ਹਾਂ ਨੂੰ ਨਿਊਰੋਨ ਕਹਿੰਦੇ ਹਨ, ਦੀ ਘਾਟ ਹੋ ਜਾਂਦੀ ਹੈ। ਇਸ ਲਈ ਵੱਧ ਉਮਰ ਦੇ ਵਿਅਕਤੀ ਸਾਰੀਆਂ ਗੱਲਾਂ ਦਾ ਠੀਕ ਢੰਗ ਨਾਲ ਨਿਰਣਾ ਨਹੀਂ ਕਰ ਸਕਦੇ। ਸੋ, ਉਹ ਡਰਨ ਲੱਗ ਜਾਂਦੇ ਹਨ।

? ਦੋ ਤਿੰਨ ਮਹੀਨੇ ਪਿੱਛੋਂ ਆਦਮੀ ਨੂੰ ਉਦਾਸੀ ਜਿਹੀ ਕਿਉਂ ਆ ਜਾਂਦੀ ਹੈ ਜਦੋਂ ਉਹ ਖੁਸ਼ੀ ਵਿੱਚ ਖੇਡ ਰਿਹਾ ਹੁੰਦਾ ਹੈ, ਉਦੋਂ ਹੀ ਕਿਉਂ ਉਹਦਾ ਮਨ ਡਿੱਗੂੰ-ਡਿੱਗੂੰ ਕਰਨ ਲੱਗ ਪੈਂਦਾ ਹੈ।

* ਇਸਦਾ ਕਾਰਨ ਵੀ ਸਾਰੀਆਂ ਗੱਲਾਂ ਆਪਣੀ ਇੱਛਾ ਅਨੁਸਾਰ ਨਾ ਹੋਣਾ ਹੁੰਦਾ ਹੈ ਕਿਉਂਕਿ ਕਿਸੇ ਪਰਿਵਾਰ ਵਿੱਚ ਜਾਂ ਦਫ਼ਤਰ ਵਿੱਚ ਹਰੇਕ ਵਿਅਕਤੀ ਦੀਆਂ ਇੱਛਾਵਾਂ ਹੁੰਦੀਆਂ ਹਨ। ਕਈ ਵਾਰ ਕਿਸੇ ਹੋਰ ਵਿਅਕਤੀ ਦੀਆਂ ਇੱਛਾਵਾਂ ਪੂਰਨ ਹੋ ਜਾਂਦੀਆਂ ਹਨ। ਇਸ ਲਈ ਅਪੂਰਨ ਇੱਛਾਵਾਂ ਵਾਲੇ ਵਿਅਕਤੀਆਂ 'ਤੇ ਨਿਰਾਸ਼ਤਾ ਛਾ ਜਾਂਦੀ ਹੈ।

? ਜਿਸ ਬਿਮਾਰੀ ਨੂੰ ਕਹਿ ਦਿੰਦੇ ਨੇ ਕਿ ਮਾਤਾ ਹੋਈ ਹੈ। ਉਸ ਬਿਮਾਰੀ ਦਾ ਕੀ ਨਾਮ ਹੈ। ਕਿਸ ਤਰ੍ਹਾਂ ਹਟਦੀ ਹੈ।

* ਅੰਧਵਿਸ਼ਵਾਸੀ ਜਨਤਾ ਵੱਲੋਂ ਇਹ ਨਾ 'ਚੇਚਕ' ਬਿਮਾਰੀ ਨੂੰ ਦਿੱਤਾ ਗਿਆ ਸੀ। ਉਹ ਸਮਝਦੇ ਸੀ ਕਿ ਇਹ ਬਿਮਾਰੀ ਦੇਵੀ ਮਾਤਾ ਦੀ ਕਰੋਪੀ ਕਾਰਨ ਹੁੰਦੀ ਹੈ ਪਰ ਵਿਗਿਆਨ ਨੇ ਉਹਨਾਂ ਦੀ ਇਸ ਅਗਿਆਨਤਾ ਦੇ ਰਹੱਸ ਤੋਂ ਪਰਦਾ ਹੀ ਨਹੀਂ ਚੁੱਕਿਆ ਸਗੋਂ ਧਰਤੀ ਤੋਂ 'ਚੇਚਕ' ਨਾਂ ਦੀ ਬਿਮਾਰੀ ਅਤੇ ਇਸ ਨੂੰ ਫੈਲਾਉਣ ਵਾਲੇ ਜੀਵਾਣੂਆਂ ਦਾ ਖੁਰਾ-ਖੋਜ ਹੀ ਮਿਟਾ ਦਿੱਤਾ ਹੈ, ਅੱਜ ਇਸ ਬਿਮਾਰੀ ਦੇ ਜੀਵਾਣੂ ਦੁਨੀਆਂ ਦੀਆਂ ਸਿਰਫ ਦੋ ਜਾਂ ਤਿੰਨ ਪ੍ਰਯੋਗਸ਼ਲਾਵਾਂ ਵਿੱਚ ਬੰਦ ਪਏ ਹਨ ਪਰ ਅੰਧਵਿਸ਼ਵਾਸੀਆਂ ਨੇ ਇਸ ਗੱਲ ਤੋਂ ਕੋਈ ਸਬਕ ਨਹੀਂ ਸਿੱਖਣਾ ਹੈ ਸਗੋਂ ਕਿਸੇ ਹੋਰ ਅੰਧਵਿਸ਼ਵਾਸ ਦੇ ਪਿੱਛਲੱਗ ਬਣ ਜਾਣਾ ਹੈ।

? ਜਿਸ ਵਕਤ ਸਾਨੂੰ ਬੁਖਾਰ ਚੜ੍ਹਦਾ ਹੈ ਤਾਂ ਉਸ ਸਮੇਂ ਸਾਡੇ ਸਰੀਰ ਵਿੱਚ ਕਿਹੜੀ ਚੀਜ਼ ਹੈ ਜਿਹੜੀ ਸਾਡੇ ਸਰੀਰ ਦਾ ਤਾਪਮਾਨ ਵਧਾ ਦਿੰਦੀ ਹੈ।

* ਬੁਖਾਰ ਸਮੇਂ ਸਰੀਰ ਵਿਚਲੇ ਖ਼ੂਨ ਦੇ ਚਿੱਟੇ ਸੈੱਲਾਂ ਵਿੱਚ ਕੁਝ ਅਜਿਹੀਆਂ ਰਸਾਇਣ ਕਿਰਿਆਵਾਂ ਹੁੰਦੀਆਂ ਹਨ। ਜਿਨ੍ਹਾਂ ਵਿੱਚੋਂ ਗਰਮੀ ਪੈਦਾ ਹੁੰਦੀ ਹੈ। ਇਸ ਲਈ ਮਨੁੱਖ ਨੂੰ ਬੁਖਾਰ ਚੜ੍ਹ ਜਾਂਦਾ ਹੈ।

? ਜਿਸ ਬੰਦੇ ਤੋਂ ਬੰਦਾ ਘਬਰਾਹਟ ਖਾਂਦਾ ਹੈ ਉਸ ਦੇ ਸਾਹਮਣੇ ਆਉਣ ਤੇ ਸਾਹ ਕਿਉਂ ਬੰਦ ਹੋ ਜਾਂਦਾ ਹੈ।

* ਮਨੁੱਖ ਦੀਆਂ ਬਹੁਤ ਸਾਰੀਆਂ ਕਿਰਿਆਵਾਂ ਮਾਨਸਿਕ ਪ੍ਰਭਾਵਾਂ ਨੂੰ ਕਬੂਲਦੀਆਂ ਹਨ। ਦਿਲ ਦੀ ਗਤੀ ਅਤੇ ਸਾਹ ਕਿਰਿਆ ਆਦਿ ਵੀ ਮਨ ਦੁਆਰਾ ਪ੍ਰਭਾਵਿਤ ਹੁੰਦੇ ਹਨ। ਇਸ ਲਈ ਜਦੋਂ ਕੋਈ ਅਣਇੱਛਤ ਵਿਅਕਤੀ ਸਾਡੇ ਸਾਹਮਣੇ ਆਉਂਦਾ ਹੈ ਤਾਂ ਇਹ ਪ੍ਰਣਾਲੀਆਂ ਪ੍ਰਭਾਵਿਤ ਹੋ ਜਾਂਦੀਆਂ ਹਨ।

? ਮਿੱਤਰ ਜੀ ਕੀ ਵਾਰ ਵਾਰ ਖ਼ੂਨ ਦਾਨ ਕਰਨ ਨਾਲ ਬਲੱਡ ਪ੍ਰੈਸ਼ਰ ਦੀ ਬਿਮਾਰੀ ਹੋ ਜਾਂਦੀ ਹੈ।

* ਵਾਰ ਵਾਰ ਖ਼ੂਨ ਦਾਨ ਕਰਨ ਨਾਲ ਬਲੱਡ ਪ੍ਰੈਸ਼ਰ ਦੀ ਬਿਮਾਰੀ ਦਾ ਕੋਈ ਸੰਬੰਧ ਨਹੀਂ।

? ਇੱਕ ਵਰਤੀ ਹੋਈ ਸੂਈ ਨੂੰ ਦੁਬਾਰਾ ਵਰਤਣ ਨਾਲ ਏਡਜ਼ ਹੋ ਜਾਂਦੀ ਹੈ ਪਰ ਜੇਕਰ ਮੱਛਰ ਕਿਸੇ ਏਡਜ਼ ਗ੍ਰਸਤ ਵਿਅਕਤੀ ਨੂੰ ਡੰਗ ਦੇਵੇ ਅਤੇ ਬਾਅਦ ਵਿੱਚ ਕਿਸੇ ਆਮ ਆਦਮੀ ਨੂੰ ਕੱਟ ਦੇਵੇ ਕੀ ਇਸ ਨਾਲ ਵੀ ਏਡਜ਼ ਹੋ ਜਾਂਦੀ ਹੈ।

* ਵਰਤੀ ਹੋਈ ਸੂਈ ਚਮੜੀ ਦੀਆਂ ਅੰਦਰਲੀਆਂ ਤਹਿਆਂ ਵਾਲੇ ਖ਼ੂਨ ਦੇ ਸੰਪਰਕ ਵਿੱਚ ਆ ਜਾਂਦੀ ਹੈ। ਜਿਸ ਵਿੱਚ ਏਡਜ਼ ਦੇ ਕੀਟਾਣੂ ਪਏ ਹੁੰਦੇ ਹਨ। ਪਰ ਮੱਛਰ ਤਾਂ ਸਿਰਫ ਉੱਪਰਲੀਆਂ ਤਹਿਆਂ ਵਾਲੇ ਖ਼ੂਨ ਤੱਕ ਹੀ ਸੀਮਿਤ ਰਹਿੰਦਾ ਹੈ। ਇਸ ਲਈ ਮੱਛਰ ਦੇ ਏਡਜ਼ ਦੇ ਰੋਗੀ ਨੂੰ ਕੱਟ ਕੇ ਦੂਸਰੇ ਵਿਅਕਤੀ ਨੂੰ ਕੱਟਣ ਨਾਲ ਏਡਜ਼ ਨਹੀਂ ਹੁੰਦੀ।

? ਕੀ ਪੋਲਿਓ ਨਾਲ ਲਕਵਾ ਦੇ ਮਾਰਨ ਕਾਰਨ ਉਸ ਅੰਗ ਦਾ ਇਲਾਜ ਦੁਬਾਰਾ ਹੋ ਨਹੀਂ ਸਕਦਾ?

* ਸੰਸਾਰ ਵਿਚ ਅਜਿਹੀ ਦਵਾਈ ਅਜੇ ਤੱਕ ਨਹੀਂ ਬਣੀ ਜਿਹੜੀ ਪੋਲੀਓ ਕਾਰਨ ਮਰ ਚੁੱਕੇ ਸੈਲਾਂ ਨੂੰ ਮੁੜ ਜੀਵਤ ਕਰ ਸਕੇ।

? ਮਾਸ ਸੁੰਨ ਕਰਨ ਵਾਲਾ ਟੀਕਾ ਕਿਵੇਂ ਕੰਮ ਕਰਦਾ ਹੈ ਇਸ ਨਾਲ ਮਾਸ ਕਿਵੇਂ ਸੁੰਨ ਹੋ ਜਾਂਦਾ ਹੈ ਤੇ ਸੁੰਨ ਮਾਸ ਨੂੰ ਪੀੜ ਕਿਉਂ ਨਹੀਂ ਹੁੰਦੀ।

* ਮਾਸ ਸੁੰਨ ਕਰਨ ਵਾਲਾ ਟੀਕਾ ਸਰੀਰ ਦੇ ਉਸ ਹਿੱਸੇ, ਜਿਸ ਵਿੱਚ ਇਹ ਲਾਇਆ ਜਾਂਦਾ ਹੈ ਉਸ ਵਿੱਚੋਂ ਦਿਮਾਗ ਨੂੰ ਸੁਨੇਹਾ ਲਿਆਉਣ ਅਤੇ ਲਿਜਾਣ ਵਾਲੇ ਨਾੜੀ-ਪ੍ਰਬੰਧ ਨੂੰ ਵਕਤੀ ਤੌਰ 'ਤੇ ਕਿਰਿਆਸ਼ੀਲ ਨਹੀਂ ਰਹਿਣ ਦਿੰਦਾ। ਇਸ ਲਈ ਸਾਨੂੰ ਕੋਈ ਪੀੜ ਨਹੀਂ ਹੁੰਦੀ।

? ਕਈ ਡਾਕਟਰਾਂ ਦੀ ਸਲਾਹ ਹੈ ਕਿ ਭੋਜਨ ਭੁੱਖ ਅਨੁਸਾਰ ਰੱਜ ਕੇ ਖਾਣਾ ਚਾਹੀਦਾ ਹੈ ਅਤੇ ਕਈ ਆਖਦੇ ਹਨ ਕਿ ਭੋਜਨ ਰੱਜ ਕੇ ਨਹੀਂ ਖਾਣਾ ਚਾਹੀਦਾ। ਇਸ ਸਬੰਧੀ ਸ਼ੰਕਾ ਨਵਿਰਤੀ ਕਰੋ।

* ਘੱਟ ਉਮਰ ਦੇ ਵਿਅਕਤੀਆਂ ਨੂੰ ਤਾਂ ਆਪਣੀ ਖ਼ੁਰਾਕ ਠੀਕ ਮਾਤਰਾ ਵਿਚ ਲੈਣੀ ਚਾਹੀਦੀ ਹੈ ਅਤੇ ਜਿਹੜੇ ਵਿਅਕਤੀਆਂ ਦੀ ਓਮਰ 30 ਸਾਲ ਤੋਂ ਟੱਪ ਜਾਂਦੀ ਹੈ ਤੇ ਉਹ ਜ਼ੋਰ ਵਾਲਾ ਕੰਮ ਨਹੀਂ ਕਰਦੇ ਤਾਂ ਅਜਿਹੇ ਵਿਅਕਤੀਆਂ ਨੂੰ ਆਪਣੀ ਖ਼ੁਰਾਕ ਘੱਟ ਤੋਂ ਘੱਟ ਹੀ ਲੈਣੀ ਚਾਹੀਦੀ ਹੈ। ਵੱਧ ਖ਼ੁਰਾਕ ਸਰੀਰ ਵਿਚ ਵੱਧ ਬਿਮਾਰੀਆਂ ਪੈਦਾ ਕਰਦੀ ਹੈ।

? ਏਡਜ਼ ਦੀ ਸ਼ੁਰੂਆਤ ਕਿੱਥੋਂ, ਕਦੋਂ ਤੇ ਕਿਵੇਂ ਹੋਈ। ਵਿਆਖਿਆ ਕਰੋ।

* ਏਡਜ਼ ਦੀ ਬਿਮਾਰੀ ਦਾ ਪਹਿਲਾ ਮਰੀਜ਼ 1978 ਵਿਚ ਅਮਰੀਕਾ ਵਿਚੋਂ ਮਿਲਿਆ ਸੀ। ਅਮਰੀਕਾ ਦੇ ਸਿਹਤ ਵਿਭਾਗ ਨੇ 1982 ਵਿਚ ਇਕ ਰਿਪੋਰਟ ਛਾਪੀ ਸੀ ਜਿਸ ਵਿਚ ਦੱਸਿਆ ਗਿਆ ਸੀ ਕਿ ਇਸ ਬਿਮਾਰੀ ਨਾਲ ਲਗਭਗ 100 ਵਿਅਕਤੀ ਮਰ ਚੁੱਕੇ ਹਨ। ਇਸ ਬਿਮਾਰੀ ਦੇ ਵਾਇਰਸ ਬਾਂਦਰਾਂ ਵਿਚ ਵੀ ਮਿਲੇ ਹਨ। ਜਿਸ ਤੋਂ ਸਪੱਸ਼ਟ ਹੋਇਆ ਕਿ ਇਹ ਬਿਮਾਰੀ ਬਾਂਦਰਾਂ ਤੋਂ ਕਿਸੇ ਨਾ ਕਿਸੇ ਢੰਗ ਰਾਹੀਂ ਮਨੁੱਖਾਂ ਵਿਚ ਪ੍ਰਵੇਸ਼ ਹੋਈ ਹੈ।

? ਆਦਮੀ ਕੋਮਾ ਵਿੱਚ ਕਿਵੇਂ ਪਹੁੰਚ ਜਾਂਦਾ?

* ਕਿਸੇ ਕਾਰਨ ਮਨੁੱਖੀ ਦਿਮਾਗ ਦੇ ਕੰਮ ਛੱਡ ਜਾਣ ਦੀ ਹਾਲਤ ਨੂੰ ਕੋਮਾ ਕਿਹਾ ਜਾਂਦਾ ਹੈ। ਡਾਕਟਰਾਂ ਨੇ ਆਪਣੇ ਵਿਕਸਿਤ ਔਜ਼ਾਰਾਂ ਰਾਹੀਂ ਮਨੁੱਖੀ ਸਾਹ ਕਿਰਿਆ ਅਤੇ ਖ਼ੂਨ-ਸੰਚਾਰ ਪ੍ਰਣਾਲੀ ਨੂੰ ਅਜਿਹੀ ਹਾਲਤ ਵਿੱਚ ਵੀ ਚਾਲੂ ਰੱਖਣ ਦੇ ਢੰਗ ਵਿਕਸਿਤ ਕਰ ਲਏ ਹਨ। ਇਸ ਲਈ ਦਿਮਾਗ ਦੇ ਕੰਮ ਛੱਡ ਦੇਣ ਦੀ ਹਾਲਤ ਵਿਚ ਵੀ ਡਾਕਟਰ ਮਰੀਜ਼ ਦੇ ਫੇਫੜਿਆਂ ਅਤੇ ਦਿਲ ਚਾਲੂ ਰੱਖ ਕੇ ਉਸ ਵਿਅਕਤੀ ਦੀ ਉਮਰ ਨੂੰ ਕੁਝ ਦਿਨਾਂ ਲਈ ਵਧਾ ਦਿੰਦੇ ਹਨ। ਕਈ ਵਾਰੀ ਇਸ ਸਮੇਂ ਦੌਰਾਨ ਰੋਗ ਉੱਪਰ ਪੂਰੀ ਤਰ੍ਹਾਂ ਕਾਬੂ ਪਾ ਲਿਆ ਜਾਂਦਾ ਹੈ ਤੇ ਵਿਅਕਤੀ ਸਦਾ ਲਈ ਬਚ ਜਾਂਦਾ ਹੈ।

? ਖ਼ੁਰਕ ਆਦਮੀ ਨੂੰ ਕਿਉਂ ਹੁੰਦੀ ਹੈ।

* ਖ਼ੁਰਕ ਬਾਹਰੀ ਪਦਾਰਥਾਂ ਜਾਂ ਜੀਵਾਂ ਤੋਂ ਚਮੜੀ ਨੂੰ ਹੋਣ ਵਾਲੀ ਐਲਰਜੀ ਦਾ ਨਾਂ ਹੈ।

? ਐਲਰਜੀ ਦਾ ਕੀ ਕਾਰਨ ਹੁੰਦਾ ਹੈ ਤੇ ਇਸ ਨੂੰ ਕਿਹੜੀ ਦਵਾਈ ਨਾਲ ਦੂਰ ਕੀਤਾ ਜਾ ਸਕਦਾ ਹੈ।

* ਐਲਰਜੀ ਸਰੀਰ ਦੀ ਵੱਖ-ਵੱਖ ਪਦਾਰਥਾਂ ਪ੍ਰਤੀ ਸੰਵੇਦਨਸ਼ੀਲਤਾ ਕਾਰਨ ਪੈਦਾ ਹੋਈ ਪ੍ਰਤੀਕਿਰਿਆ ਹੈ। ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਪਦਾਰਥ ਤੋਂ ਇਹ ਪ੍ਰਤੀਕਿਰਿਆ ਹੋ ਸਕਦੀ ਹੈ। ਕਿਸੇ ਨੂੰ ਮਿੱਟੀ-ਘੱਟੇ ਤੋਂ, ਕਿਸੇ ਹੋਰ ਨੂੰ ਆਟੇ ਤੋਂ, ਕਿਸੇ ਨੂੰ ਸਾਬਣ ਤੋਂ ਐਲਰਜੀ ਹੋ ਸਕਦੀ ਹੈ। ਐਲਰਜੀ ਦਾ ਇਲਾਜ ਦਵਾਈ ਨਾਲ ਸੰਭਵ ਹੈ। ਅੱਜ ਕੱਲ੍ਹ ਡਾਕਟਰਾਂ ਕੋਲ ਬਹੁਤ ਸਾਰੇ ਅਜਿਹੇ ਟੈਸਟ ਆ ਗਏ ਹਨ ਜਿਹੜੇ ਐਲਰਜੀ ਨੂੰ ਟੈਸਟ ਕਰ ਕੇ ਦੱਸ ਦਿੰਦੇ ਹਨ ਕਿ ਕਿਸ ਵਿਅਕਤੀ ਨੂੰ ਕਿਸ ਚੀਜ਼ ਤੋਂ ਐਲਰਜੀ ਹੈ ਅਤੇ ਫੇਰ ਕਿਹੜੀ ਦਵਾਈ ਕਿਸ ਐਲਰਜ਼ੀ ਨੂੰ ਖ਼ਤਮ ਕਰ ਸਕਦੀ ਹੈ।

? ਕੀ ਸ਼ੂਗਰ ਦੀ ਬੀਮਾਰੀ ਜ਼ਿਆਦਾ ਮਿੱਠੀਆਂ ਚੀਜ਼ਾਂ ਖਾਣ ਨਾਲ ਹੁੰਦੀ ਹੈ।

* ਸ਼ੂਗਰ ਦੀ ਬੀਮਾਰੀ ਜ਼ਿਆਦਾ ਮਿੱਠੀਆਂ ਚੀਜ਼ਾਂ ਖਾਣ ਨਾਲ ਨਹੀਂ ਹੁੰਦੀ। ਸਗੋਂ ਸਰੀਰ ਦੇ ਇੱਕ ਗ੍ਰੰਥੀ ਪੈਂਕਰੀਆ ਦੇ ਇੰਨਸੂਲੀਨ ਘੱਟ ਮਾਤਰਾ ਵਿੱਚ ਪੈਦਾ ਕਰਨ ਕਾਰਨ ਹੁੰਦੀ ਹੈ।

? ਸਾਡੇ ਪਿੰਡ ਦੇ ਇੱਕ ਸੱਜਣ ਏਡਜ਼ ਦਾ ਇਲਾਜ ਕਰਨ ਦਾ ਦਾਅਵਾ ਕਰਦੇ ਹਨ। ਦੇਸ਼ ਸੇਵਕ ਵਿੱਚ ਇਸ਼ਤਿਹਾਰ ਵੀ ਦਿੱਤੇ ਹਨ। ਕੀ ਇਹ ਸੰਭਵ ਹੈ।

* ਹਿੰਦੋਸਤਾਨ ਵਿੱਚ ਬਹੁਤ ਸਾਰੇ ਨੀਮ-ਹਕੀਮ ਅਜਿਹੇ ਹਨ ਜਿਹੜੇ ਅਕਸਰ ਅਜਿਹੀਆਂ ਗੱਲਾਂ ਬਾਰੇ ਵਧਾ-ਚੜ੍ਹਾ ਕੇ ਆਪਣੇ ਬਿਆਨ ਦਿੰਦੇ ਹੀ ਰਹਿੰਦੇ ਹਨ। ਕੋਈ ਵੀ ਅਜਿਹੀ ਇਲਾਜ ਬੀਮਾਰੀ ਹੋਵੇ ਤਾਂ ਸੈਂਕੜਿਆਂ ਦੀ ਗਿਣਤੀ ਵਿੱਚ ਇੱਥੋਂ ਦੇ ਭੱਦਰ-ਪੁਰਸ਼ ਆਪਣੇ ਦਾਅਵੇ ਕਰਨ ਲੱਗ ਜਾਂਦੇ ਹਨ। ਉਨ੍ਹਾਂ ਦਾ ਮੰਤਵ ਇਨ੍ਹਾਂ ਦਾ ਇਲਾਜ ਕਰਨਾ ਨਹੀਂ ਹੁੰਦਾ ਸਗੋਂ ਕੁਝ ਭੋਲੇ-ਭਾਲੇ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾ ਕੇ ਉਨ੍ਹਾਂ ਦੀ ਆਰਥਿਕ ਲੁੱਟ ਕਰਨਾ ਹੁੰਦਾ ਹੈ। ਪੰਜਾਬ ਵਿੱਚ ਹੀ ਤੁਹਾਨੂੰ ਹੋਮਿਓਪੈਥੀ ਦੇ ਅਜਿਹੇ ਹਜ਼ਾਰਾਂ ਡਾਕਟਰ ਮਿਲ ਜਾਣਗੇ ਜਿਹੜੇ ਹਿੱਕ ਠੋਕ ਕੇ ਕਹਿਣਗੇ ਕਿ ਮੇਰੀ ਦਵਾਈ ਸ਼ੂਗਰ ਨੂੰ ਜੜੋਂ ਖਤਮ ਕਰ ਸਕਦੀ ਹੈ। ਮੈਂ ਅਜਿਹੇ ਹੋਮਿਓਪੈਥਾਂ ਨੂੰ ਚੁਣੌਤੀ ਦਿੰਦਾ ਹਾਂ ਕਿ ਮੈਂ ਉਨ੍ਹਾਂ ਸਾਹਮਣੇ ਦਸ ਸ਼ੂਗਰ ਦੇ ਮਰੀਜ਼ ਪੇਸ਼ ਕਰ ਸਕਦਾ ਹਾਂ ਜਿਹੜੇ ਉਨ੍ਹਾਂ ਦੀਆਂ ਹਦਾਇਤਾਂ ਅਨੁਸਾਰ ਦਵਾਈ ਲੈਣਗੇ। ਜੇ ਉਨ੍ਹਾਂ ਵਿੱਚੋਂ ਉਹ ਪੰਜ ਮਰੀਜ਼ਾਂ ਨੂੰ ਵੀ ਠੀਕ ਕਰ ਦੇਣਗੇ ਤਾਂ ਮੈਂ 5 ਲੱਖ ਰੁਪਏ ਇਨਾਮ ਆਪਣੀ ਜੇਬ ਵਿੱਚੋਂ ਦੇ ਦੇਵਾਂਗੇ। ਪਰ ਚੁਣੌਤੀ ਕਬੂਲਣ ਵਾਲੇ ਨੂੰ ਪੰਜ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾ ਕਰਵਾਉਣਾ ਪਵੇਗਾ ਅਤੇ ਪ੍ਰਯੋਗ 'ਤੇ ਆਉਣ ਵਾਲੇ ਖਰਚੇ ਲਈ ਹਾਰਨ ਵਾਲੀ ਧਿਰ ਜੁੰਮੇਵਾਰ ਹੋਵੇਗੀ। ਏਡਜ਼ ਦੇ ਇਲਾਜ ਦਾ ਦਾਅਵਾ ਕਰਨ ਵਾਲੇ ਇਸ ਹਕੀਮ ਨੂੰ ਵੀ ਮੇਰੀ ਚੁਣੌਤੀ ਪੁਚਾ ਦੇਣਾ ਤੇ ਦੱਸ ਦੇਣਾ ਕਿ ਏਡਜ਼ ਦੇ ਇਲਾਜ ਲਈ ਵੀ ਮੈਂ ਸਿਰਫ ਭਾਰਤੀਆਂ ਲਈ ਪੰਜ ਲੱਖ ਰੁਪਏ ਦਾ ਇਨਾਮ ਰੱਖਿਆ ਹੈ।

? 8.9. ੜ. ਵਿਸ਼ਾਣੂ ਦਾ ਪੂਰਾ ਨਾਂ ਕੀ ਹੈ?

* 8.9.ੜ. ਵਾਇਰਸ ਦਾ ਮਤਲਬ ਹੁੰਦਾ ਹੈ ਹਿਉਮਨ ਇਮੀਨੋ ਡਿਫੀਸੈਂਸੀ ਵਾਇਰਸ।

? ਕਈ ਵਾਰ ਕਿਸੇ ਆਦਮੀ ਦੇ ਸਰੀਰ ਤੇ ਛੋਟੇ-ਛੋਟੇ ਦਾਗ ਪੈ ਜਾਂਦੇ ਹਨ। ਇਸ ਦਾ ਕੀ ਕਾਰਨ ਹੈ?

* ਦਾਗਾਂ ਦੇ ਪੈਦਾ ਹੋਣ ਦਾ ਕਾਰਨ ਕਿਸੇ ਸਥਾਨ ਤੋਂ ਸੈੱਲਾਂ ਦਾ ਟੁੱਟ-ਫੁੱਟ ਜਾਣਾ ਜਾਂ ਰੰਗ ਵਟਾ ਜਾਣਾ ਹੁੰਦਾ ਹੈ।

? ਬੱਚਿਆਂ ਨੂੰ ਜੁਕਾਮ, ਖਾਂਸੀ ਆਮ ਬਿਮਾਰੀਆਂ ਹਨ ਪਰ ਇਨ੍ਹਾਂ ਬਿਮਾਰੀਆਂ ਕਰਕੇ ਲੋੜ ਤੋਂ ਵੱਧ ਚੈਰੀਕੋਫ ਦੇਣ ਨਾਲ ਕੋਈ ਨੁਕਸਾਨ ਤਾਂ ਨਹੀਂ? ਜਾਂ ਵੱਡਿਆਂ ਹੋਇਆਂ ਨੂੰ ਕੋਈ ਨੁਕਸਾਨ। ਸੀ. ਪੀ. ਐਮ. ਦੀਆਂ ਗੋਲੀਆਂ ਨਾਲ ਬੱਚਿਆਂ ਦੀ ਸਿਹਤ 'ਤੇ ਕੀ ਅਸਰ ਪੈਂਦਾ ਹੈ।

* ਸਰੀਰਕ ਬਿਮਾਰੀਆਂ ਕਰਕੇ ਦਵਾਈ ਲੈਣਾ ਸਾਡੀ ਲੋੜ ਹੁੰਦਾ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਹਰ ਦਵਾਈ ਸਾਡੇ ਸਰੀਰ ਲਈ ਥੋੜ੍ਹੀ-ਬਹੁਤ ਨੁਕਸਾਨਦਾਇਕ ਹੁੰਦੀ ਹੀ ਹੈ, ਪਰ ਬਿਮਾਰੀਆਂ ਨੂੰ ਠੀਕ ਕਰਨ ਲਈ ਦਵਾਈਆਂ ਤਾਂ ਮਜ਼ਬੂਰੀਵੱਸ ਲੈਣੀਆਂ ਹੀ ਪੈਂਦੀਆਂ ਹਨ। ਸੋ ਤੁਸੀਂ ਆਪਣੇ ਡਾਕਟਰ ਤੋਂ ਇਨ੍ਹਾਂ ਦਾ ਬਦਲ ਪੁੱਛ ਸਕਦੇ ਹੋ।

? ਜਿਸ ਵਿਅਕਤੀ ਨੂੰ ਅਧਰੰਗ ਹੋਣ ਵਾਲੇ ਲੱਛਣ ਦਿਖਾਈ ਦੇਣ ਉਸ ਨੂੰ ਅਫੀਮ ਦੇਣ ਨਾਲ ਉਸਦਾ ਅਧਰੰਗ ਰੁਕ ਜਾਂਦਾ ਹੈ। ਅਜਿਹਾ ਕਿਉਂ?

* ਬਲੱਡ ਪ੍ਰੈਸ਼ਰ ਕਾਰਨ ਖ਼ੂਨ ਦੀਆਂ ਨਾੜੀਆਂ ਵਿੱਚ ਦਬਾਓ ਵਧ ਜਾਂਦਾ ਹੈ। ਇਸ ਨਾਲ ਕਈ ਵਾਰੀ ਦਿਲ ਫੇਲ੍ਹ ਹੋ ਜਾਂਦਾ ਹੈ ਜਾਂ ਦਿਮਾਗ ਦੀ ਕੋਈ ਨਾੜ ਫਟ ਜਾਂਦੀ ਹੈ। ਜੇ ਦਿਮਾਗ ਦੀ ਨਾੜੀ ਫਟ ਜਾਂਦੀ ਹੈ ਤਾਂ ਕਈ ਵਾਰ ਸਾਡੇ ਦਿਮਾਗ ਦੇ ਖੱਬੇ ਹਿੱਸੇ ਵਿੱਚ ਖ਼ੂਨ ਭਰ ਜਾਂਦਾ ਹੈ। ਖੱਬਾ ਹਿੱਸਾ ਕਿਉਂਕਿ ਸਰੀਰ ਦੇ ਸੱਜੇ ਅੰਗਾਂ ਨੂੰ ਕੰਟਰੋਲ ਕਰਦਾ ਹੈ। ਇਸ ਲਈ ਸੱਜੇ ਪਾਸੇ ਦਾ ਅਧਰੰਗ ਹੋ ਜਾਂਦਾ ਹੈ।

ਸ਼ਾਇਦ ਥੋੜ੍ਹੀ ਜਿਹੀ ਮਾਤਰਾ ਵਿੱਚ ਅਫੀਮ ਖਾਣ ਨਾਲ ਜਾਂ ਕੁਝ ਹੋਰ ਦਵਾਈਆਂ ਖ਼ੂਨ ਦੇ ਥੱਕੇ ਬਣਨ ਤੋਂ ਰੋਕਦੀਆਂ ਹਨ ਪਰ ਇਹਨਾਂ ਦੀ ਵਰਤੋਂ ਡਾਕਟਰ ਦੀ ਸਲਾਹ ਨਾਲ ਹੀ ਕਰਨੀ ਚਾਹੀਦੀ ਹੈ।

? ਇਹ ਦੱਸੋ ਕਿ ਭਾਰਤ ਵਿੱਚ ਏਡਜ਼ ਦੀ ਕੋਈ ਦਵਾਈ ਹੈ, ਜੇ ਹੈ ਤਾਂ ਕਿਹੜੀ ਅਤੇ ਕਿੱਥੋਂ ਉਪਲਬਧ ਹੈ।

* 194+: ਨਾਂ ਦੀ ਦਵਾਈ ਏਡਜ਼ ਰੋਗ ਲਈ ਵਰਤੀ ਜਾਂਦੀ ਹੈ। ਇਹ ਏਡਜ਼ ਖਤਮ ਨਹੀਂ ਕਰਦੀ ਪਰ ਰੋਗੀ ਦੀ ਉਮਰ ਜ਼ਰੂਰ ਵਧਾ ਦਿੰਦੀ ਹੈ ਤੇ ਇਸ ਦਾ ਅੰਦਾਜ਼ਨ ਖਰਚ ਦੋ ਲੱਖ ਪ੍ਰਤੀ ਸਾਲ ਹੁੰਦਾ ਹੈ।

ਮਾਹਿਰ ਡਾਕਟਰਾਂ ਦੀ ਦੇਖ-ਰੇਖ ਵਿੱਚ ਹੀ ਇਹ ਦਵਾਈ ਇਸਤੇਮਾਲ ਕਰਨੀ ਚਾਹੀਦੀ ਹੈ। ਐਚ. ਆਈ. ਵੀ. ਪੋਜੀਟਿਵ ਵਿਅਕਤੀ ਨੂੰ ਕਿਹੋ ਜਿਹੀ ਖ਼ੁਰਾਕ ਲੈਣੀ ਚਾਹੀਦੀ ਹੈ?

ਐਚ. ਆਈ. ਵੀ. ਪਾਜ਼ਿਟਿਵ ਵਿਅਕਤੀਆਂ ਨੂੰ ਅਜਿਹੀ ਖ਼ੁਰਾਕ ਹੀ ਲੈਣੀ ਚਾਹੀਦੀ ਹੈ ਜਿਹੜੀ ਬਿਮਾਰੀ ਨੂੰ ਘੱਟ ਤੋਂ ਘੱਟ ਸੱਦਾ ਦਿੰਦੀ ਹੋਵੇ ਕਿਉਂਕਿ ਇਸ ਬਿਮਾਰੀ ਵਿੱਚ ਬੰਦੇ ਦੀ ਪ੍ਰਤੀਰੋਧੀ ਸ਼ਕਤੀ ਘਟ ਜਾਂਦੀ ਹੈ। ਇਸ ਲਈ ਕਿਸੇ ਵੀ ਬਿਮਾਰੀ ਦਾ ਹਮਲਾ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗਰੀਬੀ ਦੀ ਰੋਕਥਾਮ ਨਹੀਂ ਹੈ ਰਿਜ਼ਰਵੇਸ਼ਨ

ਸੰਵਿਧਾਨ ਦੇ ਨਿਰਮਾਤਾਵਾਂ ਨੇ ਅਨੁਛੇਦ 340 ਵਿਚ ਇਹ ਵਿਵਸਥਾ ਕੀਤੀ ਕਿ ਸਮਾਜਿਕ ਅਤੇ ਸਿੱਖਿਆ ਪੱਖੋਂ ਪੱਛੜੀਆਂ ਜਾਤੀਆਂ ਨੂੰ ਪਛਾਣ ਕੇ ਉਹਨਾਂ ਨੂੰ ਵੀ ਦਲਿਤਾਂ ਵਾਂਗ ਸਵੈ-ਪ੍ਰਤੀਨਿਧਤਾ ਦਾ ਲਾਭ ਦਿੱਤਾ ਜਾਵੇਗਾ। ਸੰਵਿਧਾਨ ਲਾਗੂ ਹੋਣ ਤੋਂ ਬਾਅਦ ਕਾਕਾ ਕਾਲੇਲਕਰ ਕਮੇਟੀ ਦਾ ਗਠਨ ਹੋਇਆ, ਪਰ ਜਾਤਆਂ 'ਤੇ ਸਹਿਮਤੀ ਨਹੀਂ ਬਣ ਸਕੀ। ਇਸਕਰਕੇ ਇਕ ਨਵੇਂ ਕਮਿਸ਼ਨ ਦਾ ਗਠਨ ਕੀਤਾ ਜਾਣਾ ਤਹਿ ਪਾਇਆ ਗਿਆ ਪਰ ਜਦੋਂ ਤੱਕ ਮੰਡਲ ਕਮਿਸ਼ਨ ਦਾ ਗਠਨ ਹੋਇਆ ਅਤੇ ਕਮਿਸ਼ਨ ਨੇ 3743 ਜਾਤੀਆਂ ਨੂੰ ਆਰਥਿਕ ਅਤੇ ਸਿੱਖਿਆ ਪੱਧਰ ਤੇ ਚੁਣ ਕੇ ਰਿਪੋਰਟ ਸੌਂਪੀ ਉਦੋਂ ਤੱਕ ਦੇਸ਼ ਵਿਚ ਭੂਮੀ-ਸੁਧਾਰ ਕਾਨੂੰਨ ਲਾਗੂ ਹੋ ਚੁੱਕਾ ਸੀ, ਨਾਲ ਹੀ ਨਾਲ ਹਰੀ ਕ੍ਰਾਂਤੀ ਵੀ ਆ ਚੁੱਕੀ ਸੀ। ਤੀਜੀ ਗੱਲ ਕਾਂਗਰਸ ਦਾ ਰਾਜਨੀਤਿਕ ਏਕਾਧਿਕਾਰ ਵੀ ਟੁੱਟਣ ਲੱਗਿਆਸੀ। ਇਹਨਾਂ ਤਿੰਨਾਂ ਹੀ ਗੱਲਾਂ ਦਾ ਲਾਭ ਮੰਡਲ ਕਮਿਸ਼ਨ ਵਿਚ ਚੁਣੀਆਂ ਕੁਝ ਜਾਤੀਆਂ ਨੂੰ ਹੋਇਆ। ਇਹ ਜਾਤੀਆਂ ਆਪਣੀ ਗਿਣਤੀ 'ਤੇ ਆਪਣੇ-ਆਪਣੇ ਰਾਜ ਦੀ ਰਾਜਨੀਤਿਕ ਸੱਤਾ ਤੱਥ ਪਹੁੰਚਣ ਵਿਚ ਸਫਲ ਹੋ ਗਈਆਂ। ਇੱਥੇ ਉਹਨਾਂ ਜਾਤੀਆਂ ਦਾ ਨਾਂ ਲੈਣਾ ਢੁਕਵਾਂ ਹੋਵੇਗਾ।

ਉਤਰੀ ਭਾਰਤ ਵਿਚ ਯਾਦਵ, ਕੁਰਮੀ, ਜਾਟ, ਗੁੱਜਰ ਅਤੇ ਦੱਖਣ ਵਿਚ ਵਨ੍ਹੀਅਰ, ਰੈਡੀ, ਕਾਂਮਾ, ਵੋਕਕਾਲਿੰਗਾ, ਲਿੰਗਾਇਤ, ਇਦਾਵਾ, ਪੱਛਮ ਵਿਚ ਮਰਾਠਾ, ਕੁੰਬੀ, ਪਾਟੀਦਾਰ ਅਤੇ ਪੂਰਬ ਵਿਚ ਯਾਦਵ ਅਤੇ ਕੋਰੀ। ਜੇਕਰ ਕਿਹਾ ਜਾਵੇ ਕਿ ਭਾਰਤ ਵਿਚ 1950 ਤੋਂ 1980 ਤੱਕ ਦੇ ਰਾਜਨੀਤਿਕ ਅਤੇ ਆਰਥਿਕ ਪਰਿਵਰਤਨ ਵਿਚ ਜਿੱਥੇ ਇਕ ਪਾਸੇ ਹੋਰ ਪੱਛੜੇ ਵਰਗ ਦੀਆਂ ਕੁਝ ਜਾਤੀਆਂ ਨੂੰ ਆਧੁਨਿਕਤਾ ਅਤੇ ਵਿਕਾਸ ਦਾ ਲਾਭ ਮਿਲਿਆ, ਉਥੇ ਜ਼ਿਆਦਾਤਰ ਜਾਤੀਆਂ ਵਿਕਾਸ ਦੇ ਫਲ ਤੋਂ ਵਾਂਝੀਆਂ ਰਹਿ ਗਈਆਂ। ਇਸ ਕਰਕੇ ਸਮਾਜ ਸ਼ਾਸਤਰੀ ਦ੍ਰਿਸ਼ਟੀਕੋਣ ਤੋਂ 'ਓ ਬੀ ਸੀ' (ਹੋਰ ਪੱਛੜੇ ਵਰਗ) ਨੂੰ ਇਕੱਲਿਆਂ ਰੂਪ ਵਿਚ ਨਹੀਂ ਦੇਖਿਆ ਜਾਣਾ ਚਾਹੀਦਾ। ਜਿਵੇਂ ਉਤਰ ਪ੍ਰਦੇਸ਼ ਵਿਚ ਹੋਰ ਪੱਛੜੇ ਵਰਗ ਵਿਚ 66 ਜਾਤੀਆਂ ਨੂੰ ਰੱਖਿਆ ਗਿਆ ਸੀ। ਉਹਨਾਂ ਵਿਚੋਂ 5 ਜਾਂ 6 ਜਾਤੀਆਂ ਨੂੰ ਛੱਡ ਦਿੱਤਾ ਜਾਵੇ ਤਾਂ ਬਾਕੀਆਂ ਦੀ ਕਿਤੇ ਵੀ ਪ੍ਰਤੀਨਿਧਤਾ ਨਹੀਂ ਹੈ। ਸ਼ਾਇਦ ਇਸ ਕਰਕੇ 1995 ਵਿਚ ਪੱਛੜਿਆਂ ਦੀ ਰਿਜ਼ਰਵੇਸ਼ਨ 'ਤੇ ਬਹਿਸ ਦੇ ਦੌਰਾਨ ਸੁਪਰੀਮ ਕੋਰਟ ਨੇ ਓ. ਬੀ. ਸੀ. ਵਿਚ ਕ੍ਰੀਮੀਲੇਅਰ ਦੀ ਵਿਵਸਥਾ ਕਰ ਦਿੱਤਾ। ਪਰ 1990 ਵਿਚ ਜਦੋਂ ਤੋਂ ਵਿਸ਼ਵਨਾਥ ਪ੍ਰਤਾਪ ਸਿੰਘ ਦੀ ਜਨਤਾ ਦਲ ਸਰਕਾਰ ਨੇ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਅੰਸ਼ਿਕ ਤੌਰ ਤੇ ਲਾਗੂ ਕੀਤਾ, ਉਦੋਂ ਤੋਂ ਰਿਜ਼ਰਵੇਸ਼ਨ ਦੇ ਦਰਸ਼ਨ ਨੂੰ ਦੇਖਣ ਦਾ ਦ੍ਰਿਸ਼ਟੀਕੋਣ ਹੀ ਬਦਲ ਗਿਆ ਹੈ। ਇਸਦੀ ਜਿਊਂਦੀ ਜਾਗਦੀ ਉਦਾਹਰਣ ਹਾਲ ਹੀ ਵਿਚ ਗੁਜਰਾਤ ਦੇ ਪਟੇਲ ਸਮਾਜ ਦੇ ਇਕ ਤਰੁਣ ਦੀ ਪਟੇਲਾਂ ਦੇ ਲਈ ਰਿਜ਼ਰਵੇਸ਼ਨ ਦੀ ਮੰਗ ਦੇ ਰੂਪ ਵਿਚ ਦਿੱਸ ਰਿਹਾ ਹੈ। ਜਦਕਿ ਸਭ ਜਾਣਦੇ ਹਨ ਕਿ ਪਟੇਲ ਸਮਾਜ ਆਰਥਿਕ ਅਤੇ ਰਾਜਨੀਤਿਕ ਤੌਰ ਤੇ ਗੁਜਰਾਤ ਵਿਚ ਕਿਸੇ ਵੀ ਜਾਤੀ ਤੋਂ ਪਿੱਛੇ ਨਹੀਂ ਹੈ।

ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਹਰਿਆਣੇ ਵਿਚ ਜਾਟਾਂ ਨੇ ਆਪਣੇ ਲਈ ਰਿਜ਼ਰਵੇਸ਼ਨ ਦੀ ਮੰਗ ਕੀਤੀ ਸੀ। ਇਸ ਨੌਜਵਾਨ ਪਟੇਲ ਦਾ ਕਹਿਣਾ ਹੈ ਕਿ ਅਸੀਂ ਨੌਕਰੀਆਂ ਵਿਚ ਨਹੀਂ ਹਾਂ, ਇਸ ਕਰਕੇ ਸਾਨੂੰ ਰਿਜ਼ਰਵੇਸ਼ਨ ਚਾਹੀਦੀ ਹੈ। ਯਾਨਿ ਉਹ ਸੱਤਾ ਦਾ ਕੇਂਦਰੀਕਰਨ ਚਾਹੁੰਦੇ ਹਨ। ਆਰਥਿਕ ਅਤੇ ਰਾਜਨੀਤਿਕ ਤੌਰ ਤੇ ਉਹ ਪਹਿਲਾਂ ਹੀ ਮਜ਼ਬੂਤ ਹਨ ਅਤੇ ਹੁਣ ਉਹ ਕਰਮਚਾਰੀ ਤੰਤਰ 'ਤੇ ਵੀ ਕਬਜਾ ਚਾਹੁੰਦੇ ਹਨ। ਪਰ ਕਿਸ ਆਧਾਰ 'ਤੇ? ਕਈ ਵਾਰ ਅਜਿਹਾ ਲੱਗਦਾ ਹੈ ਕਿ ਕੁਝ ਲੋਕ ਰਿਜ਼ਰਵੇਸ਼ਨ ਨੂੰ ਗਰੀਬੀ ਦੀ ਰੋਕਥਾਮ ਦੇ ਪ੍ਰੋਗਰਾਮ ਤੋਂ ਜ਼ਿਆਦਾ ਨਹੀਂ ਸਮਝਦੇ? ਰਿਜ਼ਰਵੇਸ਼ਨ ਦੀ ਫਿਲਾਸਫੀ ਸਵੈ-ਪ੍ਰਤੀਨਿਧਤਾ ਹੈ। ਸਰਕਾਰੀ ਨੌਕਰੀਆਂ ਦੇ ਜ਼ਰੀਏ ਗਰੀਬੀ ਦੀ ਰੋਕਥਾਮ ਨਹੀਂ। ਰਿਜ਼ਰਵੇਸ਼ਨ ਨੂੰ ਗਰੀਬੀ ਦੀ ਰੋਕਥਾਮ ਪ੍ਰੋਗਰਾਮ ਨਾ ਬਣਾਓ। ਰਿਜ਼ਰਵੇਸ਼ਨ ਹਜ਼ਾਰਾਂ ਸਾਲਾਂ ਤੋਂ ਸਮਾਜ ਦੇ ਹਰ ਖੇਤਰ (ਸਮਾਜਿਕ, ਆਰਥਿਕ, ਰਾਜਨੀਤਿਕ, ਸਿੱਖਿਆ, ਧਾਰਮਿਕ, ਵਪਾਰਕ, ਰਿਹਾਇਸ਼ ਆਦਿ-ਆਦਿ) ਵਿਚ ਬਾਈਕਾਟ ਦਾ ਸ਼ਿਕਾਰ ਅਤੇ ਦਮਿਤ ਜਾਤੀਆਂ ਦੇ ਰਾਜਨੀਤੀ ਵਿਚ, (ਸੰਵਿਧਾਨ ਦੇ ਅਨੁਛੇਦ 330 ਅਤੇ 332 ਦੁਆਰਾ) ਸਰਕਾਰੀ ਨੌਕਰੀਆਂ ਵਿਚ (ਅਨੁਛੇਦ 335) ਅਤੇ ਸਿੱਖਿਆ ਵਿਚ (ਅਨੁਛੇਦ 46) ਸਵੈ ਪ੍ਰਤੀਨਿਧਤਾ ਨੂੰ ਯਕੀਨੀ ਕਰਨ ਦਾ ਇਕ ਪ੍ਰੋਗਰਾਮ ਹੈ। ਜਿਸ ਨਾਲ ਜਦੋਂ ਉਹਨਾਂ ਨੂੰ ਪ੍ਰਤੀਨਿਧਤਾ ਦਿੱਤੀ ਜਾਵੇ ਤਾਂ ਫਿਰ ਤੋਂ ਉਹਨਾਂ ਦੇ ਨਾਲ ਕੋਈ ਵਿਤਕਰਾ ਨਾ ਕਰ ਸਕੇ।



**ਪ੍ਰੋ. ਵਿਵੇਕ ਕੁਮਾਰ**
**ਜੇ. ਐਨ ਯੂਨੀਵਰਸਿਟੀ**

ਇਸ ਕਰਕੇ ਸਾਨੂੰ ਦੇਖਣਾ ਹੋਵੇਗਾ ਕਿ ਕੀ ਸਮਾਜ ਵਿਚ ਸਾਰੀਆਂ ਜਾਤੀਆਂ ਦੇ ਮੈਂਬਰਾਂ ਨੂੰ ਲੱਗਭੱਗ ਉਹਨਾਂ ਦੀ ਜਨਸੰਖਿਆ ਦੇ ਅਨੁਪਾਤ ਵਿਚ ਸੱਤਾ ਦੀਆਂ ਜ਼ਿਆਦਾਤਰ ਸੰਸਥਾਵਾਂ ਵਿਚ ਸਵੈ-ਪ੍ਰਤੀਨਿਧਤਾ ਮਿਲ ਰਹੀ ਹੈ ਜਾਂ ਫਿਰ ਕੁਝ ਜਾਤੀਆਂ ਨੇ ਸੱਤਾ ਦੀਆਂ ਜ਼ਿਆਦਾਤਰ ਸੰਸਥਾਵਾਂ 'ਤੇ ਆਪਣਾ ਏਕਾਧਿਕਾਰ ਕਾਇਮ ਕਰ ਰੱਖਿਆ ਹੈ। ਜੇਕਰ ਅਜਿਹਾ ਹੈ ਤਾਂ ਲੋਕਤੰਤਰ ਕਿਵੇਂ ਮਜ਼ਬੂਤ ਹੋਵੇਗਾ?

# ਜਾਤੀ ਸ਼ੋਸ਼ਣ ਦਾ ਕਿਸਨੂੰ ਖਿਆਲ ਹੈ?

## ਹਾਕਿਮ ਮਹਤੋ

ਜਾਤੀ ਆਧਾਰਿਤ ਭੇਦਭਾਵ ਨੂੰ ਅੰਤਰ ਰਾਸ਼ਟਰੀ ਮਾਨਤਾ ਦਿਵਾਉਣ ਦੀ ਕੋਸ਼ਿਸ਼ ਵਰਲਡ ਸੋਸ਼ਲ ਫੋਰਮ ਦੇ ਪਿਛਲੇ ਕਈ ਅਧਿਵੇਸ਼ਨਾਂ ਵਿਚ ਜ਼ੋਰ-ਸ਼ੋਰ ਨਾਲ ਕੀਤੀ ਜਾਂਦੀ ਰਹੀ ਹੈ। ਨਸਲਭੇਦ ਦਾ ਸ਼ਿਕਾਰ ਰਹਿ ਚੁੱਕਾ ਦੱਖਣੀ ਅਫਰੀਕਾ ਇਧ ਮੰਚ ਤੇ ਇਸ ਮੁੱਦੇ ਦਾ ਵੱਡਾ ਸਮਰਥਕ ਰਿਹਾ ਹੈ। ਹਾਲਾਂਕਿ ਬ੍ਰਿਕਸ ਦਾ ਮੈਂਬਰ ਬਣਨ ਤੋਂ ਬਾਅਦ ਉਸਦੀ ਸੁਰ ਇੱਧਰੋਂ ਮੱਠੀ ਪੈ ਗਈ ਹੈ। ਸੰਯੁਕਤ ਰਾਸ਼ਟਰ ਸੰਘ ਦੇ 70ਵੇਂ ਅਧਿਵੇਸ਼ਨ ਵਿਚ 2030 ਤੱਕ ਦੇ ਲਈ ਸਸਟੇਨੇਬਲ ਡਿਵੈਲਪਮੈਂਟ ਗੋਲ ਤਹਿ ਕਰਨ ਦੀ ਲੜੀ ਵਿਚ ਇਸ ਮੁੱਦੇ 'ਤੇ ਦਬਾਅ ਬਣਾਉਣ ਦੇ ਲਈ ਦੱਖਣੀ ਏਸ਼ੀਆ ਦੇ ਦਲਿਤ ਸੰਗਠਨਾਂ ਨੇ ਨਿਊਯਾਰਕ ਵਿਚ ਜ਼ੋਰਦਾਰ ਦਸਤਕ ਦਿੱਤੀ।

ਜੋ 17 ਸਮਾਜਿਕ ਟੀਚੇ ਇਸ ਅਧਿਵੇਸ਼ਨ ਵਿਚ ਤਹਿ ਕੀਤੇ ਗਏ ਹਨ, ਉਹਨਾਂ ਵਿਚ ਦਸਵਾਂ ਟੀਚਾ ਸਮਾਜਿਕ ਅਸਮਾਨਤਾ ਮਿਟਾਉਣ ਦਾ ਹੈ। ਇਸ ਮਾਮਲੇ ਵਿਚ ਉਮਰ, ਲਿੰਗ, ਅੰਗਹੀਣਤਾ, ਨਸਲ, ਜਾਤੀਵਾਦ (ਐਥਨਿਸਿਟੀ), ਮੂਲ ਦੇਸ਼, ਧਰਮ ਅਤੇ ਆਰਥਿਕ ਸਥਿਤੀ ਨੂੰ ਭੇਦਭਾਵ ਦੇ ਸਪਸ਼ਟ ਆਧਾਰਾਂ ਦੇ ਰੂਪ ਵਿਚ ਪਛਾਣਿਆ ਗਿਆ ਹੈ। ਦਲਿਤ ਸੰਗਠਨਾਂ ਦਾ ਕਹਿਣਾ ਹੈ ਕਿ ਇਹਨਾਂ ਆਧਾਰਾਂ ਵਿਚ ਜਾਤੀ ਦਾ ਵੀ ਸਪਸ਼ਟ ਵਰਣਨ ਹੋਣਾ ਚਾਹੀਦਾ ਹੈ, ਕਿਉਂਕਿ ਦੱਖਣੀ ਏਸ਼ੀਆ ਦੇ ਚਾਰ ਦੇਸ਼ਾਂ, ਭਾਰਤ, ਪਾਕਿਸਤਾਨ, ਬੰਗਲਾਦੇਸ਼ ਅਤੇ ਨੇਪਾਲ ਵਿਚ ਜੀਵਨ ਦੇ ਹਰ ਖੇਤਰ ਵਿਚ ਇਸੇ ਆਧਾਰ 'ਤੇ ਭੇਦਭਾਵ ਦੇਖਣ ਨੂੰ ਮਿਲਦਾ ਹੈ। ਹੈਰਾਨੀ ਦੀ ਗੱਲ ਹੈ ਕਿ ਭਾਰਤੀ ਸੰਸਦ ਵਿਚ ਸੌ ਤੋਂ ਜ਼ਿਆਦਾ ਦਲਿਤ ਸਾਂਸਦ ਹੋਣ ਦੇ ਬਾਵਜੂਦ ਉਹਨਾਂ ਵਿਚੋਂ ਇਕ ਵੀ ਨਿਊਯਾਰਕ ਦੇ ਇਸ ਇਕੱਠ ਵਿਚ ਸ਼ਾਮਲ ਨਹੀਂ ਹੋਇਆ। ਪਾਕਿਸਤਾਨ ਦੇ ਦਲਿਤ ਸਾਂਸਦ ਗਿਆਨਚੰਦ ਦਾ ਕਹਿਣਾ ਸੀ ਕਿ ਉਥੇ ਉਹਨਾਂ ਦੇ ਫਿਰਕੇ ਦੀ ਆਬਾਦੀ 25 ਲੱਖ ਤੋਂ ਜ਼ਿਆਦਾ ਹੈ ਪਰ ਦੇਸ਼ ਤੋਂ ਬਾਹਰ ਉਹਨਾਂ ਦੀ ਕੋਈ ਪਛਾਣ ਨਾ ਹੋਣ ਦੇ ਕਾਰਨ ਉਥੇ ਉਹਨਾਂ ਨੂੰ ਗੈਰ ਮਨੁੱਖ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦਲਿਤ ਪ੍ਰਤੀਨਿਧੀਆਂ ਦਾ ਮੰਨਣਾ ਹੈ ਕਿ ਸਿਰਫ ਭਾਰਤ ਦੇ ਸਰਗਰਮ ਵਿਰੋਧ ਦੇ ਕਾਰਨ ਜਾਤੀ ਸ਼ੋਸ਼ਣ ਨੂੰ ਸੰਯੁਕਤ ਰਾਸ਼ਟਰ ਸਮੇਤ ਕਿਸੇ ਵੀ ਅੰਤਰ ਰਾਸ਼ਟਰੀ ਮੰਚ 'ਤੇ ਸਵੀਕਾਰਿਆ ਨਹੀਂ ਜਾ ਰਿਹਾ ਹੈ।

ਇਹ ਸਹੀ ਹੈ ਕਿ ਭਾਰਤ ਵਿਚ ਦਲਿਤ ਫਿਰਕੇ ਨੂੰ ਸਰਕਾਰੀ ਨੌਕਰੀਆਂ ਅਤੇ ਵਿਧਾਨਿਕ ਸੰਸਥਾਵਾਂ ਵਿਚ ਰਿਜ਼ਰਵੇਸ਼ਨ ਮਿਲੀ ਹੋਈ ਹੈ ਪਰ ਇਸ ਨਾਲ ਸਮਾਜ ਦੇ ਪੱਧਰ 'ਤੇ ਮੌਜੂਦ ਸਮੱਸਿਆ ਵਿਚ ਕੋਈ ਕਮੀ ਨਹੀਂ ਆਈ ਹੈ। ਸਭ ਤੋਂ ਵੱਡੀ ਗੱਲ ਇਹ ਕਿ ਇਹ ਸਮੱਸਿਆ ਕੇਵਲ ਭਾਰਤ ਅਤੇ ਹਿੰਦੂ ਧਰਮ ਦੇ ਪੱਧਰ 'ਤੇ ਸੀਮਤ ਨਹੀਂ ਹੈ। ਧਰਮ ਬਦਲਣ ਦੇ ਬਾਵਜੂਦ ਦਲਿਤ ਫਿਰਕੇ ਦੀ ਸਮਾਜਿਕ ਸਥਿਤੀ ਜਿਉਂ ਦੀ ਤਿਉਂ ਹੈ। ਇਸ ਕਰਕੇ ਅਗਲੇ 15 ਸਾਲਾਂ ਵਿਚ ਦੁਨੀਆਂ ਨੂੰ ਭੇਦਭਾਵ ਮੁਕਤ ਬਣਾਉਣਾ ਹੈ ਤਾਂ ਇਸ ਦੌਰਾਨ ਜਾਤੀ ਸ਼ੋਸ਼ਣ 'ਤੇ ਵੀ ਠੋਸ ਯੋਜਨਾ ਬਣਾ ਕੇ ਕੰਮ ਕੀਤਾ ਜਾਣਾ ਚਾਹੀਦਾ ਹੈ।

# ਮਹਾਨ ਅਮਰ ਅੱਖ ਦਾਨੀਆਂ ਦੀ ਯਾਦ ਵਿੱਚ ਆਈ ਡੂਨੇਸ਼ਨ ਡੇ ਮਨਾਇਆ

**ਫਗਵਾੜਾ (ਬੀ.ਕੇ.ਰੱਤੂ)–** ਪੁਨਰਜੋਤ ਵੈਲਫੇਅਰ ਸੁਸਾਇਟੀ ਰਜਿ: ਫਗਵਾੜਾ ਵਲੋਂ ਪੁਨਰਜੋਤ ਆਈ ਬੈਂਕ ਲੁਧਿਆਣਾ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਹੈਲਪਿੰਗ ਹੈਂਡ ਸੁਸਾਇਟੀ ਤਰਨਤਾਰਨ ਦੇ ਸਹਿਯੋਗ ਨਾਲ ਧਰੁਵ (14 ਸਾਲ) ਅਤੇ ਅਰਚਿਤ (13 ਸਾਲ) ਦੀ ਯਾਦ ਵਿੱਚ ਆਈ ਡੂਨੇਸ਼ਨ ਡੇ ਲੁਧਿਆਣਾ ਅਤੇ ਫਗਵਾੜਾ ਵਿੱਚ ਆਯੋਜਿਤ ਕੀਤਾ ਗਿਆ। ਦੋਨੋਂ ਬੱਚੇ ਧਰੁਵ ਅਤੇ ਅਰਚਿਤ ਅਗਰਵਾਲ ਇਕ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਕੇ ਉਸ ਮਾਲਿਕ ਦੀ ਗੋਦ ਵਿੱਚ ਸਮਾ ਗਏ ਸਨ। ਉਹਨਾਂ ਦੋਨਾਂ ਦੇ ਸਵਰਗਵਾਸ ਤੋਂ ਬਾਅਦ ਜਲੰਧਰ ਦੇ ਉੱਘੇ ਵਪਾਰੀ ਦਨੇਸ਼ ਅਗਰਵਾਲ ਜੀ ਨੇ ਆਪਣੇ ਬੇਟੇ ਅਤੇ ਭਤੀਜੇ ਦੀਆਂ ਅੱਖਾਂ ਦਾਨ ਕਰਵਾ ਦਿੱਤੀਆਂ ਸਨ। ਉਹਨਾਂ ਨੇ ਮਾਨਵਤਾ ਦੀ ਸੇਵਾ ਲਈ ਇਹ ਸਾਹਸਪੂਰਨ ਕਦਮ ਬਹੁਤ ਹੀ ਦੁਖਦਾਈ ਸਮੇਂ ਵਿੱਚ ਲੈ ਕੇ ਇਲਾਕੇ ਵਿੱਚ ਸੇਵਾ ਦੀ ਮਿਸਾਲ ਪੈਦਾ ਕਰਦਿਆਂ ਅੱਖਾਂ ਦਾਨ ਦੀ ਮੁਹਿੰਮ ਨੂੰ ਦੁਬਾਰਾ ਜਿੰਦਾ ਕਰ ਦਿੱਤਾ ਸੀ। ਪੁਨਰਜੋਤ ਆਈ ਬੈਂਕ ਦੇ ਡਾਇਰੈਕਟਰ ਡਾ: ਰਮੇਸ਼ ਜੀ ਨੇ ਇਹਨਾਂ ਬੱਚਿਆਂ ਦੀਆਂ ਦਾਨ ਕੀਤੀਆਂ ਅੱਖਾਂ ਨਾਲ ਤਿੰਨ ਨੇਤਰਹੀਣ ਜੀਵਾਂ ਦੀ ਜਿੰਦਗੀ ਵਿੱਚ ਰੋਸ਼ਨੀ ਭਰੀ ਸੀ। ਹਰ ਸਾਲ 2 ਨਵੰਬਰ ਨੂੰ ਉਹਨਾਂ ਦੀ ਯਾਦ ਵਿੱਚ ਲੋਕਾਂ ਨੂੰ ਅੱਖਾਂ ਦਾਨ ਲਈ ਜਾਗਰੂਕ ਕਰਨ ਲਈ ਇਹ ਦਿਹਾੜਾ ਸਮਰਪਿਤ ਕੀਤਾ ਜਾਂਦਾ ਹੈ। ਇਸ ਮੋਕੇ ਤੇ ਪੁਨਰਜੋਤ ਦੇ ਪੰਜਾਬ ਕੋ-ਆਰਡੀਨੇਟਰ ਅਸ਼ੋਕ ਮਹਿਰਾ ਨੇ ਦੱਸਿਆ ਕਿ ਅੱਜ ਵੀ 30 ਲੱਖ ਦੇ ਕਰੀਬ ਲੋਕ ਕਿਸੇ ਵਲੋਂ ਦਾਨ ਕੀਤੀਆਂ ਅੱਖਾਂ ਦੇ ਇੰਤਜ਼ਾਰ ਵਿੱਚ ਹਨ। ਜਾਗਰੂਕਤਾ ਦੀ ਕਮੀ ਅਤੇ ਅੰਧ ਵਿਸ਼ਵਾਸ਼ਾਂ ਦੇ ਕਾਰਨ ਭਾਰਤ ਅਜੇ ਵੀ ਇਹਨਾਂ ਨੇਤਰਹੀਣਾਂ ਦੀ ਸਹਾਇਤਾ ਵਿੱਚ ਪਛੜਿਆ ਹੈ। ਇਸ ਮੋਕੇ ਡਾਕਟਰ ਰਮੇਸ਼ ਜੀ ਦੇ ਨਾਲ ਪੰਜਾਬ ਸਰਕਾਰ ਦੇ ਸਪੀਕਰ ਜੀ ਦੇ ਮੀਡੀਆ ਸਲਾਹਕਾਰ ਮਨਜੀਤ ਸਿੰਘ ਮਹਿਰਮ, ਪ੍ਰਿੰਸ ਧੁੰਨਾ ਪੱਟੀ ਤਰਨਤਾਰਨ, ਡਾ: ਇੰਦਰਪ੍ਰੀਤ ਸਿੰਘ ਧਾਮੀ, ਗੁਰਪ੍ਰੀਤ ਸਿੰਘ ਪੰਗੋਟਾ, ਸੰਦੀਪ ਬੱਧਣ ਫਗਵਾੜਾ, ਗੁਰਨਾਮ ਸਿੰਘ ਅਤੇ ਅੱਖਾਂ ਦੇ ਅਪ੍ਰੇਸ਼ਨਾਂ ਵਾਲੇ ਕਈ ਮਰੀਜ਼ਾਂ ਨੇ ਭਾਗ ਲਿਆ।




# ਮੁੱਖ ਸੰਸਦੀ ਸਕੱਤਰ ਨੇ ਹਲਕਾ ਫਗਵਾੜਾ ਦੇ 24 ਪਿੰਡਾਂ ਦੀਆਂ ਪੰਚਾਇਤਾਂ ਨੂੰ 9 ਲੱਖ 60 ਹਜ਼ਾਰ ਰੁਪਏ ਦੀ ਲਾਗਤ ਦੇ ਜਿੰਮ ਵੰਡੇ



**ਫਗਵਾੜਾ ((ਬੀ.ਕੇ.ਰੱਤੂ)–** ਸ੍ਰੀ ਸੋਮ ਪ੍ਰਕਾਸ਼ ਕੈਂਥ ਮੁੱਖ ਸੰਸਦੀ ਸਕੱਤਰ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਨੇ ਅੱਜ ਬਲਾਕ ਵਿਕਾਸ ਤੇ ਪੰਚਾਇਤ ਦਫ਼ਤਰ ਫਗਵਾੜਾ ਵਿਖੇ ਹਲਕਾ ਫਗਵਾੜਾ ਦੇ 24 ਪਿੰਡਾਂ ਦੀਆਂ ਪੰਚਾਇਤਾਂ ਨੂੰ 9 ਲੱਖ 60 ਹਜ਼ਾਰ ਰੁਪਏ ਦੀ ਲਾਗਤ ਦੇ ਜਿੰਮ ਵੰਡੇ। ਉਹਨਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ੍ਰ. ਪਰਕਾਸ਼ ਸਿੰਘ ਬਾਦਲ ਵੱਲੋਂ ਫਗਵਾੜਾ ਹਲਕੇ ਦੇ ਆਪਣੇ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ ਇਹਨਾਂ ਪਿੰਡਾਂ ਨੂੰ ਜਿੰਮ ਦੇਣ ਦਾ ਐਲਾਨ ਕੀਤਾ ਸੀ। ਇਸ ਮੌਕੇ ਸ੍ਰ.ਸਰਵਣ ਸਿੰਘ ਕੁਲਾਰ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕੀ ਕਮੇਟੀ ਵੀ ਉਹਨਾਂ ਦੇ ਨਾਲ ਸਨ। ਇਸ ਮੌਕੇ ਹਾਜ਼ਰ ਪੰਚਾਇਤਾਂ ਤੇ ਯੂਥ ਕਲੱਬਾਂ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਕੈਂਥ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਹਿਰਾਂ ਦੇ ਨਾਲ-ਨਾਲ ਵਿਸ਼ੇਸ਼ ਕਰਕੇ ਪਿੰਡਾਂ ਵਿਚ ਰਹਿਣ ਵਾਲੇ ਨੌਜਵਾਨਾਂ ਦਾ ਰੁਝਾਨ ਖੇਡਾਂ ਵੱਲ ਕਰਨ ਦੇ ਮਨੋਰਥ ਨਾਲ ਹੀ ਯੂਥ ਕਲੱਬਾਂ ਅਤੇ ਪੰਚਾਇਤਾਂ ਨੂੰ ਜਿੰਮ ਅਤੇ ਸਪੋਰਟਸ ਦਾ ਸਮਾਨ ਮੁਹੱਇਆ ਕਰਵਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਅੱਜ ਹਲਕਾ ਫਗਵਾੜਾ ਦੇ ਪਿੰਡਾਂ ਢੱਕ ਪੰਡੋਰੀ, ਵਾਹਦ, ਚੈੜੂ, ਬਲਾਲੋਂ, ਬਿਸ਼ਨਪਪੁਰ, ਖਲਵਾੜਾ, ਸੰਗਤਪੁਰ, ਬੀੜ ਪੁਆਦ, ਭੁੱਲਾਰਾਈ, ਦੇਵਾ ਸਿੰਘ ਵਾਲਾ ਚੱਕ ਪ੍ਰੇਮਾ, ਡਾ. ਅੰਬੇਦਕਰ ਨਗਰ, ਬੀੜ ਢੰਡੋਲੀ, ਢੰਡੋਲੀ, ਅਮਰੀਕ ਨਗਰੀ, ਰਾਮਪੁਰ ਖਲਿਆਣ, ਪਾਸ਼ਟ, ਮਾਇਓਪੱਟੀ, ਪ੍ਰੇਮਪੁਰ, ਮੀਰਾਪੁਰ, ਭਬਿਆਣਾ, ਹਰਬੰਸਪੁਰ, ਖੁਰਮਪੁਰ ਅਤੇ ਗੁਜਰਾਤਾਂ ਦੀਆਂ ਪੰਚਾਇਤਾਂ ਨੂੰ ਜਿੰਮ ਵੰਡੇ ਗਏ ਹਨ। ਇਸ ਮੌਕੇ ਆਪਣੇ ਸੰਬੋਧਨ ਵਿੱਚ ਸ੍ਰ. ਸਰਵਣ ਸਿੰਘ ਕੁਲਾਰ ਨੇ ਕਿਹਾ ਕਿ ਨੌਜਵਾਨਾਂ ਵਿਚ ਵੱਧ ਰਹੇ ਨਸ਼ੇ ਦੇ ਰੁਝਾਨ ਨੂੰ ਠੱਲ ਪਾਉਣ ਅਤੇ ਨੌਜਵਾਨਾਂ ਦੀ ਸਿਹਤ ਤੰਦਰੁਸਤ ਰੱਖਣ ਦੇ ਮਨੋਰਥ ਨਾਲ ਹੀ ਇਹ ਸਕੀਮ ਪੰਜਾਬ ਸਰਕਾਰ ਵਲੋਂ ਰਾਜ ਭਰ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਲਾਗੂ ਕੀਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵਲੋਂ ਰਾਜ ਭਰ ਦੇ ਪਿੰਡਾਂ ਵਿਚ ਨੌਜਵਾਨਾ ਦੇ ਖੇਡਣ ਲਈ ਖੇਡ ਸਟੇਡੀਅਮ ਅਤੇ ਪਲੇਅ ਗਰਾਊਡਾਂ ਦੀ ਉਸਾਰੀ ਜੰਗੀ ਪੱਧਰ ਤੇ ਕਰਵਾਈ ਜਾ ਰਹੀ ਹੈ। ਇਸ ਮੌਕੇ ਸ੍ਰੀ ਇਕਬਾਲ ਸਿੰਘ ਸੰਧੂ ਵਧੀਕ ਡਿਪਟੀ ਕਮਿਸ਼ਨਰ ਫਗਵਾੜਾ, ਸ੍ਰੀ ਲਸ਼ਕਰ ਸਿੰਘ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਅਤੇ ਸ੍ਰੀ ਨਰੇਸ਼ ਕੋਟਰਾਣੀ ਤੋਂ ਇਲਾਵਾ ਵੱਖ-ਵੱਖ ਪੰਚਾਇਤਾਂ ਦੇ ਸਰਪੰਚ ਤੇ ਮੈਂਬਰ ਵੀ ਹਾਜ਼ਰ ਸਨ।

# ਰਵਾਇਤੀ ਜਾਹੋ-ਜਲਾਲ ਨਾਲ ਆਯੋਜਿਤ ਹੋਇਆ ਯੂਬਾ ਸਿਟੀ ਦਾ ਸਾਲਾਨਾ ਜੋੜ ਮੇਲਾ





(ਪਹਿਲੇ ਸਫੇ ਦੀ ਬਾਕੀ)

ਛਤਰੀਆਂ, ਬਰਸਾਤੀਆਂ ਅਤੇ ਮੋਮਜਾਮਿਆਂ ਨਾਲ ਸਿਰ ਢਕ ਕੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੀਆਂ ਜਾ ਰਹੀਆਂ ਸੰਗਤਾਂ, ਰੂਹਾਨੀ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਵਰਖਾ ਤੇਜ਼ ਹੋਣ 'ਤੇ ਮੌਕਾ ਮੇਲ ਮੁਤਾਬਕ ਰਾਗੀ ਸਿੰਘ 'ਝੱਖੜ ਝਾਂਗੀ ਮੀਂਹ ਵਰਸੈ ਭੀ ਗੁਰ ਦੇਖਣ ਜਾਈ' ਵਾਲਾ ਸ਼ਬਦ ਅਲਾਪਣਾ ਸ਼ੁਰੂ ਕਰ ਦਿੰਦੇ।

ਮੌਸਮ ਦੀ ਖਰਾਬੀ ਕਾਰਨ ਇਸ ਵਾਰ ਫਲੋਟਾਂ ਦੀ ਗਿਣਤੀ ਭਾਵੇਂ ਘੱਟ ਸੀ, ਪਰ ਸ੍ਰ ਅਕਾਲੀ ਦਲ (ਅੰਮ੍ਰਿਤਸਰ), ਆਮ ਆਦਮੀ ਪਾਰਟੀ ਅਤੇ ਹੋਰ ਕਈ ਗੁਰਦੁਆਰਾ ਕਮੇਟੀਆਂ, ਸਿੱਖ ਸਭਾ ਸੁਸਾਇਟੀਆਂ ਨੇ ਆਪੋ ਆਪਣੇ ਫਲੋਟ ਰਵਾਇਤੀ ਢੰਗ ਨਾਲ ਸਜਾਏ ਹੋਏ ਸਨ। ਬਾਦਲ ਦਲ ਵਾਲਿਆਂ ਨੇ ਮੌਕੇ ਦੀ ਨਜ਼ਾਕਤ ਭਾਂਪਦਿਆਂ ਇਸ ਵਾਰ ਸਿਆਣਪ ਵਰਤੀ ਤੇ ਉਨ੍ਹਾਂ ਪਾਰਟੀ ਪੱਧਰ 'ਤੇ ਕੋਈ ਸਰਗਰਮੀ ਨਾ ਦਿਖਾਈ। ਭਾਵੇਂ ਇਸ ਦਲ ਦੇ ਸਥਾਨਕ ਆਗੂਆਂ ਨੇ 'ਵਿਸ਼ਾਲ ਕਾਨਫਰੰਸ( ਕਰਨ ਦਾ ਐਲਾਨ ਕੀਤਾ ਹੋਇਆ ਸੀ। ਕਈ ਕੇਸਰੀ ਤੇ ਨੀਲੇ ਦੁਮਾਲਿਆਂ ਵਾਲੇ ਨੌਜਵਾਨ ਇਕ-ਦੂਜੇ ਨੂੰ ਬਾਦਲ ਦਲੀਆਂ ਦੀ ਕਾਨਫਰੰਸ ਦੇ 'ਸਥਾਨ' ਬਾਰੇ ਪੁੱਛਦੇ-ਪਛਾਉਂਦੇ ਦੇਖੇ ਗਏ।

ਪੰਜਾਬ ਵਿਚ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਦੁਰਵਰਤੋਂ ਕਾਰਨ ਸਿੱਖ ਸੰਗਤਾਂ ਦਾ ਬਾਦਲ ਸਰਕਾਰ ਪ੍ਰਤੀ ਰੋਹ ਤੇ ਗੁੱਸਾ ਇਸ ਨਗਰ ਕੀਰਤਨ ਵਿਚ ਪ੍ਰਤੱਖ ਦਿਖਾਈ ਦੇ ਰਿਹਾ ਸੀ। ਵਰਤਮਾਨ ਸਮੇਂ ਪੰਥਕ ਸਰਗਰਮੀਆਂ ਦੀ ਅਗਵਾਈ ਕਰ ਰਹੇ ਪ੍ਰਚਾਰਕਾਂ ਦੇ ਸੱਦੇ ਮੁਤਾਬਕ ਸੰਗਤਾਂ ਵਿਚ ਕਾਲੀਆਂ ਦਸਤਾਰਾਂ ਦੁਪੱਟਿਆਂ ਦੀ ਭਰਮਾਰ ਸੀ। ਵਪਾਰਕ ਸਟਾਲਾਂ ਦੇ ਨਾਲ ਨਾਲ ਇਸ ਵਾਰ ਧਾਰਮਿਕ, ਇਤਿਹਾਸਕ ਤੇ ਸਾਹਿਤਕ ਸਮੱਗਰੀ ਵਾਲ ਸਟਾਲਾਂ ਦੀ ਵੀ ਭਰਮਾਰ ਸੀ।

ਵਰਲਡ ਸਿੱਖ ਫੈਡਰੇਸ਼ਨ ਦੇ ਸਟਾਲ 'ਤੇ ਸਾਰਾ ਦਿਨ ਭੀੜ ਲੱਗੀ ਰਹੀ ਤੇ ਮਰਦਾਂ ਦੇ ਮੁਕਾਬਲੇ ਬੀਬੀਆਂ ਨੇ ਜ਼ਿਆਦਾ ਕਿਤਾਬਾਂ ਖਰੀਦੀਆਂ। ਇਸੇ ਸਟਾਲ 'ਤੇ ਨਵੇਂ ਸਾਲ ਲਈ ਮੂਲ ਨਾਨਕਸ਼ਾਹੀ ਕੈਲੰਡਰ ਵੀ ਜਾਰੀ ਕੀਤਾ ਗਿਆ। ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖਤ ਨੂੰ ਸਿਆਸਤ ਦੇ ਚੁੰਗਲ ਤੋਂ ਮੁਕਤ ਕਰਾਉਣ ਦੀ ਮੰਗ ਵਾਲੇ ਬੈਨਰ ਇਸ ਬੂਥ 'ਤੇ ਖਿੱਚ ਦਾ ਕਾਰਨ ਬਣੇ ਹੋਏ ਸਨ। ਪ੍ਰਸਤਾਵਿਤ ਰੂਟ 'ਤੇ ਗੇੜੀ ਲਾਉਣ ਉਪਰੰਤ ਸ਼ਾਮੀ ਤਿੰਨ ਵਜੇ ਨਗਰ ਕੀਰਤਨ ਦੀ ਸਮਾਪਤੀ ਤੋਂ ਬਾਅਦ ਇਹ ਸਾਲਾਨਾ ਜੋੜ ਮੇਲਾ ਵੀ ਅਮਨ ਅਮਾਨ ਨਾਲ ਸ਼ਾਮੀ ਸਮਾਪਤ ਹੋ ਗਿਆ।

# ਅੱਖਾਂ ਦਾ ਰਹੱਸਮਈ ਸੰਸਾਰ

ਡਾ. ਪਰਦੀਪ ਕੇ. ਐਨ
ਐਮ. ਡੀ., ਐਮ. ਫਿਲ, ਪੀ. ਐਚ. ਡੀ. (ਸਾਇਕੋ)
ਪੀ. ਐਚ. ਡੀ. (ਮੈਡੀਸਿਨ)
267-353-5227



ਅੱਖਾਂ ਦੇ ਕੁਝ ਚਾਹੁਣ ਦਾ ਜਾਂ ਨਾ ਚਾਹੁਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ, ਕਿਉਂਕਿ ਅੱਖਾਂ ਨਾ ਚਾਹੁੰਦਿਆਂ ਹੋਇਆਂ ਵੀ ਬਹੁਤ ਕੁਝ ਕਹਿ ਜਾਂਦੀਆਂ ਹਨ। ਅੱਖਾਂ ਦੇ ਰਹੱਸ ਬੜੇ ਹੀ ਸੰਗੀਤਮਈ ਅਤੇ ਆਨੰਦ ਨਾਲ ਭਰਪੂਰ ਹਨ, ਕਿਉਂਕਿ ਦੁਨੀਆਂ ਦੇ ਇਤਿਹਾਸ ਵਿਚ ਕੋਈ ਐਹੋ ਜਿਹੀ ਲਿਖਤ ਲੱਭਣੀ ਔਖੀ ਹੀ ਹੋਵੇਗੀ, ਜਿਹੜੀ ਅੱਖਾਂ ਦੇ ਰਸਤਿਉਂ ਨਾ ਲੰਘੀ ਹੋਵੇ। ਹਰ ਸੋਚ ਵਿਚਾਰ ਵਿਚ ਅੱਖਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਕਿਸੇ ਵੀ ਤਰ੍ਹਾਂ ਦੀ ਖੁਸ਼ੀ ਗਮੀ ਅੱਖਾਂ ਤੋਂ ਹੀ ਮਹਿਸੂਸ ਕੀਤੀ ਜਾ ਸਕਦੀ ਹੈ। ਇਕ ਡਾਕਟਰ ਜਦੋਂ ਕਿਸੇ ਮਰੀਜ਼ ਦੀ ਬਿਮਾਰੀ ਦਾ ਮੁਆਇਨਾ ਕਰਦਾ ਹੈ ਤਾਂ ਸਭ ਤੋਂ ਪਹਿਲਾਂ ਉਹ ਮਰੀਜ਼ ਦੀਆਂ ਅੱਖਾਂ ਨੂੰ ਹੀ ਦੇਖਦਾ ਹੈ। ਇਹ ਅੱਖਾਂ ਹੀ ਹਨ ਜਿਹੜੀਆਂ ਅੰਦਰ ਪਲ ਰਹੇ ਕਿਸੇ ਮਰਜ਼ ਨੂੰ ਬਾਹਰ ਕੱਢਦੀਆਂ ਹਨ। ਇਹ ਉਹ ਆਇਨਾ ਹੈ, ਜਿਸ ਰਾਹੀਂ ਕੋਈ ਵੀ ਵਿਅਕਤੀ ਜਦੋਂ ਵੀ ਚਾਹੇ ਆਪ ਵੀ ਆਪਣੀਆਂ ਅੱਖਾਂ ਰਾਹੀਂ ਆਪਣੇ ਅੰਦਰ ਦੇ ਸੰਸਾਰ ਵੱਲ ਵੀ ਝਾਤੀ ਮਾਰ ਸਕਦਾ ਹੈ। ਸਾਡੀਆਂ ਅੱਖਾਂ ਨੇ ਮਨੁੱਖ ਦੇ ਅੰਦਰ ਅਤੇ ਬਾਹਰ ਦੇ ਸਾਰੇ ਜਗਤ ਨੂੰ ਬੜੇ ਹੀ ਰਹੱਸਮਈ ਤਾਣੇ-ਬਾਣੇ ਵਿਚ ਜਕੜਿਆਂ ਹੋਇਆ ਹੈ।

ਵੱਡੇ-ਵੱਡੇ ਦਾਰਸ਼ਨਿਕਾਂ ਅਤੇ ਕਵੀਆਂ ਦਾ ਕਹਿਣਾ ਹੈ ਕਿ ਅੱਖਾਂ ਆਤਮਾ ਦਾ ਆਇਨਾ ਹੁੰਦੀਆਂ ਹਨ। ਜੇਕਰ ਕੋਈ ਵਿਅਕਤੀ ਅੱਖਾਂ ਦੀ ਭਾਸ਼ਾ ਸਮਝਦਾ ਹੋਵੇ ਤਾਂ ਸ਼ਬਦਾਂ ਰਾਹੀਂ ਕਹਿਣ ਸੁਣਨ ਲਈ ਬਹੁਤ ਕੁਝ ਘੱਟ ਜਾਂਦਾ ਹੈ। ਅੱਖਾਂ ਦੇ ਇਸ਼ਾਰਿਆਂ ਨਾਲ ਸ਼ਬਦਾਂ ਦੀ ਕੋਈ ਅਹਿਮੀਅਤ ਨਹੀਂ ਰਹਿ ਜਾਂਦੀ। ਅੱਖਾਂ ਰਾਹੀਂ ਹੀ ਸੌਖੇ ਢੰਗ ਨਾਲ ਕਿਸੇ ਵਿਅਕਤੀ ਦੇ ਅੰਦਰ ਬਾਹਰ ਝਾਤੀ ਮਾਰੀ ਜਾ ਸਕਦੀ ਹੈ। ਇਰੀਡਿਆਲੋ ਜੀ ਵਿਗਿਆਨ ਅਨੁਸਾਰ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਦੇ ਲੱਛਣ ਸਭ ਤੋਂ ਪਹਿਲਾਂ ਅੱਖਾਂ ਵਿਚੋਂ ਹੀ ਦੇਖੇ ਜਾ ਸਕਦੇ ਹਨ। ਪੈਰਾਂ ਦੀਆਂ ਤਲੀਆਂ, ਹੱਥਾਂ, ਰੀੜ ਦੀ ਹੱਡੀ ਅਤੇ ਪਾਚਨ ਕਿਰਿਆ ਦਾ ਸਾਰਾ ਨਕਸ਼ਾ ਅੱਖਾਂ ਵਿਚ ਹੀ ਉਕਰਿਆ ਹੁੰਦਾ ਹੈ। ਸਰੀਰ ਦੇ ਇਹ ਸਾਰੇ ਅੰਗ ਹਰ ਇਕ ਵਿਅਕਤੀ ਤੋਂ ਰੋਜ਼ਾਨਾ ਥੋੜ੍ਹੇ ਸਮੇਂ ਲਈ ਹਲਕਾ ਜਿਹਾ ਸਪਰਸ਼ ਮੰਗਦੇ ਹਨ। ਜੇਕਰ ਇਹਨਾਂ ਅੰਗਾਂ ਨੂੰ ਪਿਆਰ ਅਤੇ ਧਿਆਨ ਪੂਰਵਕ ਹਲਕਾ ਜਿਹਾ ਨਿੱਘਾ ਸਪਰਸ਼ ਮਿਲ ਜਾਵੇ ਤਾਂ ਵਿਅਕਤੀ ਦੇ ਸਿਰਫ ਸਰੀਰਕ ਤੌਰ ਤੇ ਹੀ ਨਹੀਂ ਬਲਕਿ ਮਾਨਸਿਕ ਤੌਰ ਤੇ ਵੀ ਤੰਦਰੁਸਤ ਅਤੇ ਤਰੋਤਾਜ਼ਾ ਮਹਿਸੂਸ ਕਰੇਗਾ, ਜਿਸ ਨਾਲ ਉਸ ਦੀ ਮਾਨਸਿਕਤਾ ਦੇ ਤੰਦਰੁਸਤ ਹੋਣ ਵਿਚ ਇਕ ਵੱਡਾ ਹੁਲਾਰਾ ਮਿਲੇਗਾ।

ਅੱਖਾਂ ਸਰੀਰ ਦਾ ਉਹ ਅਹਿਮ ਅੰਗ ਹਨ, ਜਿਹੜਾ ਸਭ ਤੋਂ ਵੱਧ ਨਾਜ਼ੁਕ ਹੈ ਤੇ ਸਭ ਤੋਂ ਵੱਧ ਤਣਾਅ ਵਿਚੋਂ ਲੰਘਦਾ ਹੈ। ਸਰੀਰ ਵਿਚ ਕਿਸੇ ਵੀ ਤਰ੍ਹਾਂ ਦਾ ਤਣਾਅ ਪਹਿਲਾਂ ਅੱਖਾਂ ਵਿਚੋਂ ਹੀ ਲੰਘ ਕੇ ਅੱਗੇ ਵਧਦਾ ਹੈ। ਚੀਨੀ ਮਨੋਵਿਗਿਆਨੀਆਂ ਅਨੁਸਾਰ ਜੇਕਰ ਕਿਸੇ ਵਿਅਕਤੀ ਦੀਆਂ ਅੱਖਾਂ ਸ਼ਾਂਤ ਤੇ ਸਥਿਰ ਨਹੀਂ ਹਨ ਤਾਂ ਉਸ ਵਿਅਕਤੀ ਦਾ ਸਰੀਰ ਵੀ ਤਣਾਅ ਤੋਂ ਮੁਕਤ ਨਹੀਂ ਹੋ ਸਕਦਾ।

ਜੇਕਰ ਮਨੋਵਿਗਿਆਨੀਆਂ ਦੀ ਮਨੌਤਾਂ ਵੱਲ ਧਿਆਨ ਦਿੱਤਾ ਜਾਵੇ ਤਾਂ ਇਸ ਸਦੀ ਦੇ ਅੱਧ ਤੱਕ ਲੋਕਾਂ ਦੀਆਂ ਸਭ ਤੋਂ ਵੱਧ ਸਮੱਸਿਆਵਾਂ ਅੱਖਾਂ ਨਾਲ ਹੀ ਸਬੰਧਤ ਹੋਣਗੀਆਂ। ਜੇਕਰ ਸਮਾਂ ਰਹਿੰਦਿਆਂ ਅਸੀਂ ਹੁਣ ਵੀ ਹੋਸ਼ ਨਾ ਸੰਭਾਲਿਆ ਤਾਂ ਆਉਣ ਵਾਲੀ ਪੀੜ੍ਹੀ ਨੂੰ ਸਾਡਾ ਸਭ ਤੋਂ ਵੱਡਾ ਤੋਹਫਾ ਅੱਖਾਂ ਦੀਆਂ ਬਿਮਾਰੀਆਂ ਹੀ ਹੋਣਗੀਆਂ।

ਉਹ ਕਿਹੜੇ ਕਾਰਨ ਹਨ ਜਿਹਨਾਂ ਰਾਹੀਂ ਸਾਡੀਆਂ ਅੱਖਾਂ ਨੂੰ ਨੁਕਸਾਨ ਹੋ ਰਿਹਾ ਹੈ? ਕਿਹੜੀਆਂ ਗੱਲਾਂ ਕਰਕੇ ਸਾਡੀ ਆਉਣ ਵਾਲੀ ਪੀੜ੍ਹੀ ਅੱਖਾਂ ਦੀਆਂ ਬਿਮਾਰੀਆਂ ਤੋਂ ਪੀੜਤ ਹੋ ਜਾਵੇਗੀ। ਇਹਨਾਂ ਸਾਰੀਆਂ ਸਮੱਸਿਆਵਾਂ ਨੂੰ ਜਾਨਣ ਤੋਂ ਪਹਿਲਾਂ ਅੱਖਾਂ ਦੇ ਰਹੱਸ ਨੂੰ ਜਾਨਣਾ ਜ਼ਰੂਰੀ ਹੈ। ਹੁਣ ਤੁਸੀਂ ਇਸ ਗੱਲ ਤੋਂ ਹੈਰਾਨ ਹੋਵੋਗੇ ਕਿ ਅੱਖਾਂ ਵਿਚ ਜੋ ਵੀ ਤੁਸੀਂ ਦੇਖ ਰਹੇ ਹੋ, ਉਹ ਤੁਹਾਡਾ ਮਨ ਹੀ ਹੈ। ਅੱਖਾਂ ਮਨ ਦਾ ਆਇਨਾ ਹਨ। ਅੱਖਾਂ ਇਕ ਸ਼ੀਸ਼ੇ ਵਾਂਗ ਕੰਮ ਕਰਦੀਆਂ ਹਨ। ਅਸੀਂ ਜੋ ਵੀ ਕੰਮ ਕਰਦੇ ਹਾਂ ਜਾਂ ਕਿਸੇ ਤਰ੍ਹਾਂ ਦਾ ਚਿੱਤਰ ਬਣਾ ਰਹੇ ਹਾਂ, ਉਸ ਚਿੱਤਰ ਨੂੰ ਜੋ ਆਕਾਰ ਦਿੱਤਾ ਜਾ ਰਿਹਾ ਹੈ, ਉਹ ਮਨ ਦੀ ਹੀ ਕਾਢ ਹੈ, ਜਿਹੜੀ ਅੱਖਾਂ ਰਾਹੀਂ ਉਤਾਰੀ ਜਾ ਰਹੀ ਹੈ। ਦੇਖਦੀਆਂ ਤਾਂ ਸਭ ਕੁਝ ਅੱਖਾਂ ਹੀ ਹਨ ਪਰ ਜੋ ਕੁਝ ਵੀ ਕਿਹਾ ਜਾ ਰਿਹਾ ਹੁੰਦਾ ਹੈ, ਜਾਂ ਕਿਸੇ ਚੀਜ਼ ਦੇ ਚੰਗੀ ਜਾਂ ਮੰਦੀ ਹੋਣ ਦਾ ਫੈਸਲਾ ਲਿਆ ਜਾ ਰਿਹਾ ਹੈ, ਉਹ ਮਨ ਹੀ ਲੈਂਦਾ ਹੈ।

ਅੱਖਾਂ ਹੀ ਉਹ ਰਸਤਾ ਹੈ, ਉਹ ਗੇਟ ਹੈ, ਉਹ ਆਇਨਾ ਹੈ ਜਿਸ ਰਾਹੀਂ ਮਨ ਦਾ ਇਹ ਸਾਰਾ ਡਰਾਮਾ ਰਚਿਆ ਜਾ ਰਿਹਾ ਹੈ। ਅਸੀਂ ਅੱਖਾਂ ਨੂੰ ਸਿਰਫ ਉਹਨਾਂ ਚੀਜ਼ਾਂ ਦੇ ਲੱਭਣ 'ਚ ਹੀ ਲਗਾਇਆ ਹੋਇਆ ਹੈ, ਜਿਹੜੀਆਂ ਚੀਜ਼ਾਂ ਸਾਡਾ ਮਨ ਚਾਹੁੰਦਾ ਹੈ। ਮਨ ਦੀ ਇਸ ਦੌੜ ਨੇ ਇਹਨਾਂ ਅੱਖਾਂ ਦੀ ਮਾਸੂਮੀਅਤ ਨੂੰ ਵੀ ਬਿਮਾਰ ਅਤੇ ਲਾਚਾਰ ਕਰਕੇ ਰੱਖ ਦਿੱਤਾ ਹੈ। ਲੱਗਦਾ ਨਹੀਂ ਕਿ ਕੋਈ ਵਿਅਕਤੀ ਰਾਹ 'ਤੇ ਚੱਲਦਿਆਂ ਹੋਇਆਂ ਅੱਖਾਂ ਦੀ ਸਹੀ ਵਰਤੋਂ ਕਰ ਰਿਹਾ ਹੋਵੇਗਾ। ਅੱਖਾਂ ਨਾਲ ਵੇਖਣ ਦੀ ਬਜਾਏ ਉਹ ਮਨ ਦੀਆਂ ਕਲਪਨਾਵਾਂ ਦਾ ਹੀ ਤਾਣਾ-ਬਾਣਾ ਪਰੋ ਰਿਹਾ ਹੁੰਦਾ ਹੈ, ਤਾਂ ਹੀ ਤਾਂ ਐਨੇ ਵੱਡੇ-ਵੱਡੇ ਸੜਕ ਹਾਦਸੇ ਹੁੰਦੇ ਹਨ।

ਇਹੋ ਜਿਹੀਆਂ ਸਾਰੀਆਂ ਸਮੱਸਿਆਵਾਂ ਪ੍ਰਤੀ ਜ਼ਿੰਮੇਵਾਰੀ ਸਾਡੀ ਆਪਦੀ ਹੀ ਹੁੰਦੀ ਹੈ। ਅੱਖਾਂ ਤੋਂ ਦੇਖਣ ਦਾ ਕੰਮ ਲੈਣ ਦੀ ਬਜਾਏ ਸੋਚਣ ਦਾ ਹੀ ਕੰਮ ਲਿਆ ਜਾ ਰਿਹਾ ਹੈ। ਅੱਖਾਂ ਥਕਾਵਟ ਅਤੇ ਤਣਾਅ ਨਾਲ ਭਰੀਆਂ ਹੋਈਆਂ ਹਨ। ਸਿਰਫ ਤੇ ਸਿਰਫ ਸੁੰਦਰ ਅੱਖਾਂ ਦਾ ਰਹੱਸ ਉਹਨਾਂ ਦੇ ਪਿੱਤੇ ਛਿਪੀ ਮਨ ਦੀ ਸੋਚ ਹੈ। ਇਸ ਲਈ ਜੇਕਰ ਅੱਖਾਂ ਦੀ ਸਹੀ ਅਹਿਮੀਅਤ ਨੂੰ ਜਾਣ ਲਿਆ ਜਾਵੇ ਤਾਂ ਅੱਖਾਂ ਦੇ ਇਸ ਰਹੱਸਮਈ ਜਗਤ 'ਚ ਸਤਿਅਮ, ਸ਼ਿਵਮ ਤੇ ਸੁੰਦਰਮ ਦਾ ਵਾਸ ਹੋ ਸਕਦਾ ਹੈ।

### ਅੱਖਾਂ ਰਾਹੀਂ ਮਾਨਸਿਕ ਸੰਤੁਲਨ

ਇਹ ਇਕ ਵਿਗਿਆਨਕ ਤੱਥ ਹੈ ਕਿ ਸਾਡੇ ਦਿਮਾਗ ਦਾ ਖੱਬਾ ਹਿੱਸਾ ਤਰਕ ਅਨੁਸਾਰ ਕੰਮ ਕਰਦਾ ਹੈ ਅਤੇ ਸੱਜਾ ਹਿੱਸਾ ਤਰਕ ਨੂੰ ਜ਼ਰਾ ਵੀ ਮਹੱਤਵ ਨਹੀਂ ਦਿੰਦਾ। ਜਦੋਂ ਕੋਈ ਵਿਅਕਤੀ ਧਿਆਨ (ਮੈਡੀਟੇਸ਼ਨ) ਦੀਆਂ ਡੂੰਘਾਈਆਂ ਵਿਚ ਉਤਰਦਾ ਹੈ ਤਾਂ ਦਿਮਾਗ ਦੇ ਦੋ ਹਿੱਸਿਆਂ ਦੀ ਡੂੰਘਾਈ ਹੋਰ ਵੀ ਕੰਮ ਕਰਦੀ ਹੈ। ਇਹ ਵਿਧੀ ਦਿਮਾਗ ਦੇ ਕਈ ਹਿੱਸਿਆਂ ਤੇ ਕੰਮ ਕਰਦੀ ਹੈ ਜਿਸ ਨਾਲ ਵਿਅਕਤੀ ਹਰ ਪਾਸਿਉਂ ਤੰਦਰੁਸਤੀ ਮਹਿਸੂਸ ਕਰਦਾ ਹੈ।

ਹੁਣ ਅਸੀਂ 'ਧਿਆਨ' ਦੀ ਉਸ ਵਿਗਿਆਨਕ ਵਿਧੀ ਵੱਲ ਗੌਰ ਕਰਦੇ ਹਾਂ ਜਿਹੜੀ ਅੱਖਾਂ ਦੀ ਖੂਬਸੂਰਤੀ ਲਈ ਅਹਿਮ ਹੈ। ਇਸ ਨੂੰ ਹਰ ਰੋਜ਼ 40 ਮਿੰਟ ਤੱਕ 15 ਦਿਨਾਂ ਲਈ ਕਰਨਾ ਹੁੰਦਾ ਹੈ।

ਪਹਿਲਾ ਪੜਾਅ: ਸ਼ਾਂਤ ਹੋ ਕੇ ਬੈਠ ਜਾਓ, ਅੱਖਾਂ ਨੂੰ ਹੱਥਾਂ ਦੀਆਂ ਤਿੰਨ ਉਂਗਲੀਆਂ ਨਾਲਹ ਦਬਾਓ। ਇਸ ਤਰ੍ਹਾਂ ਦਬਾਓ ਕਿ ਰੌਸ਼ਨੀ ਦਿਖਾਈ ਨਾ ਦੇਵੇ। ਧਿਆਨ ਰੱਖੋ ਕਿ ਅੱਖਾਂ ਨੂੰ ਜ਼ੋਰ ਨਾਲ ਨਾ ਦਬਾਓ। ਦਬਾਉਣ ਤੇ ਜਿਹੜੀ ਰੌਸ਼ਨੀ ਪੈਦਾ ਹੋ ਰਹੀ ਹੈ ਉਸ ਨੂੰ ਦੇਖਦੇ ਰਹੋ।

ਦੂਜਾ ਪੜਾਅ: ਹੁਣ ਪੰਜ ਮਿੰਟ ਲਈ ਆਰਾਮ ਪੂਰਵਕ ਹੋ ਜਾਓ।

ਤੀਜਾ ਪੜਾਅ- ਅੱਖਾਂ ਨੂੰ ਫਿਰ ਦਬਾਓ।

ਚੌਥਾ ਪੜਾਅ: ਮੁੜ ਤੋਂ ਪੰਜ ਮਿੰਟ ਲਈ ਰਿਲੈਕਸ ਹੋ ਜਾਓ। ਪ੍ਰਿੰਸਟਨ ਨਿਊਰੋਸਾਇੰਸ ਦੀ ਇੰਸਟੀਚਿਊਟ ਦੀ ਇਕ ਖੋਜ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਸੁੰਦਰ ਅੱਖਾਂ ਅਤੇ ਮਾਨਸਿਕ ਤੰਦਰੁਸਤੀ ਲਈ ਭਾਵਨਾਤਮਕ ਹੰਝੂ ਬਹੁਤ ਹੀ ਜ਼ਰੂਰੀ ਹਨ।

ਕਈ ਲੋਕਾਂ ਅਨੁਸਾਰ ਤਾਂ ਰੋਣਾ ਬੁਰੀ ਗੱਲ ਹੈ ਪਰ ਰਿਪੋਰਟ ਮੁਤਾਬਕ ਸਾਨੂੰ ਹਰ ਭਾਵ ਡਰ, ਕ੍ਰੋਧ, ਉਤੇਜਨਾ, ਨਿਰਾਸ਼ਾ, ਖੁਸ਼ੀ, ਗਮੀ ਵਿਚ ਰੋਣਾ ਸਿੱਖਣਾ ਚਾਹੀਦਾ ਹੈ, ਕਿਉਂਕਿ ਭਾਵਨਾਤਮਕ ਹੰਝੂਆਂ ਵਿਚ ਕੁਦਰਤੀ ਦਰਦ ਨਿਵਾਰਕ (ਲਿਊਸ਼ਨ ਐਕਲੈਲਿਲ) ਅਤੇ ਐਂਟੀ ਡਿਪਰੈਸੈਂਟ ਹੁੰਦੇ ਹਨ, ਜਿਹੜੇ ਸਾਡੇ ਮਾਨਸਿਕ ਤੰਦਰੁਸਤੀ ਦੇ ਤੱਤਾਂ ਨੂੰ ਸੰਤੁਲਿਤ ਕਰਦੇ ਹਨ। ਇਸ ਤਰ੍ਹਾਂ ਦੇ ਹੰਝੂਆਂ ਰਾਹੀਂ ਕਈ ਤਰ੍ਹਾਂ ਦੇ ਹਾਰਮੋਨਜ਼ ਦਾ ਪ੍ਰਵਾਹ ਹੁੰਦਾ ਹੈ, ਜਿਹਨਾਂ ਵਿਚ ਪ੍ਰੋਟੀਨ ਹੁੰਦੀ ਹੈ। ਇਹ ਪ੍ਰੋਟੀਨ ਜਦੋਂ ਹੰਝੂਅ ਰਾਹੀਂ ਬਾਹਰ ਨਿਕਲਦੀ ਹੈ ਤਾਂ ਅੱਖਾਂ ਦੀ ਰੌਸ਼ਨੀ ਵਧਾਉਣ 'ਚ ਅਤੇ ਇਹਨਾਂ ਦੀ ਚਮਕ ਦਮਕ ਅਹਿਮ ਭੂਮਿਕਾ ਨਿਭਾਉਂਦੀ ਹੈ, ਜਿਸ ਨਾਲ ਅੱਖਾਂ ਹੀ ਨਹੀਂ ਬਲਕਿ ਸਰੀਰ ਵੀ ਤੰਦਰੁਸਤ ਹੁੰਦਾ ਹੈ। ਇਸ ਲਈ ਜਦੋਂ ਵੀ ਮੌਕਾ ਮਿਲੇ ਹੰਝੂਆਂ ਨੂੰ ਵਹਿਣ ਦਿਓ।

# 'ਹਾਂ' ਅਤੇ ਮਨੁੱਖ

ਗੁਰਦਾਸ ਰਾਮ (ਜਲੰਧਰ)
91-98037-72901

ਪ੍ਰਮਾਤਮਾ ਦੀ ਬਣਾਈ ਇਸ ਕਾਇਨਾਤ ਵਿਚ ਜੇ ਸਾਜੀ ਹੋਈ ਉਤਪੱਤੀ ਨੂੰ 84 ਲੱਖ ਵੀ ਮੰਨ ਲਿਆ ਜਾਵੇ ਤਾਂ ਸਾਰੇ ਹੀ ਇਕ ਜੀਵ, ਜਿਸਨੂੰ ਮਨੁੱਖ ਕਿਹਾ ਜਾਂਦਾ ਹੈ, ਨੂੰ ਛੱਡ ਕੇ 'ਹਾਂ' ਦੇ ਵਿਚ ਜਿਉਂਦੇ ਹਨ। ਜੋ ਵੀ ਕਿਸੇ ਵਸਤ ਜਾਂ ਜੀਵ ਦਾ ਕੁਦਰਤ ਵੱਲੋਂ ਧਰਮ ਥਾਪ ਦਿੱਤਾ ਗਿਆ ਹੈ, ਉਸਦੀ 'ਹਾਂ' ਵਿਚ ਉਹ ਪੂਰੀ ਸਮਗਰਤਾ ਨਾਲ ਇਕ-ਮਿਕ ਹੈ। ਮਿਸਾਲ ਵਜੋਂ ਪਾਣੀ ਦਾ ਧਰਮ ਨਿਵਾਣ ਵੱਲ ਵਗਣਾ ਹੈ ਤੇ ਉਹ ਨਹੀਂ ਸੋਚਦਾ ਕਿ ਜੇ ਮੈਂ ਨੀਵੇਂ ਤੋਂ ਉਚੇ ਵੱਲ ਵਹਾਂ ਤਾਂ ਸ਼ਾਇਦ ਕੋਈ ਹੋਰ ਆਨੰਦ ਹੰਢਾਵਾਂਗਾ। ਦੂਜੇ ਪਾਸੇ ਭਾਫ ਕਦੇ ਵੀ ਨੀਵੇਂ ਵੱਲ ਨਹੀਂ ਵਹਿੰਦੀ। ਪ੍ਰਿਥਵੀ ਆਪਣੇ ਧੁਰੇ ਉਪਰ ਆਪਣੀ ਦਿਸ਼ਾ ਵੱਲ ਅਰਬਾਂ-ਖਰਬਾਂ ਸਾਲਾਂ ਤੋਂ ਘੁੰਮੀ ਜਾ ਰਹੀ ਹੈ। ਸੂਰਜ ਦੇ ਸਾਰੇ ਗ੍ਰਹਿ ਆਪਣੀ ਨਿਰਧਾਰਿਤ ਗਤੀ ਵਿਚ ਸੂਰਜ ਦੁਆਲੇ ਘੁੰਮੀ ਜਾ ਰਹੇ ਹਨ। ਸੂਰਜ ਆਪਣੇ ਇਸ ਪਰਿਵਾਰ ਸਮੇਤ ਅੱਗੋਂ ਫਿਰ ਕਿਸੇ ਮਹਾਂ ਸੂਰਜ ਦੁਆਲੇ ਘੁੰਮਦਾ ਹੈ। ਇਹ ਇਸੇ ਤਰ੍ਹਾਂ 'ਹਾਂ' ਵਿਚ ਵਿੱਚਰਦਾ ਬ੍ਰਹਿਮੰਡ ਆਪਣੀ ਅਟੁੱਟ ਕਿਰਿਆ ਵਿਚ ਲੱਗਾ ਹੋਇਆ ਹੈ।

ਦਰੱਖਤ ਉਗਦੇ ਹਨ, ਫਲ ਦਿੰਦੇ ਹਨ, ਜੜ੍ਹਾਂ 'ਹਾਂ' ਹੰਢਾਉਂਦੀਆਂ ਧਰਤੀ ਦੇ ਹੇਠੋਂ ਪਾਣੀ ਅਤੇ ਖਣਿਜ ਦਾ ਪੋਸ਼ਣ ਦਰਖਤ ਨੂੰ ਦਿੰਦੀਆਂ ਨੇ ਅਤੇ ਇਹ ਕਦੇ ਨਹੀਂ ਸੋਚਦੀਆਂ ਕਿ ਅਸੀਂ ਵੀ ਧਰਤੀ ਦੇ ਉਪਰ ਹੀ ਹੁੰਦੀਆਂ, ਤਾਜ਼ੀ ਹਵਾ 'ਚ ਖੇਡਦੀਆਂ ਤੇ ਧੁੱਪ ਦਾ ਆਨੰਦ ਮਾਣਦੀਆਂ ਜਾਂ ਆਪਣੇ ਤਣੇ ਤੋਂ ਉਪਰ ਲੱਗੇ ਹੋਏ ਫੁੱਲਾਂ-ਫਲਾਂ ਨੂੰ ਤੱਕਦੀਆਂ ਜੀਵ-ਜੰਤੂ ਵੀ ਕੁਦਰਤ ਵੱਲੋਂ ਦਿੱਤੇ ਕਰਤੱਵਾਂ ਨੂੰ ਨਿਭਾਉਂਦੇ ਹਨ, ਜਿਵੇਂ ਚੂਹੇ ਧਰਤੀ ਹੇਠਾਂ ਖੁੱਡਾਂ ਕੱਢ ਕੇ ਰਹਿੰਦੇ ਹਨ, ਨਾ ਕਿ ਆਲ੍ਹਣਿਆਂ ਵਿਚ, ਪੰਛੀ ਗਰਮੀਆਂ, ਸਰਦੀਆਂ ਤੇ ਬਰਸਾਤਾਂ ਆਲ੍ਹਣਿਆਂ 'ਚ ਹੀ ਬਿਤਾਉਂਦੇ ਹਨ ਤੇ ਨਹੀਂ ਸੋਚਦੇ ਕਿ ਧਰਤੀ ਹੇਠਾਂ ਬਣੀਆਂ ਖੁੱਡਾਂ ਦਾ ਨਿੱਘ ਮਾਣਿਆ ਜਾਵੇ। ਅੰਬ ਦਾ ਬੂਟਾ ਇੰਝ ਨਹੀਂ ਸੋਚਦਾ ਕਿ ਮੇਰਾ ਫਲ ਅਮਰੂਦ ਹੁੰਦਾ ਤੇ ਧਰਤੀ ਉਪਰ ਉਗਿਆ ਗੁਲਾਬ, ਦੇਵਦਾਰ ਰੁੱਖ ਦੇ ਕੱਦ ਦੀ ਕਲਪਨਾ ਨਹੀਂ ਕਰਦਾ। ਗੰਨਾ ਨਹੀਂ ਸੋਚਦਾ ਕਿ ਮੈਂ ਨਮਕੀਨ ਹੁੰਦਾ ਤੇ ਨਾ ਹੀ ਨਮਕ ਇਹ ਸੋਚਦਾ ਕਿ ਮੈਂ ਅੱਗੇ ਤੋਂ ਘੱਟ ਨਮਕੀਨ ਵਰਤਾਓ ਕਰਾਂਗਾ।

ਗੋਲਾਈ ਦਾ ਧਰਮ ਤੇ ਗੁਣ, ਬਲ ਲਗਾਉਣ 'ਤੇ ਅੱਗੇ ਵੱਲ ਰੁੜ੍ਹਨਾ ਹੈ ਤੇ ਪਹਾੜ ਦਾ ਧਰਮ ਰੋਕ ਬਣ ਕੇ ਖੜ੍ਹੇ ਰਹਿਣਾ ਹੈ। ਪਸ਼ੂ ਪੰਛੀ 'ਹਾਂ' ਵਿਚ ਰਹਿੰਦੇ ਹਨ। ਸਮੇਂ ਨਾਲ ਅੰਡੇ ਦਿੰਦੇ, ਬੱਚੇ ਕੱਢਦੇ-ਜੰਮਦੇ ਹਨ, ਬਹੁਤ ਮੋਹ ਨਾਲ ਪਾਲਣਾ ਕਰਦੇ ਹਨ। ਖੰਭ ਆਉਣ 'ਤੇ ਬੱਚੇ ਉਡ ਜਾਂਦੇ, ਆਪਣਾ ਜੀਵਨ ਮਾਣਦੇ, ਕੁਦਰਤ ਦੇ ਦਿੱਤੇ 'ਹਾਂ-ਰੂਪੀ' ਨਿਜ਼ਾਮ ਨੂੰ ਜਿਉਂਦੇ। ਕੁਦਰਤ ਰੂਪੀ ਜੀਵਨ ਨੂੰ ਜੀਵਨ ਦਿੰਦੇ 'ਹਾਂ' ਵਿਚ ਵਿੱਚਰਦੇ ਹੀ ਜੀਵਨ ਤੋਂ ਅਲੋਪ ਹੋ ਜਾਂਦੇ ਹਨ। ਇਹ 'ਹਾਂ-ਰੂਪੀ' ਨਿਜ਼ਾਮ ਕਿੰਨੀ ਅਸਚਰਜਤਾ ਵਿਚ, ਪਲ-ਪਲ ਹੋਰ ਤੇ ਹੋਰ ਜ਼ਿਆਦਾ ਖਿੜਾਓ ਵਿਚ ਹੈ।

ਮਨੁੱਖ ਦੀ ਕਰੋੜਾਂ ਪੀੜੀਆਂ ਬਾਅਦ ਦੀ ਸੋਚ ਵੀ ਉਸ ਪਰਮ ਖਿੜਾਓ ਦਾ ਸ਼ਾਇਦ ਤਸੱਵਰ ਤੱਕ ਵੀ ਨਾ ਕਰ ਸਕੇ ਕਿਉਂਕਿ ਇਸ ਤਸੱਵਰ ਦਾ ਅਹਿਸਾਸ ਵੀ ਮਨੁੱਖ ਨੂੰ ਉਦੋਂ ਹੀ ਆਵੇਗਾ ਜਦੋਂ ਇਹ 'ਨਾਂਹ' ਨੂੰ ਛੱਡ ਕੇ 'ਹਾਂ' ਅਨੁਸਾਰ ਜੀਣਾ ਸਿੱਖੇਗਾ। ਪਰ ਮਨੁੱਖ ਹੀ ਇਸ ਧਰਤੀ ਦਾ ਐਸਾ ਜੀਵ ਹੈ ਜੋ ਸਦਾ ਆਪਣੀ ਮਰਜ਼ੀ ਅਨੁਸਾਰ ਆਪਣੇ ਅਤੇ ਕੁਦਰਤ ਦੇ ਨੇਮਾਂ ਨੂੰ 'ਨਾਂਹ' ਦਾ ਰੂਪ ਦਿੰਦਾ ਹੈ। ਇਹ ਆਪਣੀ ਹਉਮੈ ਵਿਚ ਗ੍ਰਸਿਆ ਪਹਾੜਾਂ ਨੂੰ ਮੈਦਾਨ ਬਣਾਉਂਦਾ ਹੈ ਤੇ ਨਾਲੇ ਕਹਿੰਦੇ ਹੈ ਕਿ ਅਸੀਂ ਪਹਾੜਾਂ ਨੂੰ ਚੀਰ ਵਿਖਾਇਆ। ਮਨੁੱਖ ਕੁਦਰਤ ਦੇ ਨਿਯਮਾਂ ਨੂੰ 'ਨਾਂਹ' ਕਹਿ-ਕਹਿ ਕੇ ਕਈ ਤਰ੍ਹਾਂ ਦੇ ਵਿਨਾਸ਼ਕਾਰੀ ਕਾਰਜ ਸਹੇੜਦਾ ਹੈ ਤੇ ਫਿਰ ਇਸਦਾ ਮੋੜ ਵੀ ਵਿਨਾਸ਼ ਦੇ ਰੂਪ ਵਿਚ ਹੀ ਮੋੜਨਾ ਪੈਂਦਾ ਹੈ। ਕੁਦਰਤ ਦੇ ਬਖਸ਼ੇ ਹੋਏ ਸਾਹਾਂ ਤੋਂ ਉਲਟ ਲੰਮਾ ਚਿਰ ਜੀਣ ਦੀ ਇੱਛਾ ਪੂਰੀ ਕਰਨ ਲਈ ਕਈ ਤਬਦੀਲੀਆਂ ਤੇ ਕੋਸ਼ਿਸ਼ਾਂ ਕਰਦਾ ਹੈ ਅਤੇ ਆਪਦੇ ਪਿਓ-ਦਾਦੇ ਸੜਕਾਂ, ਰਾਹਾਂ ਜਾਂ ਬ੍ਰਿਧ ਆਸ਼ਰਮਾਂ ਵਿਚ ਵੀ ਸਹਿਕਦੇ ਛੱਡੀ ਜਾਂਦਾ ਹੈ, ਜਦਕਿ ਬੁਢਾਪੇ ਤੇ ਬ੍ਰਿਧ ਆਸ਼ਰਮਾਂ ਵਿਚ ਸਹਿਕਦਾ ਇੱਛਾ ਮ੍ਰਿਤੂ ਦੀ ਵੀ ਮੰਗ ਕਰੀ ਜਾਂਦਾ ਹੈ। ਅਜੋਕੇ ਸਮੇਂ ਦੀਆਂ ਮਾਵਾਂ ਕੁਦਰਤ ਵਿਚ ਵਿੱਚਰਦੀ 'ਹਾਂ' ਭੁੱਲ ਕੇ ਭਰੂਣ ਹੱਤਿਆ ਕਰੀ ਜਾਂਦੀਆਂ ਹਨ। ਨਵੇਂ ਜੰਮੇ ਬੱਚਿਆਂ ਨੂੰ ਗਟਰਾਂ ਤੇ ਕੂੜੇ ਦੇ ਢੇਰਾਂ ਤੇ ਸੁੱਟਣਾ ਵੀ ਸ਼ੁਰੂ ਕਰ ਚੁੱਕੀਆਂ ਹਨ। ਮਨੁੱਖ ਕੁਦਰਤ ਨੂੰ ਭੰਨ-ਤੋੜ ਕੇ ਲੋਹੇ, ਸੀਮਿੰਟ ਦੇ ਘਰ ਬਣਾਉਂਦਾ ਤੇ ਜਦ ਉਹ ਘਰ ਗਰਮੀਆਂ ਵਿਚ ਤਪਦੇ ਤੇ ਸਰਦੀਆਂ 'ਚ ਠਰਦੇ ਤਾਂ ਵਾਯੂਮੰਡਲ ਨੂੰ ਦੂਸ਼ਿਤ ਕਰਕੇ ਆਪਣੇ ਆਰਾਮ ਦਾ ਜੁਗਾੜ ਵੀ ਕਰਦਾ, ਇਹਨਾਂ ਜੁਗਾੜਾਂ ਨਾਲ ਵਾਤਾਵਰਣ ਖਰਾਬ ਕਰਦਾ ਤੇ ਬਿਮਾਰੀਆਂ ਸਹੇੜਦਾ।

ਸਮਾਜ ਵਿਚ ਇੰਨੇ ਹਸਪਤਾਲਾਂ ਦਾ ਹੋਣਾ, ਡਾਕਟਰੀ ਦੀਆਂ ਡਿਗਰੀਆਂ ਇਕ-ਦੋ ਨੰਬਰਾਂ ਵਿਚ ਕਰੋੜਾਂ ਰੁਪਏ ਖਰਚ ਕੇ ਹਾਸਲ ਕਰਨਾ ਮਨੁੱਖ ਦੀ ਮਨੋ ਜੀਈ ਹੋਈ ਨਾਂਹ ਦਾ ਪ੍ਰਤੱਖ ਪ੍ਰਮਾਣ ਹੈ। ਕੁਦਰਤ ਨੇ ਇਹ ਜੋ ਧਰਤੀ ਸਿਰਜੀ ਹੈ, ਇਸ ਦੇ ਤਲ ਉਤੇ ਹਰ ਜੀਵ ਲਈ ਜੇ ਪੇਟ ਭਰਨ ਦੀ ਹੀ ਗੱਲ ਹੋਵੇ ਤਾਂ ਕੁਦਰਤ ਮਨੁੱਖ ਦੀ ਵਰਤੋਂ ਅਤੇ ਲੋੜ ਨਾਲੋਂ ਕਾਫੀ ਜ਼ਿਆਦਾ ਪੈਦਾ ਕਰਦੀ ਹੈ। ਇਹ ਮਨੁੱਖ ਦੀ ਬਹੁਤ ਜ਼ਿਆਦਾ ਇਕੱਠਾ ਕਰਨ ਦੀ ਹਵਸ ਹੀ ਹੈ ਜਾਂ ਨਾਂਹ-ਰੂਪੀ ਪ੍ਰਵਿਰਤੀ ਹੈ ਜੋ ਇਸ ਨੂੰ ਆਪਣੇ ਬੱਚੇ, ਮਾਪੇ, ਸਾਕ ਸਬੰਧੀ ਤੇ ਆਪਣੇ ਲੋਕ ਛੱਡਣ ਲਈ ਪ੍ਰੇਰਦੀ ਹੈ। ਇਹ ਮਨੁੱਖ ਦੀ ਨਾਂਹ ਦੀ ਹੀ ਪ੍ਰਵਿਰਤੀ ਹੈ ਕਿ ਉਹ ਮਾਂ ਦੀ ਦਿੱਤੀ ਹੋਈ ਮਾਂ-ਬੋਲੀ ਨੂੰ ਨਾਂਹ ਕਹਿ ਕੇ ਕਈ ਹੋਰ ਗੈਰ ਭਾਸ਼ਾਵਾਂ ਦੇ ਚੱਕਰ ਵਿਚ ਜਕੜਿਆ ਪਿਆ ਹੈ।

ਸੂਰਜ, ਸੂਰਜ ਹੀ ਹੈ ਤੇ ਚੰਨ ਚੰਨ ਹੀ। ਚੰਨ ਸੂਰਜ ਹੋਣ ਲਈ ਸ਼ਾਇਦ ਕਦੇ ਨਾ ਸੋਚਦਾ ਹੋਵੇ ਤੇ ਸੂਰਜ ਵੀ ਹਾਂ ਵਿਚ ਹੀ ਮਨੁੱਖ ਨੂੰ ਜੀਵਨ ਦੇ ਰਿਹਾ ਹੈ, ਭਾਵੇਂ ਖੁਦ ਸੜ ਹੀ ਰਿਹਾ ਹੈ। ਮੇਰਾ ਪਿੰਡ ਮੇਰਾ ਹੀ ਹੈ ਜਿੰਨਾ ਕੁ ਵੀ ਮੈਂ ਘੁੰਮ ਕੇ ਵੇਖਿਆ ਉਸ ਹਾਂ ਜਿਹੇ ਆਪਣੇਪਣ ਦਾ ਅਹਿਸਾਸ ਮੈਂ ਹੋਰ ਸੈਂਕੜੇ ਪਿੰਡਾਂ-ਘਰਾਂ ਵਿਚ ਨਹੀਂ ਮਾਣਿਆ। ਇਸੇ ਤਰ੍ਹਾਂ ਦੀ 'ਹਾਂ' ਬਾਕੀ ਪਿੰਡਾਂ, ਸ਼ਹਿਰਾਂ, ਰਾਜਾਂ ਅਤੇ ਦੇਸ਼ਾਂ ਦੀ ਵੀ ਹਾਂ ਹੈ। ਇਸ ਭੌਤਿਕ ਮੰਡਲ ਵਿਚ ਹਾਂ ਤੋਂ ਬਿਨਾਂ ਕੁਝ ਵੀ ਨਹੀਂ ਵਿੱਚਰ ਰਿਹਾ। ਮਨੁੱਖ ਜਦੋਂ ਆਪਣੀ ਨਾਂਹ ਦੀ ਪ੍ਰਵਿਰਤੀ ਵਿਚ ਨੇਮਾਂ ਦੀ ਉਲੰਘਣਾ ਕਰਦਾ ਹੈ ਤਾਂ ਕਦੇ-ਕਦੇ ਜਲ, ਵਾਯੂ, ਅਗਨੀ ਨੂੰ ਸੁਭਾਵਿਕ ਬਲ ਤੋਂ ਜ਼ਿਆਦਾ ਬਲ ਨਾਲ ਹਾਂ ਕਹਿਣੀ ਪੈਂਦੀ ਹੈ ਤੇ ਉਦੋਂ ਮਨੁੱਖ ਦੀ ਗਲਤ ਪੁਗਾਈ ਹੋਈ ਨਾਂਹ ਵਿਨਾਸ਼ ਦੇ ਰੂਪ ਵਿਚ ਮਨੁੱਖ ਦੇ ਮੱਥੇ ਵੱਜਦੀ ਹੈ ਪਰ ਇਹ ਦੋ-ਟੰਗਾ ਜੀਵ ਫਿਰ ਵੀ ਉਸ ਤੋਂ ਸਬਕ ਨਾ ਸਿੱਖ ਕੇ ਆਪਣੀ ਨਾਂਹ ਨੂੰ ਹੋਰ ਠੋਸ ਰੂਪ ਦਿੰਦਾ ਹੈ ਤੇ ਕੁਦਰਤ ਦਾ ਨਾਸ਼ ਕਰਦਾ ਹੈ। ਓਜ਼ੋਨ ਪਰਤ ਦਾ ਇਸ ਗਲੋਬ ਦੇ ਬਹੁਤੇ ਹਿੱਸੇ ਵਿਚੋਂ ਖਤਮ ਹੋ ਜਾਣਾ ਮਨੁੱਖ ਦੀ ਨਾਂਹ ਨਾਲ ਜੀਣ ਦੀ ਪ੍ਰਵਿਰਤੀ ਦਾ ਹੀ ਨਤੀਜਾ ਹੈ।

ਇਸ ਮਨੁੱਖ ਰੂਪੀ ਜੀਵ ਨੂੰ ਬਾਕੀ ਕਾਇਨਾਤ ਵਿਚ ਵਰਤਦੀ ਹੋਈ ਹਾਂ ਨੂੰ ਅਪਣਾ ਲੈਣਾ ਚਾਹੀਦਾ ਹੈ। ਸਾਡੇ ਧਰਮ ਗ੍ਰੰਥ, ਗੁਰੂ, ਔਲੀਏ ਸਭ ਹਾਂ ਨੂੰ ਹੰਢਾਅ ਕੇ ਹੀ ਇਸ ਕਾਇਨਾਤ ਨੂੰ ਗਾ ਸਕੇ ਹਨ ਤੇ ਉਸ ਪਰਮ-ਪਿਤਾ ਦੀ ਉਸਤੱਤ ਕਰ ਸਕੇ ਹਨ, ਉਸ ਅਜ਼ੀਮ ਅਸੀਮ ਅਨੰਦ ਦਾ ਹਿੱਸਾ ਹੋ ਸਕੇ ਹਨ। ਜੇ ਸਾਰੀ ਕਾਇਨਾਤ ਗੁਰੂ ਨਾਨਕ ਦੇਵ ਜੀ ਦੇ ਬਖਸ਼ੇ ਜਪੁਜੀ ਦੇ ਉਪਦੇਸ਼ ਅਨੁਸਾਰ ਹਾਂ ਵਿਚ ਖਿੜ ਰਹੀ ਹੈ ਤਾਂ ਮਨੁੱਖ ਨੂੰ ਵੀ ਨਾਂਹ ਕਹਿਣ ਤੋਂ ਹਟ ਕੇ ਸਿਰਫ ਹਾਂ ਹੀ ਹੰਢਾਉਣੀ ਚਾਹੀਦੀ ਹੈ ਤਾਂ ਕਿ ਪ੍ਰਮਾਤਮਾ ਦੇ ਪਲ-ਪਲ ਹੋ ਰਹੇ ਵਿਗਾਸ ਦਾ ਹਿੱਸਾ ਹੋ ਸਕੇ। ਨਾਂਹ-ਰੂਪੀ ਖਟਾਸ, ਕੌੜ ਤੇ ਵਿਨਾਸ਼ ਨੂੰ ਛੱਡ ਕੇ ਇਸ ਵਿਗਾਸ ਨੂੰ ਮਾਣ ਸਕੇ। ਫਿਰ ਇਸ ਨੂੰ ਤੋਪਾਂ, ਟੈਂਕਾਂ ਤੇ ਐਟਮੀ ਸਮੱਗਰੀ ਬਣਾਉਣ ਵਾਲੇ ਨਾਂ-ਰੂਪੀ ਵਿਚਾਰ ਪੈਦਾ ਹੀ ਨਹੀਂ ਹੋਣਗੇ। ਇਹ ਹਾਂ ਦੇ ਰੰਗਾਂ ਵਿਚ ਇੰਨਾ ਸਮਾ ਸਕਦਾ ਹੈ ਕਿ ਨਜ਼ਾਰਾ ਧਰਤੀ ਜਾਂ ਕੁਦਰਤ ਨਾ ਹੋ ਕੇ ਸਿਰਫ ਰੱਬ ਹੀ ਹੋਵੇ। ਵੇਦ ਸ਼ਾਸਤਰਾਂ ਨੂੰ ਪੜ੍ਹਨਾ, ਧਿਆਨ ਲਗਾਉਣੇ ਤੇ ਸਤਿਸੰਗ ਸੁਣਨੇ ਦੀ ਲੋੜ ਸ਼ਾਇਦ ਨਾ ਹੀ ਪਵੇ। ਪ੍ਰਮਾਤਮਾ ਨਾਲ ਆਂਢ-ਗੁਆਂਢ, ਗਲੀ-ਮੁਹੱਲੇ ਵਿਚ ਵਿੱਚਰਦਿਆਂ ਗੱਲਾਂ ਹੋਣ, ਛੋਟੀਆਂ-ਵੱਡੀਆਂ ਹਰ ਸਮੇਂ ਮੁਲਾਕਾਤਾਂ ਦਾ ਚੌਵੀ ਘੰਟੇ ਹੀ ਜੀਣ ਹੋਵੇ ਸਿਰਫ ਜੇ ਕਿਤੇ ਮੈਂ 'ਹਾਂ' ਕਹਿੰਦਾ ਹੋਇਆ ਬਾਕੀ ਦਾ ਜੀਵਨ ਸਫਰ ਪੂਰਾ ਕਰਾਂ।

# 'ਸਰਬੱਤ ਖਾਲਸਾ' ਵਿੱਚ ਜਥੇਦਾਰਾਂ ਦੀ ਛਾਂਟੀ ਲਈ ਤਿਆਰੀ

ਚੰਡੀਗੜ੍ਹ- ਕੁਝ ਸਿੱਖ ਧਿਰਾਂ ਵੱਲੋਂ 10 ਨਵੰਬਰ ਨੂੰ ਪਿੰਡ ਚੱਬਾ (ਅੰਮ੍ਰਿਤਸਰ) ਵਿੱਚ ਸੱਦੇ ਸਰਬੱਤ ਖਾਲਸਾ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਮੇਤ ਤਿੰਨ ਤਖ਼ਤਾਂ ਦੇ ਜਥੇਦਾਰਾਂ ਦੀ ਛਾਂਟੀ ਕਰ ਕੇ ਨਵੇਂ ਜਥੇਦਾਰ ਨਿਯੁਕਤ ਕੀਤੇ ਜਾ ਸਕਦੇ ਹਨ। ਪੰਥਕ ਧਿਰਾਂ ਨੇ ਸਰਬੱਤ ਖਾਲਸਾ ਦੌਰਾਨ ਘੱਟੋ ਘੱਟ ਪੰਜ ਲੱਖ ਸਿੱਖਾਂ ਦਾ ਇਕੱਠ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਸਿੱਧੀ ਚੁਣੌਤੀ ਦੇਣ ਦੀ ਤਿਆਰੀ ਕਰ ਲਈ ਹੈ। ਸਿੱਖ ਧਿਰਾਂ ਨੇ ਆਪਸੀ ਏਕਤਾ ਲਈ ਖਾਲਿਸਤਾਨ ਦੇ ਮੁੱਦੇ ਨੂੰ ਫਿਲਹਾਲ ਪਿੱਛੇ ਪਾਉਣ ਦੀ ਸਹਿਮਤੀ ਵੀ ਬਣਾ ਲਈ ਜਾਪਦੀ ਹੈ ਕਿਉਂਕਿ ਅਕਸਰ ਖਾਲਿਸਤਾਨ ਦੀ ਗੱਲ ਕਰਨ ਵਾਲੇ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅੱਜ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਇਸ ਮੁੱਦੇ ਉਪਰ ਉੱਠੇ ਸਵਾਲਾਂ ਮੌਕੇ ਖ਼ਾਮੋਸ਼ ਰਹੇ। ਸਰਬੱਤ ਖਾਲਸਾ ਦਾ ਸੱਦਾ ਦੇਣ ਵਾਲੀਆਂ ਵੱਖ ਵੱਖ ਸਿੱਖ ਧਿਰਾਂ ਨੇ ਅੱਜ ਚੰਡੀਗੜ੍ਹ ਵਿੱਚ ਸਾਰਾ ਦਿਨ ਕੀਤੀਆਂ ਮੀਟਿੰਗਾਂ ਤੋਂ ਬਾਅਦ ਐਲਾਨ ਕੀਤਾ ਕਿ ਸਰਬੱਤ ਖਾਲਸਾ ਦੌਰਾਨ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਂਦ ਬਚਾਉਣ ਸਮੇਤ ਤਖ਼ਤਾਂ ਦੇ ਜਥੇਦਾਰਾਂ ਦੀਆਂ ਨਿਯੁਕਤੀਆਂ, ਉਨ੍ਹਾਂ ਨੂੰ ਹਟਾਉਣ, ਉਨ੍ਹਾਂ ਦੀ ਯੋਗਤਾ ਅਤੇ ਅਧਿਕਾਰਾਂ ਬਾਰੇ ਅਹਿਮ ਫੈਸਲੇ ਲਏ ਜਾਣਗੇ। ਇਸ ਦੌਰਾਨ ਸੰਕੇਤ ਮਿਲੇ ਹਨ ਕਿ ਸਰਬੱਤ ਖਾਲਸਾ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਚਰਨ ਸਿੰਘ ਸਮੇਤ ਪੰਜਾਬ ਦੇ ਦੋ ਹੋਰ ਤਖ਼ਤਾਂ ਦੇ ਜਥੇਦਾਰਾਂ ਦੀ ਛਾਂਟੀ ਕਰ ਕੇ ਨਵੇਂ ਜਥੇਦਾਰ ਥਾਪੇ ਜਾ ਸਕਦੇ ਹਨ। ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਸੀਨੀਅਰ ਮੀਤ ਪ੍ਰਧਾਨ ਧਿਆਨ ਸਿੰਘ ਮੰਡ, ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਤੇ ਸਕੱਤਰ ਜਨਰਲ ਭਾਈ ਗੁਰਦੀਪ ਸਿੰਘ ਬਠਿੰਡਾ, ਬਾਬਾ ਬਲਜੀਤ ਸਿੰਘ ਦਾਦੂਵਾਲ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ, ਅਕਾਲੀ ਦਲ (1920) ਦੇ ਬੂਟਾ ਸਿੰਘ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਬਲਵੰਤ ਸਿੰਘ ਗੋਪਾਲਾ, ਜਥੇਦਾਰ ਗੁਰਨਾਮ ਸਿੰਘ ਸਿੱਧੂ, ਭਾਈ ਬਲਤੇਜ ਸਿੰਘ, ਜਸਕਰਨ ਸਿੰਘ ਕਾਹਨ ਸਿੰਘ ਵਾਲਾ ਅਤੇ ਸਤਨਾਮ ਸਿੰਘ ਮਨਾਵਾਂ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਅਕਾਲ ਤਖ਼ਤ, ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਨੂੰ ਆਪਣੇ ਸਿਆਸੀ ਹਿੱਤਾਂ ਲਈ ਵਰਤ ਕੇ ਭਾਰੀ ਢਾਹ ਲਾਈ ਹੈ। ਭਾਈ ਮੋਹਕਮ ਸਿੰਘ ਨੇ ਸਰਬੱਤ ਖਾਲਸਾ ਦੇ ਏਜੰਡਿਆਂ ਦਾ ਖੁਲਾਸਾ ਕਰਦਿਆਂ ਕਿਹਾ ਕਿ ਸਰਬੱਤ ਖਾਲਸਾ ਦੌਰਾਨ ਜਥੇਦਾਰਾਂ ਨੂੰ ਬਣਾਉਣ ਤੇ ਹਟਾਉਣ ਸਮੇਤ ਇਸ ਮੁੱਦੇ ਉਪਰ ਠੋਸ ਫੈਸਲੇ ਲਏ ਜਾਣਗੇ। ਸ਼੍ਰੋਮਣੀ ਕਮੇਟੀ ਦੀ ਮਾੜੀ ਕਾਰਗੁਜ਼ਾਰੀ ਬਾਰੇ ਵੀ ਚਰਚਾ ਕੀਤੀ ਜਾਵੇਗੀ। ਜਦੋਂ ਸਵਾਲ ਕੀਤਾ ਕਿ ਸਰਬੱਤ ਖਾਲਸਾ ਵਿੱਚ ਖਾਲਿਸਤਾਨ ਦਾ ਮੁੱਦਾ ਵਿਚਾਰਿਆ ਜਾਵੇਗਾ ਤਾਂ ਉਨ੍ਹਾਂ ਕਿਹਾ ਕਿ ਇਸ ਵਿੱਚ ਸਿੱਖ ਸੰਸਥਾਵਾਂ ਵੱਲੋਂ ਸਰਬਸੰਮਤੀ ਨਾਲ ਤਿਆਰ ਕੀਤੇ ਏਜੰਡੇ ਹੀ ਵਿਚਾਰੇ ਜਾਣਗੇ। ਉਨ੍ਹਾਂ ਦੱਸਿਆ ਕਿ ਪੰਚ ਪ੍ਰਧਾਨੀ ਤੇ ਦਲ ਖਾਲਸਾ ਆਦਿ ਸੰਸਥਾਵਾਂ ਦੇ ਆਗੂਆਂ ਨਾਲ ਅੱਜ ਰਾਤ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦੇ ਵੀ ਸਰਬੱਤ ਖਾਲਸਾ ਵਿੱਚ ਸ਼ਾਮਲ ਹੋਣ ਦੀ ਪੂਰੀ ਸੰਭਾਵਨਾ ਹੈ। ਉਨ੍ਹਾਂ ਬਾਕੀ ਰਹਿੰਦੀਆਂ ਸਿੱਖ ਜਥੇਬੰਦੀਆਂ ਨੂੰ 7 ਨਵੰਬਰ ਤੱਕ ਸਰਬੱਤ ਖਾਲਸਾ ਵਿੱਚ ਸ਼ਾਮਲ ਹੋਣ ਦੇ ਫੈਸਲੇ ਲੈਣ ਦੀ ਅਪੀਲ ਕੀਤੀ।

### ਨਵੇਂ ਜਥੇਦਾਰਾਂ ਲਈ ਵਿਚਾਰੇ ਜਾ ਰਹੇ ਨੇ ਨਾਮ

ਸੂਤਰਾਂ ਅਨੁਸਾਰ ਪੰਥਕਾਂ ਧਿਰਾਂ ਵੱਲੋਂ ਨਵੇਂ ਜਥੇਦਾਰ ਥਾਪਣ ਲਈ ਨੌਂ ਸ਼ਖ਼ਸੀਅਤਾਂ ਦੇ ਨਾਮ ਵਿਚਾਰੇ ਜਾ ਰਹੇ ਹਨ। ਇਨ੍ਹਾਂ ਵਿੱਚ ਬੱਬਰ ਖਾਲਸਾ ਦੇ ਮੁਖੀ ਤੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਵਿੱਚ ਸਜ਼ਾ ਭੁਗਤ ਰਹੇ ਜਗਤਾਰ ਸਿੰਘ ਹਵਾਰਾ, ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ, ਬਾਬਾ ਬਲਜੀਤ ਸਿੰਘ ਦਾਦੂਵਾਲ, ਭਾਈ ਪਿੰਦਰਪਾਲ ਸਿੰਘ, ਭਾਈ ਅਮਰੀਕ ਸਿੰਘ ਅਜਨਾਲਾ, ਭਾਈ ਪਰਮਜੀਤ ਸਿੰਘ ਸਿੱਖ ਪ੍ਰਚਾਰਕ, ਭਾਈ ਜਸਵੰਤ ਸਿੰਘ ਪਰਵਾਨਾ ਜਲੰਧਰ, ਭਾਈ ਜਸਵੰਤ ਸਿੰਘ ਭੂਰਾਕੋਨਾ ਤੇ ਭਾਈ ਅਮਰੀਕ ਸਿੰਘ ਕਥਾ ਵਾਚਕ ਦੇ ਨਾਮ ਸ਼ਾਮਲ ਹਨ।

# ਸੱਚੇ ਸੌਦੇ ਦਾ ਵਣਜ ਵਪਾਰ ਅਤੇ ਪੰਜਾਬ



ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

ਗੁਰੂ ਨਾਨਕ ਤੇ ਗੁਰੂ ਗ੍ਰੰਥ ਸੱਚੇ ਸੌਦੇ ਦੀ ਵਿਆਖਿਆ ਕਰਦੇ ਹਨ ਕਿ ਗੁਰਮੁਖ ਬੰਦੇ/ਬੰਦਿਆਂ ਨੂੰ ਬਣਜਣਾਂ, ਗੁਰਮੁਖਤਾ ਦਾ ਵਪਾਰ ਕਰਨਾ ਸੱਚਾ ਸੌਦਾ ਹੈ। ਅਜਿਹਾ ਵਪਾਰ ਜੋ ਮਨ ਨੂੰ ਨਿਰਮਲ ਰੱਖਦਾ ਹੋਵੇ ਅਤੇ ਉਪਕਾਰ, ਸਦਾਚਾਰ, ਪ੍ਰੇਮ ਦਇਆ, ਸੱਚ, ਸਬਰ ਦਾ ਧਾਰਨੀ ਹੋਵੇ। ਉਹ ਸੱਚਾ ਸੌਦਾ ਹੈ। ਅੰਤਰ ਗਿਆਨੀ, ਬ੍ਰਹਮ ਗਿਆਨੀ, ਤੱਤ ਗਿਆਨੀ, ਸੱਚ ਦਾ ਧਾਰਨੀ, ਸਮਾਜ ਤੇ ਸੱਭਿਆਚਾਰ ਗਿਆਨੀ, ਸੁੱਚੇ ਮਾਰਗ ਦਾ ਗਿਆਨੀ ਭਾਵ ਜਾਣਕਾਰ ਮਨੁੱਖ ਜਿਸਨੂੰ ਸਤਿਗੁਰ ਪੁਰਖ ਦੇ ਗਿਆਨ ਦੀ ਸੋਝੀ ਹੋ ਜਾਵੇ, ਉਹ ਗੁਰਮੁਖ ਹੁੰਦਾ ਹੈ। ਗੁਰਮੁਖ ਬੰਦਾ ਹੀ ਗੁਰੂ ਦੇ ਪਦ ਤੱਕ ਜਾ ਸਕਦਾ ਹੈ। ਜਿਸ ਦਾ, ਸ਼ਕਲ ਸੂਰਤ, ਰੰਗ ਰੂਪ, ਲਿੰਗ ਤੇ ਜਾਤ ਵਰਨ ਨ ਾਲ ਦੂਰ ਦਾ ਵੀ ਕੋਈ ਵਾਸਤਾ ਨਹੀਂ, ਜਿਸਨੇ ਬ੍ਰਹਿਮੰਡ, ਬ੍ਰਹਿਮੰਡ ਦੇ ਗਤੀ ਵਿਗਿਆਨ, ਪੰਜ ਤੱਤੀ ਮਨੁੱਖ, ਮਨ ਚਿੱਤ ਬੁੱਧੀ ਤੇ ਸਰੀਰਕ ਬਣਤਰ ਨੂੰ ਸਮਝ ਲਿਆ ਹੋਵੇ ਤੇ ਫਿਰ ਜੀਵਨ ਦਾ ਚੱਜ-ਆਚਾਰ ਪ੍ਰਵਾਨ ਤੇ ਧਾਰਨ ਕਰ ਲਿਆ ਹੋਵੇ। ਉਹ ਗੁਰਮੁਖ ਬੰਦਾ ਹੁੰਦਾ ਹੈ। ਗੁਰਮੁਖ ਜਣਾ ਖਣਾ ਨਹੀਂ ਹੋ ਸਕਦਾ। ਇਹ ਨਿਰਬਾਣ ਪਦ ਤੱਕ ਪੁੱਜਣ ਵਾਲੇ ਮਨੁੱਖ ਨੂੰ ਸੰਬੋਧਿਤ ਸ਼ਬਦ ਹੈ। ਜੋ ਜ਼ਿੰਦਗੀ ਭਰ ਸੱਚਾ ਸੌਦਾ ਕਰਦਾ ਹੈ। ਸੱਚ ਉਪਕਾਰ ਤੇ ਸਦਾਚਾਰ ਦਾ ਵਣਜ ਕਰਦਾ ਹੈ। ਗੁਰਮੁਖ ਹੋਣਾ ਤੇ ਗੁਰਮੁਖਾਂ ਨੂੰ ਹੀ ਸੱਚਾ-ਸੌਦਾ ਹੈ।

ਭਾਵੇਂ ਮੈਂ ਖੁਦ ਇਕ ਸਿੱਖ ਪਰਿਵਾਰ ਦਾ ਜੰਮਪਲ ਹਾਂ ਪ੍ਰੰਤੂ ਮੈਨੂੰ ਅਜੇ ਤੱਕ ਵੀ ਉਚੇ ਨੀਵੇਂ ਸਿੱਖਾਂ ਦੀ ਸਮਝ ਨਹੀਂ ਪਈ ਕਿ ਆਖਿਰ ਇਹ ਹੈਨ ਕੀ। ਇਸ ਛੋਟੇ ਜਿਹੇ ਸਮਾਜ ਦੀਆਂ ਹਜ਼ਾਰਾਂ ਧਾਰਨਾਵਾਂ, ਹਜ਼ਾਰਾਂ ਵਿਧੀਆਂ ਤੇ ਹਜਾਰਾਂ ਮਾਨਤਾਵਾਂ ਹਨ। ਹਜ਼ਾਰਾਂ ਗੁੱਟ ਹਨ ਤੇ ਹਜ਼ਾਰਾਂ ਵਿਸ਼ਵਾਸ। ਇਹ ਪੂਰੀ ਤਰ੍ਹਾਂ ਵਿੱਖਰਿਆ ਹੋਇਆ, ਰੀਣ ਰੀਣ ਸਮਾਜ ਹੈ। ਬੇਸ਼ੱਕ ਇਹ ਇਕ ਅਜਿਹਾ ਵਰਗ ਹੈ, ਜਿਸ ਪਾਸ ਕਮਾਲ ਦੀ ਉਤਮ ਜੀਵਨ ਵਿਚਾਰਧਾਰਾ ਹੈ, ਜੋ ਬੰਦੇ ਨੂੰ ਆਸਾਨੀ ਨਾਲ ਝੂਠੇ ਵਣਜਾਂ ਤੋਂ ਮੁਕਤ ਕਰਨ ਦੇ ਸਮਰੱਥ ਹੈ। ਜਿਸਨੂੰ ਪੜ੍ਹਿਆ ਜਾ ਸਕਦਾ ਹੈ। ਜਾਣਿਆ ਤੇ ਸਮਝਿਆ ਜਾ ਸਕਦਾ ਹੈ। ਜੀਵਨ ਨਾਲ ਜੋੜ ਕੇ ਪਰਖਿਆ ਜੋਖਿਆ ਅਤੇ ਧਾਰਨ ਕੀਤਾ ਜਾ ਸਕਦਾ ਹੈ। ਜੋ 100 ਪ੍ਰਤੀਸ਼ਤ ਪੂਜਾ ਨਹੀਂ ਹੈ। ਜੀਵਨ ਤੇ ਬ੍ਰਹਿਮੰਡੀ ਦਰਸ਼ਨ ਹੈ। ਜੋ ਨਰਕ-ਸੁਰਗ, ਆਤਮਾ-ਪ੍ਰਮਾਤਮਾ, ਜੂੰਨੀ ਚੱਕਰ, ਮਰਨ ਉਪਰੰਤ ਮੁਕਤੀ ਦਾ ਮਸਲਾ ਹੀ ਨਹੀਂ ਹੈ। ਇਸ ਖਚਖਚ ਨਾਲ ਗੁਰੂ ਨਾਨਕ ਤੇ ਗੁਰੂ ਗ੍ਰੰਥ ਸਾਹਿਬ ਦਾ ਲੈਣਾ-ਦੇਣਾ ਹੀ ਕੋਈ ਨਹੀਂ।

ਪ੍ਰੰਤੂ ਅਸੀਂ ਜੋ ਵੇਖਦੇ ਹਾਂ ਉਹ ਇਹੋ ਹੈ ਕਿ ਇੱਥੇ ਹਜ਼ਾਰਾਂ ਮਨਘੜਤ ਵਿਸ਼ਵਾਸ ਹਨ ਤੇ ਹਜ਼ਾਰਾਂ ਸੱਚੇ ਸੌਦੇ, ਵਪਾਰ ਤੇ ਵਣਜ। ਜਿਹੇ ਜਿਹੀ ਕਿਸੇ ਦੀ ਆਪਣੀ ਬੁੱਧੀ ਜੋ ਵਿਕਸਤ ਨਹੀਂ ਹੁੰਦੀ, ਹੁੰਦੀ ਹੈ ਉਹੋ ਜਿਹੀ ਧਾਰਨਾ ਬਣਾ ਲੈਂਦਾ ਹੈ ਅਤੇ ਉਹੋ ਜਿਹਾ ਵਣਜ ਵਪਾਰ ਭਾਵ ਜੀਵਨ ਵਿਹਾਰ ਸਥਾਪਤ ਕਰ ਲੈਂਦਾ ਹੈ। ਇੱਥੇ ਇਕਦਮ ਅਨਪੜ੍ਹ, ਉਜੱਡ ਅਤੇ ਬੇਸੂਹੇ ਅਗਿਆਨੀ ਲੋਕ ਮਾਰਗ ਦਰਸ਼ਨ ਕਰਦੇ ਹਨ ਤੇ ਧਨਵਾਨ ਅਤੇ ਡਿਗਰੀਧਾਰੀ ਪਦਧਾਰੀ ਲੋਕ ਉਸ ਮਾਰਗ ਨੂੰ ਸਿਰ 'ਤੇ ਚੁੱਕ ਕੇ ਤੁਰਦੇ ਹਨ, ਬਣਾਈ ਹੋਈ ਮਰਿਆਦਾ ਅਧੀਨ। ਜਿਸ ਮਰਿਆਦਾ ਨੂੰ ਬੁੱਧੀਮਾਨ ਸਿਆਣੇ ਲੋਕ ਪੈਦਾ ਨਹੀਂ ਕਰਦੇ, ਅਨਪੜ੍ਹ, ਅਗਿਆਨੀ, ਚੋਲਾਧਾਰੀ ਪੈਦਾ ਕਰਦੇ ਹਨ। ਇਹੋ ਹੈ ਸਿੱਖ ਸਮਾਜ ਦਾ ਅੱਜ ਦਾ ਸੱਚਾ ਸੌਦਾ ਅਤੇ ਸੱਚਾ ਵਪਾਰ। ਇਸ ਵਦਜ ਵਪਾਰ ਵਿਚ ਸਿੱਖ ਸਮਾਜ ਅੰਦਰ ਨਿਰੰਕਾਰੀ, ਰਾਧਾ ਸਵਾਮੀ ਅਤੇ ਸੱਚਾ ਸੌਦਾ ਵਣਜ ਵਪਾਰ ਸ਼ੁਰੂ ਹੋਏ। ਹੋਰ ਹਜ਼ਾਰਾਂ ਧਾਰਨਾਵਾਂ ਅਤੇ ਮਰਿਆਦਾਵਾਂ ਵਾਂਗ। ਇਹਨਾਂ ਵਿਚੋਂ ਇਕ ਹੈ ਸਰਸੇ ਵਾਲੇ ਰਾਮ ਰਹੀਮ ਸਿੰਘ ਦੀ ਸੱਚਾ ਸੌਦਾ ਪ੍ਰਥਾ। ਜੋ ਹੈ ਕੀ ਇਸ ਬਾਰੇ ਕਿਸੇ ਨੂੰ ਵੀ ਕੋਈ ਸ਼ੰਕਾ ਨਹੀਂ। ਸਭ ਕੁਝ ਪ੍ਰਗਟ ਹੈ, ਪ੍ਰਤੱਖ ਹੈ ਤੇ ਕਰੋੜਾਂ ਲੋਕਾਂ ਤੇ ਅਸਰਦਾਰ ਹੈ।

ਮੈਂ ਜਦੋਂ ਸਰਸੇ ਦੀ, ਸੱਚਾ ਸੌਦਾ ਧਾਰਾ ਬਾਰੇ ਲਿਖ ਰਿਹਾ ਹਾਂ, ਮੇਰਾ ਉਸ ਨਾਲ ਨਾ ਕੋਈ ਹਿੱਤ ਹੈ ਨਾ ਵਿਰੋਧ। ਮੈਂ ਇਸ ਤਰ੍ਹਾਂ ਦੀਆਂ ਧਾਰਨਾਵਾਂ ਮਰਿਆਦਾਵਾਂ, ਵਣਜਾਂ ਵਪਾਰਾਂ ਤੋਂ ਪੂਰੀ ਤਰ੍ਹਾਂ ਮੁਕਤ ਹਾਂ। ਜਿਹਨਾਂ ਨਾਲ ਮੇਰਾ ਕੋਈ ਸਰੋਕਾਰ ਨਹੀਂ ਹੈ। ਪ੍ਰੰਤੂ ਕਿਉਂਕਿ ਇਹ ਪ੍ਰਥਾਵਾਂ ਦੇਸ਼ ਦੀ ਸਮਾਜਿਕਤਾ ਅਤੇ ਰਾਜਨੀਤੀ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸੇ ਕਰਕੇ ਸਹਿਜੇ ਹੀ ਇਹ ਸਾਡਾ ਸਮਾਜਿਕ ਵਿਸ਼ਾ ਹਨ। ਜਿਹਨਾਂ ਤੇ ਚਰਚਾ ਕਰਨਾ ਸਾਡੀ ਜ਼ਰੂਰਤ ਬਣ ਜਾਂਦੀ ਹੈ।

ਕਰੀਬ ਪੰਜ ਛੇ ਸਾਲ ਪਹਿਲਾਂ ਡੇਰੇ ਦੇ ਮੁਖੀ ਜੋ ਜੱਟ ਸਿੱਖ ਪਰਿਵਾਰ ਦਾ ਜੰਮਪਲ ਹੈ, ਨੇ ਸਿੱਖਾਂ ਦੇ ਕਹਿਣ ਅਨੁਸਾਰ ਗੁਰੂ ਗੋਬਿੰਦ ਸਿੰਘ ਦੀ ਨਕਲ ਕਰਦਿਆਂ ਆਪਣਾ ਇਕ ਅਮ੍ਰਿਤ ਇੰਸਾ-ਜਾਮ ਤਿਆਰ ਕੀਤਾ ਅਤੇ ਲੱਖਾਂ ਲੋਕਾਂ ਨੂੰ ਪਿਆਇਆ। ਨਤੀਜੇ ਵਜੋਂ ਸਾਡੇ ਸਾਹਮਣੇ ਤਿੰਨ ਤਰ੍ਹਾਂ ਦੇ ਅਮ੍ਰਿਤ ਜਾਮ ਸਾਹਮਣੇ ਆਏ। ਇਕ ਬ੍ਰਾਹਮਣੀ ਅਮ੍ਰਿਤ ਜੋ ਦੇਵਤਿਆਂ ਤੇ ਦੈਂਤਾਂ ਰਾਖਸ਼ਾਂ ਦੁਆਰਾ ਸਮੁੰਦਰ ਰਿੜਕਣ ਤੋਂ ਬਾਅਦ ਪੈਦਾ ਹੋਇਆ, ਜਿਸਨੂੰ ਸੱਪ ਦੀ ਸਿਰੀ ਵੱਲ ਲੱਗੇ ਦੈਂਤਾਂ ਨੇ ਖੋਹ ਲਿਆ। ਤੇ ਬ੍ਰਾਹਮਣਾਂ ਦੇ ਦੇਵਤੇ ਵਿਸ਼ਨੂੰ ਨੇ ਮੋਹਣੀ ਦਾ ਰੂਪ ਧਾਰਨ ਕਰਕੇ ਭਾਵ ਸੁੰਦਰ ਜਨਾਨੀ ਦਾ ਰੂਪ ਧਾਰਨ ਕਰਕੇ, ਦੈਂਤਾਂ ਤੋਂ ਕਪਟ ਨਾਲ ਵਾਪਸ ਲੈ ਲਿਆ ਤੇ ਫਿਰ ਕਪਟ ਨਾਲ ਬ੍ਰਾਹਮਣਾਂ ਨੂੰ ਹੀ ਪਿਆ ਦਿੱਤਾ ਤੇ ਦੈਂਤਾਂ ਨੂੰ ਸੁਰਾ ਪਿਆ ਦਿੱਤੀ।

ਦੂਜਾ ਅਮ੍ਰਿਤ ਗੁਰੂ ਗੋਬਿੰਦ ਸਿੰਘ ਨੇ 1699 ਨੂੰ ਤਿਆਰ ਕੀਤਾ ਅਤੇ ਬ੍ਰਾਹਮਣੀ ਜਾਤ ਪਾਤੀ ਵਣਜ ਵਪਾਰ ਦੇ ਸਤਾਏ ਦੱਬੇ-ਕੁਚਲੇ ਲੋਕਾਂ ਨੂੰ ਪਿਆਰ ਕੇ ਬਰਾਬਰ ਘੋਸ਼ਿਤ ਕਰ ਦਿੱਤਾ। ਤੇ ਉਹ ਅਛੂਤਾਂ ਨੀਚਾਂ ਤੋਂ ਇਕ ਦਿਨ ਰਾਜੇ ਮਹਾਰਾਜੇ ਬਣ ਗਏ। ਫਿਰ ਜਦੋਂ ਹਵਾਵਾਂ ਉਲਟ ਗਈਆਂ ਪੰਜਾਬ ਦੇ ਪਿੰਡਾਂ ਅਤੇ ਗੁਰੂ ਘਰਾਂ ਅੰਦਰ ਜੱਟ ਸਿੱਖਾਂ ਦੇ, ਬ੍ਰਾਹਮਣ ਅਤੇ ਖੱਤਰੀ ਸਿੱਖਾਂ ਦੇ ਅਪਮਾਨਿਤ ਕੀਤੇ ਲੋਕ, ਗੁਰੂ ਘਰਾਂ ਤੋਂ ਅਪਮਾਨਿਤ ਹੋ ਕੇ ਬਾਹਰ ਨਿਕਲੇ ਤਾਂ ਉਹ ਨਿਰੰਕਾਰੀ, ਰਾਧਾ ਸਵਾਮੀ ਅਤੇ ਸੱਚਾ ਸੌਦਾ ਵਾਲੇ ਵਣਜ ਵਪਾਰ ਵਿਚ ਚਲੇ ਗਏ। ਫਿਰ ਇਕ ਦਿਨ ਸਰਸੇ ਦੇ ਡੇਰਾ ਮੁਖੀ (ਜੱਟ ਸੰਤ) ਨੇ ਇੰਸਾ-ਜਾਮ ਤਿਆਰ ਕਰਕੇ ਲੱਖਾਂ ਨੂੰ ਪਿਆ ਦਿੱਤਾ। ਪੁਸ਼ਾਕ ਗੁਰੂ ਗੋਬਿੰਦ ਸਿੰਘ ਵਾਂਗ ਹੀ ਪਾਈ। ਅਖਬਾਰਾਂ ਨੇ ਬਹੁਤ ਵਾਰ ਲਿਖਿਆ ਕਿ ਇਹ ਪੁਸ਼ਾਕ ਉਸਨੂੰ ਬਾਦਲ ਪਰਿਵਾਰ ਨੇ ਭੇਂਟ ਕੀਤੀ ਸੀ। ਜਿਵੇਂ ਗੁਰੂ ਦੇ ਸਿੱਖ ਇਕ ਦਿਨ 1699 ਨੂੰ ਸਿੰਘ ਬਣ ਗਏ ਤੇ ਜਾਨ ਤਲੀ ਤੇ ਰੱਖ ਕੇ ਗੁਰੂ ਦੇ ਧਰਮ ਖਾਤਰ ਮਰ ਮਿਟੇ- ਬਿਲਕੁਲ ਇਵੇਂ ਜਾਮੇ ਇੰਸਾ ਪੀ ਕੇ, ਲੱਖਾਂ ਲੋਕ, ਡੇਰਾ ਸਰਸਾ ਦੀ ਮਰਿਆਦਾ ਲਈ ਮਰ ਮਿਟਣ ਨੂੰ ਤਿਆਰ ਹੋ ਗਏ। ਇਹੀ ਕਾਰਨ ਹੈ ਕਿ ਦੇਸ਼ ਦਾ ਕਾਨੂੰਨ ਅਜੇ ਤੱਕ, ਡੇਰਾ ਮੁਖੀ ਬਾਰੇ, ਸਹੀ ਗਲਤ ਦਾ ਨਿਰਣਾ ਨਹੀਂ ਦੇ ਸਕਿਆ।

ਇਹ ਉਸੇ ਤਰ੍ਹਾਂ ਹੈ ਜਿਵੇਂ ਬ੍ਰਾਹਮਣ ਦੇਵਤਿਆਂ ਵਾਲਾ ਅੰਮ੍ਰਿਤ ਜੋ ਵੀ ਪਾਨ ਕਰ ਲੈਂਦਾ ਹੈ, ਉਹ ਹਿੰਦੂ ਧਰਮ ਲਈ ਮਰ ਮਿਟਦਾ ਹੈ ਅਤੇ ਵਿਰੋਧੀ ਮੁਸਲਮਾਨਾਂ, ਸਿੱਖਾਂ, ਦਲਿਤਾਂ, ਇਸਾਈਆਂ ਦੀਆਂ ਬੋਟੀਆਂ ਖਿਲਾਰ ਦਿੰਦਾ ਹੈ। ਜਿਸ 'ਪਾਨ' ਦਾ ਪਰਨ ਇਹੋ ਹੁੰਦਾ ਹੈ ਕਿ ਧਰਮ ਨੂੰ ਜਦੋਂ ਵੀ ਖਤਰਾ ਪਵੇ ਤਾਂ ਮਰ ਮਿਟੋ। ਸ਼ੂਦਰ ਮੂਲਵਾਸੀ ਸਮਾਜ ਅੰਦਰ ਕਦੀ ਇਹੀ ਰਸਮ ਪਾਨ ਬੀੜਾ ਉਠਾਉਣ ਦੀ ਹੁੰਦੀ ਸੀ।

ਸਾਡਾ ਸਵਾਲ ਹੈ ਕਿ 'ਜਾਮੇ-ਇੰਸਾ' ਅਤੇ 'ਅੰਮ੍ਰਿਤ ਖਾਲਸਾ' ਵਿਚਕਾਰ ਸਿੱਧਾ ਟਕਰਾਅ ਪੈਦਾ ਹੋ ਗਿਆ। ਜਿਵੇਂ ਗੁਰੂ ਦਾ ਅੰਮ੍ਰਿਤ ਪੀ ਕੇ ਸਿੱਖ ਲੜਨ ਮਰਨ ਨੂੰ ਤਿਆਰ ਹੁੰਦੇ ਰਹੇ ਹਨ, ਉਸੇ ਤਰ੍ਹਾਂ ਹੀ ਜਾਮੇ ਇੰਸਾ ਪੀ ਕੇ ਸੱਚੇ ਸੌਦੇ ਵਾਲੇ ਤਿਆਰ ਹੋ ਗਏ। ਨਤੀਜਾ ਕੀ ਨਿਕਲਿਆ ਕਿ ਜਾਮੇ ਇੰਸਾ ਦੇ ਵਿਰੋਧ ਵਿਚ ਸਿੱਖਾਂ ਦੇ ਇਕ ਵਰਗ ਨੇ ਲਾਮਬੰਦੀ ਕਰ ਲਈ। ਜੋ ਪਿਛਲੇ ਕਿੰਨਿਆਂ ਹੀ ਵਰ੍ਹਿਆਂ ਤੋਂ ਸੱਚੇ ਸੌਦੇ ਵਾਲਿਆਂ ਨਾਲ ਦੁਸ਼ਮਣੀ ਦੀ ਹੱਦ ਤੱਕ ਪਹੁੰਚ ਗਏ। ਮਾਰ ਕੁਟਾਈ ਜੇਲ੍ਹਾਂ, ਧਰਨੇ ਕੋਸੇ-ਕੇਸੀ ਨਿੱਤ ਦੀਆਂ ਗੱਲਾਂ ਹੋ ਗਈਆਂ। ਬਿਨਾਂ ਸ਼ੱਕ ਸਿੱਖਾਂ ਦੇ ਏਸ ਵਰਗ ਨੇ ਬੰਦੇ ਵੀ ਮਰਵਾਏ, ਖੂਬ ਕੁੱਟ ਖਾਧੀ ਅਤੇ ਕੇਸਾਂ ਵਿਚ ਲਗਾਤਾਰ ਫਸਦੇ ਰਹੇ। ਜਿਹਨਾਂ ਨੂੰ ਸਿੱਖ ਧਰਮ ਵਿਚੋਂ ਅਪਮਾਨਿਤ ਕਰਕੇ ਬਾਹਰ ਧੱਕਿਆ ਗਿਆ, ਉਹ ਪਿੰਡਾਂ ਵਿਚ, ਖਾਸ ਕਰਕੇ ਜੱਟ ਸਿੱਖਾਂ ਦਾ ਕਦੀ ਮੁਕਾਬਲਾ ਨਹੀਂ ਕਰ ਸਕੇ। ਪ੍ਰੰਤੂ ਜਿਉਂ ਹੀ ਉਹ ਸਰਸਾ ਡੇਰੇ ਨਾਲ ਜੁੜੇ ਤੇ ਜਾਮੇ ਇੰਸਾ ਪੀਤਾ ਤਾਂ ਉਹੀ ਡੇਰੇ ਦੀ ਲਾਡਲੀ ਫੌਜ ਬਣ ਗਏ। ਮੈਂ ਚੰਗੀ ਤਰ੍ਹਾਂ ਯਾਦ ਕਰ ਸਕਦਾ ਹਾਂ ਕਿ ਉਹਨਾਂ ਨੇ ਸੰਗਤ ਰੂਪ ਵਿਚ ਸੜਕਾਂ 'ਤੇ ਵੀ ਪਿੰਡਾਂ ਵਿਚ ਵੀ ਸਿੱਖਾਂ ਦੀ ਧਰਕੇ ਮਾਰ ਕੁਟਾਈ ਕੀਤੀ ਅਤੇ ਆਪਣੇ ਗੀਤ ਭਜਨ ਗਾਉਣੇ ਜਾਰੀ ਰੱਖੇ। ਪਰਜਾਤੰਤਰ ਵਿਚ ਕੋਈ ਵੀ ਕਿਸੇ ਦੇ ਧਰਮ ਤੇ ਸਿੱਧਾ ਹਮਲਾ ਨਹੀਂ ਕਰ ਸਕਦਾ। ਇਸ ਕਰਕੇ ਕਾਨੂੰਨ ਵੀ ਸਿੱਖਾਂ ਦੇ ਵਿਰੁੱਧ ਗਿਆ। ਪਿਛਲੇ ਲੰਮੇ ਅਰਸੇ ਵਿਚ ਡੇਰਾ ਸਰਸਾ ਦੀ ਸਥਿਤੀ ਕਈ ਗੁਣਾਂ ਮਜ਼ਬੂਤ ਹੁੰਦੀ ਗਈ ਅਤੇ ਸਿੱਖ ਡੇਰੇ ਦਾ, ਡੇਰਾ ਪ੍ਰੇਮੀਆਂ ਦਾ ਕੁਝ ਨਹੀਂ ਵਿਗਾੜ ਸਕੇ। ਸਗੋਂ ਗੁਰੂ ਗ੍ਰੰਥ ਸਾਹਿਬ ਦੇ ਮੁੱਦੇ ਤੇ ਵੀ ਸਿੱਖਾਂ ਨੇ ਪਿੰਡਾਂ ਨੂੰ ਸਿੱਧਾ ਵੰਡ ਲਿਆ। ਜਿਹੜੇ ਨਿਮਨ ਜਾਤੀ ਲੋਕ ਪਿੰਡ ਦੀ ਜੱਟ ਸਿੱਖ ਆਬਾਦੀ ਤੋਂ ਡਰਦੇ ਰਹੇ ਸਨ, ਉਹ ਸਰਸੇ ਦੇ ਪ੍ਰੇਮੀ ਬਣ ਕੇ ਦੋ-ਚਾਰ ਘਰ ਵੀ ਸਿੱਖਾਂ ਮੂਹਰੇ ਅੜ ਜਾਂਦੇ ਹਨ, ਕਿਉਂਕਿ ਪ੍ਰੇਮੀਆਂ ਦੀ ਵੀ ਇਕ ਜਮਾਤ ਬਣ ਗਈ ਹੈ ਜੋ ਤੁਰੰਤ ਕੱਠੇ ਹੋ ਕੇ ਵਿਰੋਧ ਵਿਚ ਆ ਜਾਂਦੇ ਨੇ। ਇਹ ਸਭ ਜਾਣਦੇ ਸਨ ਕਿ ਬਾਦਲ ਪਰਿਵਾਰ ਦੀ, ਕਾਂਗਰਸੀਆਂ ਦੀ, ਸੰਘ ਪਰਿਵਾਰੀਆਂ ਦੀ ਡੇਰਿਆਂ ਨਾਲ ਬਹੁਤ ਸਾਂਝ ਹੈ। ਪ੍ਰੰਤੂ ਇਸ ਸਚਾਈ ਦੇ ਬਾਵਜੂਦ ਵੀ ਗੁਸੈਲ ਸਿੱਖਾਂ ਦਾ ਵਰਗ ਕੋਈ ਸਹੀ ਨਿਰਣਾ ਨਹੀਂ ਲੈ ਸਕਿਆ। ਟਕਰਾਅ ਵਿਚ ਵਾਰ ਵਾਰ ਪੈ ਕੇ ਆਪਣਾ ਜਾਨੀ ਮਾਲੀ ਨੁਕਸਾਨ ਉਠਾਉਂਦਾ ਰਿਹਾ। ਜੋ ਅੰਦਰ ਘੁਸੀ ਬ੍ਰਾਹਮਣ ਦੀ ਰੀਤ ਨਾਲ ਕਦੀ ਨਹੀਂ ਟਕਰਾਇਆ।

ਕਿੰਨੇ ਹੀ ਮਾਰੇ ਗਏ। ਅਨੇਕਾਂ ਤੇ ਮੁਕੱਦਮੇ ਦਰਜ ਹੋਏ। ਸੈਂਕੜਿਆਂ ਨੇ ਕੁੱਟਮਾਰ ਖਾਧੀ। ਹੋਰ ਕਿਸੇ ਦਾ ਕੁਝ ਨਹੀਂ ਵਿਗੜਿਆ। ਡੇਰਾ ਮੁਖੀ ਤੇ ਬਣੇ ਮੁਕੱਦਮੇ ਵੀ ਲਗਾਤਾਰ ਲਟਕਦੇ ਰਹੇ। ਕਿਸੇ ਸਿਰੇ ਨਹੀਂ ਪਹੁੰਚੇ। ਅੰਤ ਹੋਇਆ ਕੀ? ਇਹੋ ਕਿ ਅਕਾਲੀਆਂ ਦੀ ਹਾਕਮ ਧਿਰ ਨੇ ਭਾਵ ਬਾਦਲ ਪਰਿਵਾਰ ਨੇ ਆਪਣੇ ਦਰਬਾਰੀਆਂ ਤੋਂ ਸੱਚਾ ਸੌਦਾ ਡੇਰੇ ਦੇ ਨਾਲ ਬਿਨਾਂ ਕਿਸੇ ਵਾਰਤਾਲਾਪ ਤੋਂ ਮੁਆਫੀਨਾਮੇ ਦਾ ਹੁਕਮ ਜਾਰੀ ਕਰਵਾ ਦਿੱਤਾ। ਧਰਮ ਦੇ ਨਾਂ ਤੇ ਇਹ ਵੱਡੀਆਂ ਸਾਜਿਸ਼ਾਂ ਦੇਸ਼ ਦੀ ਗੰਦੀ ਕਰ ਦਿੱਤੀ ਗਈ ਰਾਜਨੀਤੀ ਦਾ ਪ੍ਰਗਟ ਮੁਜਾਹਰਾ ਹਨ। ਜੋ ਕਿਸੇ ਦੀ ਪਰਵਾਹ ਕੀਤੇ ਬਿਨਾਂ ਘੜੀਆਂ ਬਣਾਈਆਂ ਤੇ ਵਰਤਾਈਆਂ ਜਾਂਦੀਆਂ ਹਨ। ਕੋਈ ਇਸ ਆੜ ਵਿਚ ਆਪਣਾ ਪੱਖ ਸਹੀ ਸਾਬਤ ਨਹੀਂ ਕਰ ਸਕਦਾ ਕਿ ਧਰਮ ਦੀ ਖਾਤਰ ਲੜ ਮਰਨਾ ਵੀ ਤਾਂ ਸਹੀ ਹੈ। ਮੈਂ ਇਸ ਤਰ੍ਹਾਂ ਦੀਆਂ ਧਾਰਨਾਵਾਂ ਨੂੰ ਨਾ ਸਮਝੀ ਅਤੇ ਅਗਿਆਨਤਾ ਦੀ ਜਿੱਦ ਤੋਂ ਵੱਧ ਕੁਝ ਨਹੀਂ ਮੰਨਦਾ। ਕਿਉਂਕਿ ਧਰਮ ਉਸੇ ਦਾ ਹੁੰਦਾ ਹੈ, ਜਿਸਦਾ ਧਰਮ ਤੇ ਕਬਜਾ ਹੋਵੇ। ਧਰਮ ਦਾ ਸਹੀ ਗਲਤ ਨਿਰਣਾ ਉਹੀ ਕਰਦੇ ਹਨ, ਜਿਹਨਾਂ ਦੀ ਧਰਮ ਉਪਰ ਜਕੜ ਜਾਂ ਪਕੜ ਵਿਚ ਹੋਵੇ। ਧਰਮ ਦਾ ਅਧਰਮ ਤੇ ਅਧਰਮ ਦਾ ਧਰਮ ਵੀ ਉਹਨਾਂ ਨੇ ਹੀ ਬਣਾਉਣਾ ਹੁੰਦਾ ਹੈ। ਜੋ ਮਨੁੱਖ ਇਹ ਬੁਨਿਆਦੀ ਗੱਲ ਨਹੀਂ ਸਮਝ ਸਕਦੇ, ਉਹ ਅੰਨ੍ਹੀ ਸ਼ਰਧਾ ਵਿਚ ਕੇਵਲ ਮਾਰ ਖਾ ਸਕਦੇ ਹਨ, ਬਦਲ ਕੁਝ ਨਹੀਂ ਸਕਦੇ। ਅਦਲ ਬਦਲ ਸਭ ਕਾਬਜ ਜਮਾਤ ਦੇ ਹੱਥ ਹੁੰਦਾ ਹੈ। ਉਹ ਧਰਮ ਸਮਾਜ, ਰਾਜਨੀਤੀ, ਪੁਲਿਸ, ਫੌਜ, ਕਾਨੂੰਨ, ਦੌਲਤ, ਵਿੱਦਿਆ ਸਭ ਤਰ੍ਹਾਂ ਦੀਆਂ ਜੀਵਨ ਸ਼ਾਖਾਵਾਂ ਨੂੰ ਆਪਣੀ ਮਰਜ਼ੀ ਨਾਲ ਤਰਾਸ਼ ਬਣਾ ਕੇ ਰੱਖਦੀ ਹੈ। ਤਾਂ ਕਿ ਜਦੋਂ ਵੀ ਕੋਈ ਫੈਸਲਾ ਲੈਣਾ ਪਵੇ ਉਹ ਬੜੀ ਆਸਾਨੀ ਨਾਲ ਉਸ ਹਾਕਮ ਸ਼੍ਰੇਣੀ ਵੱਲ ਭੁਗਤੇ।

ਜਮਾਤਾਂ ਦੇ ਆਪਣੇ ਆਪਣੇ ਕਿਰਦਾਰ ਹੁੰਦੇ ਹਨ। ਚੰਗੇ ਵੀ ਮਾੜੇ ਵੀ। ਸਹੀ ਵੀ ਗਲਤ ਵੀ। ਨੇਕ ਵੀ ਬਦ ਵੀ। ਜਿਹੇ ਜਿਹੀ ਜਮਾਤ ਹੋਵੇਗੀ, ਉਹੋ ਜਿਹੇ ਹੀ ਨਿਰਣੇ ਲਵੇਗੀ। ਜਿਹੋ ਜਿਹੇ ਕਿਸੇ ਸਮਾਜ ਦੇ ਲੋਕ ਲੋਕ ਹੁੰਦੇ ਹਨ, ਉਹੋ ਜਿਹਾ ਸਮਾਜ ਹੁੰਦਾ ਹੈ, ਜਿਵੇਂ ਗਹਿਰਿਆਂ ਤੋਂ ਪਛਾਣਿਆ ਜਾਂਦਾ ਹੈ।

ਅਮ੍ਰਿਤ ਅਤੇ ਜਾਮੇ ਇੰਸਾ ਵਿਚਕਾਰ ਟਕਰਾਅ ਹੋਇਆ। ਮਾਰਕਾਟ ਵਰ੍ਹਿਆਂ ਤੱਕ ਚੱਲੀ। ਨਤੀਜਾ ਕੀ ਨਿਕਲਿਆ। ਹਾਲਾਤ ਪੈਦਾ ਕਰਨ ਵਾਲਿਆਂ ਨੇ ਹੀ ਹਾਲਾਤ ਨੂੰ ਮਰਜੀ ਨਾਲ ਮੋੜ ਦਿੱਤਾ। ਤੇ ਉਹ ਜੋ ਲੜ ਮਰੇ, ਜਿਹਨਾਂ ਨੇ ਜਮਾਤਾਂ ਦੇ ਕਿਰਦਾਰੀ ਪੱਖ ਨੂੰ ਜਾਣਦਿਆਂ ਜਾਂ ਨਾ ਜਾਣਦਿਆਂ ਆਪਣੀ ਧੁੱਸ ਕਾਇਮ ਰੱਖੀ, ਨੁਕਸਾਨ ਤਾਂ ਉਹਨਾਂ ਨੇ ਉਠਾਇਆ। ਹੁਣ ਜਦੋਂ ਵਣਜ ਵਪਾਰ ਹੋਇਆ ਹੈ, ਸਾਰੀ ਖੇਡ ਦੀ ਫੂਕ ਕੱਢ ਦਿੱਤੀ ਗਈ ਹੈ ਤਾਂ ਲੜਨ ਭਿੜਨ ਤੇ ਮਰਨ ਵਾਲੇ ਸਿਵਾਏ ਹੋਰ ਚੰਗਾ ਬੁਰਾ ਬੋਲਣ ਤੇ ਹੋਰ ਕੀ ਕਰ ਸਕਣਗੇ? ਕੁਝ ਨਹੀਂ।

ਹੁੰਦਾ ਕੀ ਹੈ? ਕਿ ਬਹੁਤ ਫਿਰਕੇ ਸਿਰਫ ਆਪਣੇ ਨਜ਼ਰੀਏ ਤੋਂ ਫੈਸਲੇ ਲੈਂਦੇ ਹਨ ਤੇ ਕੁੱਦ ਪੈਂਦੇ ਹਨ। ਉਹ ਵਿਰੋਧੀ ਧਿਰਾਂ ਦੀ ਰਣਨੀਤੀ ਤੇ ਅਲਜ਼ਬਰੇ ਨੂੰ ਅੱਖੋਂ ਓਹਲੇ ਕਰ ਰੱਖਦੇ ਹਨ। ਜਦੋਂ ਕਿ ਉਹੀ ਅਲਜਬਰਾ ਨਿਰਣਾਇਕ ਹੁੰਦਾ ਹੈ। ਜਾਂ ਫਿਰ ਜ਼ਰੂਰੀ ਹੁੰਦਾ ਹੈ ਕਿ ਨਿਰਣਾਇਕ ਬਣ ਸਕਣ ਦੀ ਕਾਬਲੀਅਤ ਪੈਦਾ ਕੀਤੀ ਜਾਵੇ। ਨਿਰਣਾਇਕ ਤਾਕਤ ਬਣਨ ਦੀ ਕਾਬਲੀਅਤ ਗਿਆਨ, ਜ਼ਮੀਨੀ ਹਕੀਕਤਾਂ ਅਤੇ ਵਿਰੋਧੀ ਜਮਾਤ ਦੀ ਪੂਰੀ ਪਛਾਣ ਵਿਚੋਂ ਪੈਦਾ ਹੁੰਦੀ ਹੈ। ਜੇਤੂ ਉਹੀ ਹੁੰਦਾ ਹੈ ਜੋ ਬਹੁਪੱਖੀ ਤੇ ਬਣਨ ਵਾਲੇ ਹਾਲਾਤਾਂ ਦਾ ਨਿਰਣਾ ਹੀ ਨਾ ਕਰੇ ਸਗੋਂ ਉਹਨਾਂ ਨਾਲ ਸਹੀ ਨਿਪਟਣ ਵਾਲੀ ਬੌਧਿਕਤਾ ਨੂੰ ਵੀ ਚੇਤੰਨ ਰੱਖੇ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਲੀਹਾਂ ਖਿਲਾਰਨ ਤੋਂ ਬਾਅਦ ਕਾਬਜ ਹੋਈ ਹਿੰਦੂ ਜਮਾਤ ਨੇ ਅੱਜ ਤੱਕ ਸਿੱਖਾਂ ਦੇ ਕਿਸੇ ਵੀ ਵਿਰੋਧੀ ਵਰਗ ਨੂੰ ਸਿਰੇ ਨਹੀਂ ਆਉਣ ਦਿੱਤਾ। ਤੇ ਕੋਈ ਅਜਿਹਾ ਵਰਗ ਪੈਦਾ ਵੀ ਨਹੀਂ ਹੋਇਆ ਜੋ ਕਾਬਜ ਜਮਾਤ ਨਾਲ ਨਿਪਟਣ ਦੀ ਬੌਧਿਕ ਸਮਰੱਥਾ ਰੱਖਦਾ ਹੋਵੇ। ਬੇਤਹਾਸ਼ਾ ਸ਼ਰਧਾ ਅਤੇ ਅੰਧ ਵਿਸ਼ਵਾਸ ਕਦੀ ਵੀ ਕੰਮ ਨਹੀਂ ਆਉਂਦੇ। ਬੁੱਧੀ ਤੇ ਸਹੀ ਦ੍ਰਿਸ਼ਟੀ ਹੀ ਕੰਮ ਦੀ ਸ਼ੈਅ ਹਨ। ਮੈਂ ਨਹੀਂ ਸਮਝਦਾ ਕਿ ਬੁੱਧੀ, ਅਕਲ ਮੱਤ ਅਤੇ ਸਹੀ ਦ੍ਰਿਸ਼ਟੀ ਨਿੱਤ ਰੋਜ਼ ਪਾਠ ਕਰਨ ਤੇ ਸੁਣਨ ਨਾਲ ਪੈਦਾ ਹੋ ਜਾਂਦੀ ਹੈ। ਪੜ੍ਹੇ ਨੂੰ ਵਿਚਾਰੇ ਬਿਨਾਂ ਇਹ ਗੁਣ ਪੈਦਾ ਨਹੀਂ ਹੁੰਦੇ। ਮਨ ਚਿੱਤ ਤੇ ਬੁੱਧੀ ਦੇ ਵਿਕਾਸ ਬਿਨਾਂ ਨਾ ਆਪਣੀ ਤੇ ਨਾ ਵਿਰੋਧੀ ਦੀ ਸਮਝ ਪੈ ਸਕਦੀ ਹੈ। ਗੱਲਾਂ ਗੱਲਾਂ ਵਿਚ ਰੱਬ ਨੂੰ ਥੱਲੇ ਲਾਹ ਲੈਣ ਵਾਲੇ, ਮੱਛੀਆਂ ਨੂੰ ਖੰਜੂਰਾਂ ਤੇ ਚੜ੍ਹਾ ਦੇਣ ਤੋਂ ਵੱਧ ਕੁਝ ਨਹੀਂ ਹੁੰਦੇ।

ਸਿੱਖਾਂ ਦਾ ਲੜਾਕੂ ਵਰਗ ਇਹ ਸ਼ਾਇਦ ਸਮਝਣ ਲਈ ਕਦੀ ਤਿਆਰ ਨਹੀਂ ਹੁੰਦਾ ਕਿ ਜੀਵਨ ਦੇ ਸਹੀ ਗਿਆਨ ਨੂੰ ਸਮਝਣ ਲਈ ਸੰਤਾਂ ਅਤੇ ਗੁਰੂਆਂ ਦੇ 1699 ਤੱਕ ਕਰੀਬਨ 500 ਸਾਲ ਲੱਗੇ। ਤੇ ਗੁਰੂ ਗ੍ਰੰਥ ਦੇ ਦਰਸ਼ਨ ਨੂੰ ਤਿਆਰ ਹੋਣ ਤੇ 400 ਸਾਲ। ਬਹੁਤ ਭੀੜਾਂ ਪਈਆਂ ਪ੍ਰੰਤੂ ਉਹ ਮਾਰਗ ਨੂੰ ਉਲਟਾ ਨਹੀਂ ਸਕੀਆਂ। ਇਹ ਹੈ ਜੋ ਸਿੱਖਾਂ ਦੇ ਸਮਝਣ ਵਾਲੀ ਗੱਲ ਹੈ। ਭਾਵੇਂ ਮੈਂ ਜਾਣਦਾ ਹਾਂ ਕਿ 99 ਫੀਸਦੀ ਸਿੱਖ ਮੇਰੀ ਇਕ ਅਛੂਤ ਨੀਵੀਂ ਜਾਤੀ ਦੇ ਬੰਦੇ ਦੀ ਗੱਲ ਨੂੰ ਪਿੱਦੀ ਦੇ ਸ਼ੋਰਬੇ ਤੋਂ ਵੱਧ ਕੁਝ ਨਹੀਂ ਮੰਨਣਗੇ, ਪ੍ਰੰਤੂ ਮੈਂ ਜੋ ਗੁਰੂ ਤੋਂ ਸਿੱਖਿਆ ਹੈ ਤੇ ਜੋ ਮੇਰੀ ਸਮਝ ਪਿਆ ਹੈ, ਉਹ ਇਹੋ ਹੈ ਕਿ ਕਿਸੇ ਸ਼ਕਲ ਸੂਰਤ ਤੋਂ ਕੋਈ ਗੁਰਮੁਖ ਨਹੀਂ ਬਣ ਜਾਂਦਾ। ਨਾ ਊਚ ਨੀਚ ਤੇ ਜਾਤ ਵਰਣ ਬੰਦੇ ਨੂੰ ਗੁਰਮੁਖ ਬਣਾ ਸਕਦੇ ਹਨ। ਸੱਚਾ ਸੌਦਾ ਨਾ ਤਾਂ ਅੰਧ ਵਿਸ਼ਵਾਸਾਂ ਵਿਚ ਹੈ, ਨਾ ਅੰਨ੍ਹੀ ਸ਼ਰਧਾ ਵਿਚ। ਇਹ ਮਨ ਚਿੱਤ ਬੁੱਧੀ ਤੇ ਮਹਾਂ ਗਿਆਨ ਦਾ ਮਸਲਾ ਹੈ ਕਿ ਘੱਟੋ ਘੱਟ ਵਰਤਾਰੇ ਦੀ ਸਹੀ ਸਮਝ ਤਾਂ ਹੋਵੇ। ਲੜਨਾ ਭਿੜਨਾ ਤਾਂ ਬਾਅਦ ਦੀਆਂ ਗੱਲਾਂ ਹਨ। ਲੜਨ ਭਿੜਨ ਤੇ ਮਾਰ ਕੁਟਾਈ ਕਰਨ ਵਾਲੇ ਸ਼ਾਇਦ ਇਸ 'ਤੇ ਵੀ ਮਗਜ਼ ਪੱਚੀ ਨਾ ਕਰਨ ਕਿ ਅਗਲਿਆਂ ਨੇ ਵਰ੍ਹਿਆਂ ਦਾ ਮਸਲਾ ਮਿੰਟਾਂ ਵਿਚ ਟਿਕਾਣੇ ਲਾ ਦਿੱਤਾ। ਹੁਣ ਪੰਜਾਬ ਭਰ ਵਿਚ, ਦੇਸ਼ ਵਿਦੇਸ਼ ਵਿਚ ਉਹ ਸਭ ਲੋਕ ਲਾਮਬੰਦ ਹੋਣਗੇ, ਜਿਹਨਾਂ ਨੇ ਅੱਡੀਆਂ ਚੁੱਕ ਕੇ ਵਿਰੋਧ ਕਰਦਿਆਂ ਡੇਰਾ ਪ੍ਰੇਮੀਆਂ ਤੇ ਸਰਕਾਰੀ ਤੰਤਰ ਦਾ ਸੰਤਾਪ ਭੋਗਿਆ। ਇਸ ਨਾਲ ਬਾਦਲ ਪਰਿਵਾਰ ਦਾ ਜਿੰਨਾ ਸਖਤ ਵਿਰੋਧ ਵਧੇਗਾ। ਇਹ ਪਰਿਵਾਰ ਸੰਘ ਭਾਜਪਾ ਦੀ ਬੁੱਕਲ ਵਿਚ ਉਨਾ ਹੀ ਸੁੰਗੜੇਗਾ। ਜਿੰਨਾ ਇਹ ਬਾਦਲ ਦਲ ਭਾਜਪਾ ਅੰਦਰ ਸੁੰਗੜੇਗਾ, ਉਨਾ ਹੀ ਪੰਜਾਬ ਅ ਦਰ ਭਾਜਪਾ ਸੰਘ ਦੀ ਪਕੜ ਵਧੇਗੀ। ਬਾਦਲ ਤੇ ਉਸਦੇ ਅਕਾਲੀ ਦਲ ਪਾਸ ਦੋ ਹੀ ਰਸਤੇ ਬਚਣਗੇ। ਭਾਜਪਾ ਨੂੰ ਛੱਡ ਦੇਣਾ ਤੇ ਸਿੱਖ ਜਗਤ ਤੋਂ ਮੁਆਫੀ ਮੰਗ ਲੈਣਾ ਤੇ ਮੁੜ ਸੱਤਾ ਵਿਚ ਆ ਜਾਣਾ। ਜਾਂ ਫਿਰ ਭਾਜਪਾ ਨੂੰ ਸ਼ਰਧਾਂ ਅ ਧੀਨ ਪੰਜਾਬ ਦੀ ਹਕੂਮਤ ਸੰਭਾਲ ਦੇਣਾ ਤੇ ਇੰਝ ਇਕ ਵਾਰ ਫਿਰ ਬਾਦਲ ਪਰਿਵਾਰ ਦੀ ਪੁਰਾਤਨ ਪਕੜ ਬਣਾ ਕੇ, ਜੋ ਕਰਨਾ ਸੋ ਕਰਨਾ ਤੇ ਸਿੱਖਾਂ ਨੂੰ ਉਹੋ ਜਿਹੀ ਟਿਕਾ ਦੇਣੀ ਜਿਸਦੇ ਇਹ ਲਾਇਕ ਹਨ। ਇਹ ਸਭ ਸੰਭਵ ਹੈ ਸਿੱਖ ਰਾਜਨੀਤੀ ਤੇ ਧਰਮ ਦੀ ਜਕੜ ਵਿਚ।

ਪ੍ਰਕਾਸ਼ ਸਿੰਘ ਬਾਦਲ ਨੇ ਸਦਾ ਹੀ ਖਾਸ ਕਰਕੇ ਪੱਛੜੀਆਂ ਜਾਤੀਆਂ ਦੇ ਜਾਤ ਪ੍ਰਸਤੀ ਲੋਕਾਂ ਨੂੰ ਧਰਮ ਦੇ ਮੁੱਦੇ 'ਤੇ ਮੂਹਰੇ ਰੱਖਿਆ ਹੈ। ਇਸ ਨਾਲ ਪੱਛੜੀਆਂ ਜਾਤੀਆਂ ਉਸਦੇ ਨਾਲ ਖੜ੍ਹੀਆਂ ਰਹੀਆਂ ਹਨ ਅਤੇ ਉਸਨੇ ਇਹਨਾਂ ਰਾਹੀਂ ਮਰਜੀ ਦੇ ਹੁਕਮ ਪ੍ਰਵਾਨ ਕਰਵਾਏ ਹਨ। ਸਿੱਖ ਕਦੀ ਜਥੇਦਾਰ ਬਡੂੰ ਮਗਰ, ਕਦੀ ਜਗੀਰ ਕੌਰ, ਕਦੀ ਵੇਦਾਂਤੀ, ਕਦੀ ਗਿਆਨੀ ਪੂਰਨ ਸਿੰਘ ਤੇ ਕਦੀ ਗੁਰਬਚਨ ਸਿੰਘ ਮਗਰ ਡਾਂਗਾਂ ਸੋਟੇ ਫੜੀ ਰੱਖਦੇ ਹਨ। ਉਹ ਆਪਣੀ ਤਾਕਤ ਦੇ ਨਿਸ਼ਾਨੇ ਜਦੋਂ ਇੱਧਰ ਕਰ ਰੱਖਦੇ ਹਨ ਤਾਂ ਸੰਘੀ ਲੋਕ ਅਤੇ ਬਾਦਲ ਪਰਿਵਾਰ ਜੋ ਧਰਮ ਦਾ ਹਿੰਦੂਕਰਨ ਕਰਨ ਦੀ ਅਸਲੀ ਤਾਕਤ ਹਨ, ਬਚੇ ਰਹਿੰਦੇ ਹਨ ਅਤੇ ਬਾਦਲ ਪਰਿਵਾਰ ਨੇ ਕਦੀ ਵੀ ਕਿਸੇ ਦਲਿਤ ਨੂੰ ਇਹਨਾਂ ਥਾਵਾਂ 'ਤੇ ਹੀਂ ਬਿਠਾਇਆ। ਕਿਉਂਕਿ ਦਲਿਤ ਦੇ ਬੈਠਦਿਆਂ ਹੀ ਸਿੰਘ ਸੂਰਮੇ ਬਰਛੇ ਕਿਰਪਾਨਾਂ ਤਿੱਖੇ ਕਰ ਲੈਣਗੇ। ਇਸ ਲਈ ਇਸ ਪੱਛੜੇ ਵਰਗ ਦੇ ਚੋਣਵੇਂ ਬੰਦਿਆਂ ਨੂੰ ਰਾਜਨੀਤਿਕ ਕੁਰਸੀ ਤੇ ਬਿਰਾਜਮਾਨ ਕਰਕੇ ਮੂੰਹ ਤੇ ਟੇਪ ਲਾ ਦਿੱਤੀ ਜਾਂਦੀ ਹੈ। ਇਕ ਵਰਗ ਦੇ ਮੂੰਹ ਤੇ ਟੇਪ ਹੁੰਦੀ ਹੈ, ਦੂਜੇ ਧਰਮ ਦੀਆਂ ਉਨੀਆਂ ਸੱਤਰਾਂ ਹੀ ਬੋਲਦੇ ਹਨ, ਜਿਹਨਾਂ ਬੋਲਣ ਦੀ ਆਗਿਆ ਦਿੱਤੀ ਜਾਂਦੀ ਹੈ। ਔਕਾਤ ਦੋਹਾਂ ਵਰਗਾਂ ਦੀ ਗੁਲਾਮਾਂ ਤੋਂ ਵੱਧ ਨਹੀਂ ਹੁੰਦੀ।

ਹੁਣ ਸੈਂਕੜੇ ਸਿੱਖ ਡੇਰਿਆਂ 'ਤੇ ਕਾਬਜ ਲੋਕਾਂ ਅਤੇ ਧਰਮੀ ਪੰਚਾਇਤਾਂ ਦੇ ਵਿਰੋਧ ਉਤੇ ਨਿਰਭਰ ਹੋਵੇਗਾ ਕਿ ਬਾਦਲ ਪਰਿਵਾਰ ਮੁਆਫੀ ਮੰਗਦੇ ਹਨ ਜਾਂ ਸੰਘ ਦੀ ਝੋਲੀ ਵਿਚ ਸੁੰਗੜਦੇ ਹਨ। ਮਾਲਵੇ ਵਿਚ ਤਾਂ ਅਕਾਲੀ ਦਲ ਅਤੇ ਸਰਸਾ ਪ੍ਰੇਮੀਆਂ ਦੀ ਬੁੱਕਲ ਸਾਂਝੀ ਹੋ ਗਈ ਹੈ। ਸੰਭਵ ਹੈ ਕਿ 'ਧਰਮੀ ਲੋਕ' ਵਿਰੋਧ ਨੂੰ ਹੁਣ ਲੈਅਬੱਧ ਨਾ ਚਲਾ ਸਕਣ। ਕਿਉਂਕਿ ਵਾਰ ਵਾਰ ਮਾਰ ਖਾ ਕੇ ਨਿਰਾਸ਼ਤਾ ਵਧਦੀ ਹੈ। ਇਹ ਹਾਲਾਤ ਵੀ ਬਣਨਗੇ ਕਿ ਦਲਿਤ ਪੱਛੜੇ ਪ੍ਰੇਮੀਆਂ ਤੇ ਅਕਾਲੀਆਂ ਦਾ ਗੱਠਜੋੜ ਮਜ਼ਬੂਤ ਹੋਵੇ। ਸੰਘ ਨੇ ਰਾਧਾ ਸਵਾਮੀਆਂ ਨਾਲ ਤਾਂ ਪਹਿਲਾਂ ਹੀ ਗਿੱਟ ਮਿੱਟ ਕਰ ਲਈ ਹੈ। ਜਿੱਥੋਂ ਤੀਕ ਰਵਿਦਾਸੀਆਂ ਡੇਰਿਆਂ ਦਾ ਸਵਾਲ ਹੈ, ਹੁਣ ਇਹ 99 ਫੀਸਦੀ ਜਾਂ ਤਾਂ ਕਾਂਗਰਸੀ ਜਾਂ ਅਕਾਲੀ ਧਿਰਾਂ ਹਨ। ਜਾਂ ਸੰਘ ਪਰਿਵਾਰੀ। ਇਹਨਾ ਤੋਂ ਕੋਈ ਖਤਰਾ ਨਹੀਂ। ਬਸਪਾ ਤਾਂ ਖਤਰੇ ਦੇ ਮੈਦਾਨ ਤੋਂ ਕਰੀਬ 20 ਸਾਲ ਪਹਿਲਾਂ ਹੀ ਬਾਹਰ ਚਲੀ ਗਈ ਸੀ। ਸਮੁੱਚੀ ਕਾਂਗਰਸ ਦੇ ਵੱਡੇ ਨੇਤਾ ਸਾਰੇ ਜੱਟ ਪਰਿਵਾਰਾਂ ਦੇ ਹਨ, ਜਿਹਨਾਂ ਦਾ ਆਪਸੀ ਖੋਰ ਹੱਦਾਂ ਬੰਨੇ ਟੱਪ ਚੁੱਕਾ ਹੈ। ਬਾਕੀ ਦੇਸ਼ ਵਾਂਗ ਇਸਦਾ ਪੰਜਾਬ ਵਿਚ ਵੀ ਬੁਰਾ ਹਾਲ ਹੈ। ਮੁੱਕਦੀ ਗੱਲ ਇਹ ਹੈ ਕਿ ਪਿਛਲੇ ਕਰੀਬ 10-15 ਸਾਲ ਵਿਚ ਅਕਾਲੀ ਦਲ ਰਾਹੀਂ ਸਿੱਖ ਧਰਮ ਅੰਦਰ ਜੋ ਪ੍ਰਵੇਸਗੀ ਸੰਘੀ ਧਾਰਾ ਦੀ ਹੋਈ ਹੈ, ਉਸ ਤਰ੍ਹਾਂ ਡੇਰਿਆਂ ਨੂੰ ਵੀ ਪਕੜ ਵਿਚ ਲੈ ਆਂਦਾ ਗਿਆ ਹੈ। ਪ੍ਰਕਾਸ਼ ਸਿੰਘ ਬਾਦਲ ਪਾਸ ਦੋ ਹੀ ਰਸਤੇ ਹਨ ਕਿ ਜਾਂ ਤਾਂ ਖੁਦ ਸੰਘਮਈ ਸੱਤਾ ਚਲਾਏ ਜਾਂ ਸੰਘ ਪਰਿਵਾਰ ਨੂੰ ਗੱਦੀ ਤੇ ਬੈਠਣ ਦੇ ਹਾਲਾਤ ਬਣਨ ਦੇਵੇ। ਪਹਿਲੀ ਜਨ ਸੰਘੀ ਸਰਕਾਰ ਤੋਂ ਬਾਅਦ ਪੰਜਾਬ ਦੇ ਟੁਕੜੇ ਵੀ ਇਸੇ ਰਾਜਨੀਤੀ ਦੇ ਤਹਿਤ ਹੋਏ। ਪੰਜਾਬ ਅੰਦਰ ਕੋਈ ਵੀ ਧਿਰ ਬਾਕੀ ਨਹੀਂ ਜੋ ਸੰਘਮਈ ਸੱਤਾ ਨੂੰ ਰੋਕ ਸਕੇ। ਮੈਂ ਇਕ ਰਾਜਨੀਤਿਕ ਆਦਮੀ ਵਾਂਗ ਵੀ ਲੰਬਾ ਸਮਾਂ ਸੰਘਰਸ਼ ਕੀਤਾ ਹੈ। ਮੇਰਾ ਮੰਨਣਾ ਹੈ ਕਿ ਆਪ ਵੀ ਕੋਈ ਲੋਕ ਹਿੱਤੂ ਸੰਗਠਨ ਨਹੀਂ। ਇਹ ਮਰ ਰਹੀਆਂ ਹਿੰਦੂ ਤਾਕਤਾਂ ਦਾ ਹੀ ਇਕ ਬਦਲ ਹੈ, ਜਿਵੇਂ ਮਰਦੀ ਕਾਂਗਰਸ ਨੇ ਸੋਚ ਸਮਝ ਕੇ, ਜਨ ਸੰਘ ਅਤੇ ਫਿਰ ਭਾਜਪਾ ਦੀ ਸਿਰਜਣਾ ਕੀਤੀ। ਅਸਲ ਵਿਚ ਇਹ ਕੰਮ ਕਰਨ ਵਾਲੀ ਤਾਕਤ ਆਰ. ਐਸ. ਐਸ ਹੈ। ਜੋ ਕਦੀ ਭਾਰਤੀ ਆਮ ਸਮਾਜ ਦੇ ਜੀਵਨ ਨੂੰ ਬਦਲ ਦੇਣ ਵਾਲਾ ਸੰਗਠਨ ਹੈ ਸਿੱਖ ਹਾਕਮ ਜਿਸਦੇ ਕਾਰਕੁੰਨ ਹਨ।

ਅੰਤ ਮੇਰਾ ਇਹ ਕਹਿਣਾ ਹੈ ਕਿ ਅਕਾਲੀਆਂ ਤੇ ਸਰਸੇ ਵਾਲਿਆਂ ਦਾ ਪ੍ਰੇਮ, ਪੰਜਾਬ ਅੰਦਰ ਰਾਜਨੀਤੀ ਨੂੰ ਨਵਾਂ ਨਾਂ ਦੇਣ ਵਾਲਾ ਹੈ। ਪ੍ਰੰਤੂ ਇਹ ਰਾਜਨੀਤੀ ਹਾਲ ਦੀ ਘੜੀ ਪ੍ਰਕਾਸ਼ ਸਿੰਘ ਪਰਿਵਾਰ ਅਤੇ ਸੰਘ ਪਰਿਵਾਰ ਦੇ ਗਿਰਦ ਹੀ ਘੁੰਮੇਗੀ। ਕਾਂਗਰਸੀ ਤੇ ਹੋਰ ਅਕਾਲੀ ਤੇ ਆਪ ਇਹਨਾਂ ਦਾ ਬਦਲ ਨਹੀਂ ਹਨ। ਰਾਜਸੀ ਬਦਲ ਹੋਣਾ ਹੋਰ ਚੀਜ਼ ਹੈ, ਸਮਾਜਿਕ ਬਦਲ ਬਿਲਕੁਲ ਹੋਰ ਚੀਜ਼। ਪੰਜਾਬ ਦੀ ਬਹੁਗਿਣਤੀ ਦਲਿਤ ਤੇ ਪੱਛੜੇ ਵਰਗ ਹਨ। ਜੋ 95-96 ਤੱਕ ਆਜ਼ਾਦੀ ਤੇ ਬਰਾਬਰੀ ਲਈ ਅੱਗੇ ਵਧੇ। ਤੇ ਫਿਰ ਗੁਲਾਮਾਂ ਤੇ ਲੋਭੀਆਂ ਦੀ ਹੀ ਕਤਾਰ ਬਣਕੇ ਰਹਿ ਗਏ। ਹੁਣ ਇਹ ਅਕਾਲੀਆਂ, ਸੰਘੀਆਂ, ਕਾਂਗਰਸੀਆਂ, ਰਾਧਾ ਸੁਆਮੀਆਂ, ਨਿਰੰਕਾਰੀਆਂ, ਕੂਕਿਆਂ, ਸੱਚੇ ਸੌਦੇ ਵਾਲਿਆਂ ਦੀ ਵਰਤੋਂ ਦੇ ਸੰਦਾਂ ਤੋਂ ਵੱਧ ਕੁਝ ਨਹੀਂ ਹਨ। ਕੁਝ ਵੀ ਨਹੀਂ। ਜੋ ਹਾਲਾਤ ਬਣਾਏ ਜਾ ਰਹੇ ਹਨ, ਉਹ ਪੰਜਾਬ ਨੂੰ ਸੰਘੀ ਰਾਜਨੀਤੀ ਵੱਲ ਧੂਹ ਰਹੇ ਹਨ। ਪ੍ਰੰਤੂ ਬਿਹਾਰ ਦੇ ਨਤੀਜੇ ਦੱਸਣਗੇ ਕਿ ਭਾਰਤ ਵਾਂਗ ਹੀ ਪੰਜਾਬ ਅੰਦਰ ਕੀ ਹੋਣ ਵਾਲਾ ਹੈ। ਭਾਵੇਂ ਅਕਾਲੀਆਂ ਤੇ ਪ੍ਰੇਮੀਆਂ ਦਾ ਪ੍ਰੇਮ ਨਿਸਚਿਤ ਹੀ ਪੰਜਾਬ ਨੂੰ ਨਵੀਂ ਦਿਸ਼ਾ ਦੇਣ ਵਾਲਾ ਹੈ, ਭਾਵ ਪੰਜਾਬ ਅੰਦਰ ਨਵਾਂ ਵਣਜ ਵਪਾਰ ਸ਼ੁਰੂ ਹੋ ਗਿਆ ਹੈ। ਇਹ ਹੁਣ ਬਾਕੀ ਸਿੱਖਾਂ ਤੇ ਨਿਰਭਰ ਹੈ ਕਿ ਉਹ ਇਸ ਵਣਜ ਨੂੰ ਕਿੱਧਰ ਵੱਲ ਧੱਕਦੇ ਹਨ। ਕਿਉਂਕਿ ਉਹਨਾਂ ਅੰਦਰ ਆਪਣੀ ਮਰਜ਼ੀ ਦੀ ਕੋਈ ਦਿਸ਼ਾ ਬਣਾ ਲੈਣ ਦੀ ਕੋਈ ਸਮਰੱਥਾ ਕਦੀ ਨਹੀਂ ਰਹੀ। ਜਾਪਦਾ ਹੈ ਕਿ ਉਹ ਫੇਰ ਜੋਰ ਅਜਮਾਈ ਕਰਨਗੇ ਅਤੇ ਮਾਰ ਖਾਣਗੇ।

# ਰਾਖਵਾਂਕਰਨ ਦਾ ਮੁੱਦਾ ਅਤੇ ਇਸ ਨਾਲ ਜੁੜੇ ਸਵਾਲ



- ਫਤਿਹਜੰਗ ਸਿੰਘ
9872670278

ਰਾਖਵਾਂਕਰਨ ਦਾ ਮੁੱਦਾ ਗਾਹੇ-ਬਗਾਹੇ ਸੁਰਖੀਆਂ ਦਾ ਹਿੱਸਾ ਬਣਦਾ ਰਹਿੰਦਾ ਹੈ। ਇਸਦੇ ਵਿਰੋਧੀਆਂ ਵੱਲੋਂ ਇੰਝ ਰੌਲਾ ਪਾਇਆ ਜਾਂਦਾ ਹੈ ਜਿਵੇਂ ਇਹ ਰਾਖਵਾਂਕਰਨ ਵਾਲੇ ਦੇਸ਼ ਨੂੰ ਲੁੱਟ ਕੇ ਖਾ ਗਏ ਹੋਣ। ਰੌਲਾ ਪਾਇਆ ਜਾਂਦਾ ਹੈ ਕਿ ਰਾਖਵਾਂਕਰਨ ਦੇ ਹੁੰਦਿਆਂ ਮੈਰਿਟ ਨੂੰ ਬਹੁਤ ਵੱਡਾ ਧੱਕਾ ਲੱਗਦਾ ਹੈ, ਜਿਸ ਨਾਲ ਦੇਸ਼ ਦੇ ਵਿਕਾਸ ਵਿਚ ਰੁਕਾਵਟ ਪੈਦਾ ਹੁੰਦੀ ਹੈ। ਇਸ ਲਈ ਇਸਨੂੰ ਤੁਰੰਤ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਫਿਰ ਇਸਨੂੰ ਜਾਤੀ ਆਧਾਰਿਤ ਬੰਦ ਕਰਕੇ ਆਰਥਿਕ ਆਧਾਰ 'ਤੇ ਸ਼ੁਰੂ ਕਰਨਾ ਚਾਹੀਦਾ ਹੈ ਤਾਂ ਜੋ ਹਰ ਜਾਤੀ ਦੇ ਗਰੀਬ ਲੋਕ ਵੀ ਇਸਦਾ ਲਾਹਾ ਲੈ ਸਕਣ। ਜਿਵੇਂ ਕਿ ਇਹ ਕੋਈ ਗਰੀਬੀ ਦੂਰ ਕਰਨ ਦੀ ਯੋਜਨਾ ਹੋਵੇ। ਇਹਨਾਂ ਸਭ ਨੁਕਤਿਆਂ ਨੂੰ ਸਮਝਣ ਦੇ ਲਈ ਇਸ ਮੁੱਦੇ ਦੀ ਜੜ੍ਹ ਤੱਕ ਜਾਣਾ ਪਵੇਗਾ ਤਾਂ ਜੋ ਸਹੀ ਪਰਿਪੇਖ ਵਿਚ ਸਮਝਿਆ ਜਾ ਸਕੇ ਕਿ ਰਾਖਵਾਂਕਰਣ ਹੈ ਕੀ, ਇਸਦੀ ਲੋੜ ਕਿਉਂ ਪਈ ਤੇ ਇਹ ਕਿਹਨਾਂ ਹਾਲਤਾਂ ਵਿਚ ਲਾਗੂ ਕਰਨਾ ਪਿਆ।

ਰਾਖਵਾਂਕਰਨ ਦਾ ਸਬੰਧ ਚਾਰ ਵਰਣਾਂ ਦੀ ਉਤਪੱਤੀ ਨਾਲ ਜਾ ਜੁੜਦਾ ਹੈ। ਇਤਿਹਾਸ ਗਵਾਹ ਹੈ ਕਿ ਭਾਰਤ ਦੇਸ਼ ਸਿੰਧੂ ਘਾਟੀ ਸਭਿਅਤਾ ਦੇ ਸਮੇਂ ਦੁਨੀਆਂ ਦੇ ਵਿਕਸਤ ਦੇਸ਼ਾਂ ਵਿਚ ਸ਼ੁਮਾਰ ਸੀ। ਮਹਿੰਜੋਦਾੜੋ, ਹੜੱਪਾ, ਲੋਥਲ, ਚਹੁੰਦੜੋ, ਕਾਲੀਬੰਗਾ, ਸੰਘੋਲ ਆਦਿ ਸਥਾਨਾਂ ਦੀ ਖੁਦਾਈ ਵਿਚੋਂ ਨਿਕਲੇ ਸਬੂਤ ਕੂਕ ਕੂਕ ਕੇ ਆਖ ਰਹੇ ਹਨ ਕਿ ਇਹ ਦੇਸ਼ ਵਾਕਈ ਉਸ ਵੇਲੇ ਸੋਨੇ ਦੀ ਚਿੜੀਆ ਰਿਹਾ ਹੋਵੇਗਾ। ਮੋਹਨਜੋਦਾੜੋ ਦੀ ਇਮਾਰਤਸਾਜ਼ੀ, ਖੁੱਲ੍ਹੇ ਕਮਰੇ, ਖੁੱਲ੍ਹੀਆਂ ਗਲੀਆਂ, ਖੁੱਲ੍ਹੇ ਗੁਸਲਖਾਨੇ ਅਤੇ ਪਾਣੀ ਦਾ ਵਧੀਆ ਨਿਕਾਸ ਪ੍ਰਬੰਧ ਹੈਰਾਨ ਕਰਨ ਵਾਲਾ ਹੈ, ਹੜੱਪਾ ਦੀ ਖੁਦਾਈ ਵਿਚ ਮਿਲਿਆ ਫਰਨੀਚਰ, ਖਾਣਾ ਖਾਣ ਵਾਲੇ ਵਧੀਆ ਬਰਤਨ ਅਤੇ ਖੁੱਲ੍ਹੇ ਖੁੱਲ੍ਹੇ ਵਿਹੜੇ ਦੱਸ ਰਹੇ ਹਨ ਕਿ ਸਾਰਿਆਂ ਨੂੰ ਅੱਜ ਦੇ ਅਮੀਰਾਂ ਵਾਲੀਆਂ ਸਹੂਲਤਾਂ ਸਨ। ਚਹੁੰਦੜੋ ਬਹੁਤ ਵੱਡਾ ਸ਼ਿਲਪਕਲਾ ਦਾ ਕੇਂਦਰ ਸੀ। ਲੋਥਲ ਬਹੁਤ ਵੱਡੀ ਬੰਦਰਗਾਹ ਸੀ। ਫਿਰ ਆਰੀਅਨ ਹਮਲਿਆਂ ਨਾਲ ਦੋ ਸਭਿਆਤਾਵਾਂ ਦੇ ਭੇੜ ਸਦਕਾ ਇਹ ਸਭ ਕੁਝ ਤਬਾਹ ਹੋ ਗਿਆ। ਇਸ ਤੋਂ ਬਾਅਦ ਜੋ ਨਵੀਂ ਸਭਿਅਤਾ ਹੋਂਦ ਵਿਚ ਆਈ ਉਸਨੇ ਆਪਣੇ ਹਿੱਤਾਂ ਖਾਤਰ ਸਮਾਜ ਨੂੰ ਚਾਰ ਵਰਣਾਂ ਵਿਚ ਵੰਡ ਧਰਿਆ। ਬ੍ਰਾਹਮਣ ਵਿਦਿਆ ਅਤੇ ਧਰਮ, ਕਸ਼ੱਤਰੀ ਰਾਜ ਪ੍ਰਬੰਧ ਅਤੇ ਯੁੱਧ, ਵੈਸ਼ ਵਪਾਰ ਅਤੇ ਸ਼ੂਦਰ ਨੂੰ ਸੇਵਾ ਦੇ ਸਾਰੇ ਕੰਮ ਸੌਂਪੇ ਗਏ। ਵਧੀਆ, ਸਾਫ ਸੁਥਰੇ, ਲਾਭਦਾਇਕ ਅਤੇ ਮਹੱਤਵਪੂਰਨ ਕੰਮ ਉਪਰਲੇ ਤਿੰਨਾਂ ਵਰਣਾਂ ਦੇ ਹਿੱਸੇ ਆਏ ਅਤੇ ਇਹਨਾਂ ਤਿੰਨਾਂ ਵਰਣਾਂ ਲਈ ਖੇਤੀ, ਉਤਪਾਦਨ, ਕੱਪੜੇ ਧੋਣਾ, ਪਾਣੀ ਭਰਨਾ, ਬਰਤਨ ਬਣਾਉਣੇ, ਪਸ਼ੂ ਪਾਲਣੇ, ਕੱਪੜੇ ਬੁਣਨੇ, ਸਿਉਣ ਦਾ ਕੰਮ ਅਤੇ ਹਰ ਤਰ੍ਹਾਂ ਦੀ ਸਫਾਈ ਕਰਨ ਦਾ ਕੰਮ ਸ਼ੂਦਰ ਦੇ ਹਿੱਸੇ ਆਇਆ। ਸ਼ੁਰੂਆਤ ਵੇਲੇ ਇਹ ਵਿਵਸਥਾ ਇੰਨੀ ਖਤਰਨਾਕ ਨਹੀਂ ਸੀ ਕਿਉਂਕਿ ਕੰਮ ਦੇ ਹਿਸਾਬ ਨਾਲ ਵਰਣ ਬਦਲ ਜਾਂਦੇ ਸਨ ਪਰ ਜਦੋਂ ਵਰਣ ਨੂੰ ਜਨਮ ਨਾਲ ਬੰਨ੍ਹ ਦਿੱਤਾ ਗਿਆ ਅਤੇ ਇਕ ਦੂਜੇ ਵਰਣ ਵਿਚ ਅੰਤਰ-ਵਿਆਹ ਅਤੇ ਅੰਤਰ-ਭੋਜਨ ਮਨ੍ਹਾ ਕਰ ਦਿੱਤੇ ਗਏ ਤਾਂ ਇਸ ਵਿਚ ਸਖਤਾਈ ਦਾਖਲ ਹੋ ਗਈ ਅਤੇ ਇਹ ਭਿਆਨਕ ਤੋਂ ਭਿਆਨਕ ਅਤੇ ਕਰੂਰ ਰੂਪ ਧਾਰਨ ਕਰਦੀ ਚਲੀ ਗਈ। ਸ਼ੂਦਰ ਦੇ ਸਾਰੇ ਕੰਮ ਸਖਤ ਮਿਹਨਤ ਵਾਲੇ ਸਨ ਅਤੇ ਕਈ ਤਾਂ ਬਹੁਤ ਹੀ ਘਿਰਣਾਜਨਕ ਅਤੇ ਗੰਦੇ ਸਨ। ਉਪਰੋਂ ਉਸ ਕੋਲੋਂ ਸਾਰੇ ਮਨੁੱਖੀ ਹੱਕ ਵੀ ਖੋਹ ਲਏ ਗਏ ਤਾਂ ਇਸ ਵਰਣ ਦਾ ਸਮੁੱਚਾ ਵਿਕਾਸ ਹੀ ਰੁਕ ਗਿਆ। ਵਿਦਿਆ ਪ੍ਰਾਪਤੀ, ਕਿਸੇ ਕਿਸਮ ਦੀ ਜਾਇਦਾਦ ਬਣਾਉਣੀ, ਹਥਿਆਰ ਰੱਖਣੇ ਜਾਂ ਚਲਾਉਣੇ, ਧਾਰਮਿਕ ਗਤੀਵਿਧੀਆਂ ਆਦਿ 'ਤੇ ਸਖਤ ਪਾਬੰਦੀਆਂ ਲਾਈਆਂ ਗਈਆਂ, ਇੰਨੀਆਂ ਸਖਤ ਕਿ ਇਕ ਪੱਧਰ ਤੇ ਆ ਕੇ ਇਹਨਾਂ ਦੀਆਂ ਉਲੰਘਣਾ ਕਰਨ ਵਾਲਿਆਂ ਨੂੰ ਮੌਤ, ਕੰਨਾਂ ਵਿਚ ਸਿੱਕਾ ਢਾਲ ਕੇ ਪਾਉਣਾ, ਜੀਭ ਕੱਟ ਦੇਣ ਵਰਗੀਆਂ ਸਜ਼ਾਵਾਂ ਵੀ ਦਿੱਤੀਆਂ ਜਾਣ ਲੱਗ ਪਈਆਂ। ਖਾਣ ਪੀਣ ਲਈ ਉਪਰਲੇ ਵਰਣਾਂ ਦੀ ਜੂਠ, ਪਹਿਨਣ ਲਈ ਉਹਨਾਂ ਦੀ ਉਤਰਣ ਦੀ ਵੀ ਆਗਿਆ ਸੀ। ਮਨੁੱਖਤਾ ਦੀ ਪੱਧਰ ਤੋਂ ਇੱਥੋਂ ਤੱਕ ਗਿਰਾ ਦਿੱਤਾ ਗਿਆ ਕਿ ਸ਼ੂਦਰ ਦੇ ਪਰਛਾਵੇਂ ਤੋਂ ਅਤੇ ਪੈਰ ਤੋਂ ਵੀ ਧਰਤੀ ਭਿੱਟੀ ਜਾਂਦੀ ਸੀ, ਇਸ ਲਈ ਲੱਕ ਨਾਲ ਝਾੜੂ ਬੰਨ੍ਹਣਾ ਅਤੇ ਥੁੱਕਣ ਲਈ ਗਲ ਵਿਚ ਕੁੱਜਾ ਤੱਕ ਵੀ ਲਟਕਾਉਣਾ ਪਿਆ। ਕਿੰਨੀ ਗੈਰ ਵਿਗਿਆਨਕ, ਗੈਰ ਸਮਾਜਿਕ ਅਤੇ ਅਣਮਨੁੱਖੀ ਕਾਰਵਾਈ ਸੀ ਇਹ! ਕਿਸੇ ਵਰਗ ਨੂੰ ਇਹਨਾਂ ਹਾਲਤਾਂ ਵਿਚ ਹਜ਼ਾਰਾਂ ਸਾਲਾਂ ਤੋਂ ਗੁਜ਼ਰਨਾ ਪਿਆ ਹੋਵੇ ਤਾਂ ਚੰਗੀ ਤਰ੍ਹਾਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ਪਸ਼ੂ ਬਣਿਆ ਹੋਵੇਗਾ ਜਾਂ ਮਨੁੱਖ! ਇਕ ਡਗੰਯੰਤਰ ਰਾਹੀਂ ਹੁਣ ਇਸ ਸਿੰਧੂ ਘਾਟੀ ਸਭਿਅਤਾ ਵਾਲੇ ਇਤਿਹਾਸਕ ਤੱਥ ਨੂੰ ਵੀ ਬਦਲਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪਿਛੇ ਜਿਹੇ ਨਵੰਬਰ 2012 ਵਿਚ ਚੰਡੀਗੜ੍ਹ ਵਿਖੇ ਪੁਰਾਤਤਵ ਵਿਭਾਗ ਵੱਲੋਂ ਕਰਵਾਏ ਗਏ ਇਕ ਸੈਮੀਨਾਰ ਵਿਚ ਇਸ ਵਿਚਾਰ ਨੂੰ ਹਵਾ ਦਿੱਤੀ ਗਈ ਕਿ ਸਿੰਧ ਘਾਟੀ ਦੀ ਸਭਿਅਤਾ ਦੀ ਜੋ ਵੀ ਉਨਤੀ ਹੋਈ ਉਹ ਆਰੀਅਨ ਵੱਲੋਂ ਹੀ ਕਾਰਵਾਈ ਗਈ ਸੀ। ਸਰਵ ਸੰਪੰਨ ਸ਼ਾਸਕ ਲੋਕ ਇਸੇ ਤਰ੍ਹਾਂ ਹੀ ਆਪਣੇ ਵਿਰੋਧੀ ਸਚਿਆਈਆਂ ਨੂੰ ਹਰ ਹਿੱਲੇ ਦਬਾਉਣ ਦਾ ਯਤਨ ਕਰਦੇ ਰਹਿੰਦੇ ਹਨ ਪਰ ਸਚਿਆਈ ਫਿਰ ਸੱਤ ਪੜਦੇ ਫਾੜ ਕੇ ਬਾਹਰ ਆ ਜਾਂਦੀ ਹੈ।

ਇਸ ਭਿਆਨਕ ਵਰਣ ਵਿਵਸਥਾ ਅਤੇ ਇਸ ਦੀਆਂ ਕੁਰੀਤੀਆਂ ਨੂੰ ਸਭ ਤੋਂ ਪਹਿਲਾਂ ਤਥਾਗਤ ਬੁੱਧ ਨੇ ਤੋੜਿਆ ਅਤੇ ਇਸਦੀ ਥਾਂ 'ਤੇ ਤਰਕਸ਼ੀਲ ਅਤੇ ਵਿਗਿਆਨਕ ਸੋਚ 'ਤੇ ਆਧਾਰਿਤ ਸਮਾਜਿਕ ਵਿਵਸਥਾ ਹੋਂਦ ਵਿਚ ਆਈ, ਜਿਸਦੇ ਬਰਾਬਰਤਾ, ਆਜ਼ਾਦੀ ਅਤੇ ਭਾਈਚਾਰਕ ਸਾਂਝ ਮੁੱਖ ਗੁਣ ਸਨ। ਲੀਹੋਂ ਉੱਤਰੇ ਦੇਸ਼ ਨੂੰ ਫਿਰ ਸਹੀ ਦਿਸ਼ਾ ਵਿਚ ਵਿਗਸਣ ਦਾ ਮੌਕਾ ਮਿਲਿਆ। ਮਹਾਰਾਜਾ ਅਸ਼ੋਕ ਅਤੇ ਫਿਰ ਉਸਦੇ ਪੋਤਰੇ ਬ੍ਰਹਿਦਰਥ ਦੇ ਕਤਲ ਹੋਣ ਤੱਕ ਇਹ ਵਿਵਸਥਾ ਕਾਇਮ ਰਹੀ। ਇਸ ਕਾਲ ਵਿਚ ਫਿਰ ਭਾਰਤ ਦੇਸ਼ ਦੇਸਾਂਤਰਾਂ ਵਿਚ ਛਾਅ ਗਿਆ। ਤਰੱਕੀ ਦੀਆਂ ਬੁਲੰਦੀਆਂ ਛੂਹੀਆਂ। ਦੂਜੇ ਦੇਸ਼ਾਂ ਤੋਂ ਵਿਦਿਆਰਥੀ ਉਸ ਵੇਲੇ ਦੀਆਂ ਪ੍ਰਸਿੱਧ ਯੂਨੀਵਰਸਿਟੀਆਂ ਨਾਲੰਦਾ ਅਤੇ ਟੈਕਸਿਲਾ ਵਿਚ ਵਿੱਦਿਆ ਪ੍ਰਾਪਤ ਕਰਨ ਆਉਂਦੇ ਸਨ। ਇੱਥੋਂ ਦੀ ਕਲਾ ਅਤੇ ਸੰਸਕ੍ਰਿਤੀ ਤੋਂ ਬਹੁਤ ਪ੍ਰਭਾਵਿਤ ਹੁੰਦੇ ਸਨ। ਵਿਦਿਆ ਦੀ ਚਰਮ ਸੀਮਾ ਤੋਂ ਹੀ ਸਮੁੱਚੀ ਪ੍ਰਗਤੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਨਾਲੰਦਾ ਯੂਨੀਵਰਸਿਟੀ ਲੱਗਭੱਗ ਸੌ ਮੀਲ ਦੇ ਰਕਬੇ ਵਿਚ ਫੈਲੀ ਹੋਈ ਸੀ। ਹਰ ਰੋਜ਼ ਲੱਗਭੱਗ ਸੌ ਵਿਸ਼ਿਆਂ ਤੇ ਇਕੋ ਸਮੇਂ ਲੈਕਚਰ ਚੱਲ ਰਹੇ ਹੁੰਦੇ ਸਨ।

ਸਿੰਧੂ ਘਾਟੀ ਦੇ ਪ੍ਰਾਚੀਨ ਕਾਲ ਤੋਂ ਲੈ ਕੇ ਮੌਰੀਆ ਵੰਸ਼ ਦੇ ਖਾਤਮੇ ਤੱਕ ਇਹੀ ਦੋ ਮੌਕੇ ਅਜਿਹੇ ਆਏ ਜਦੋਂ ਸਮਾਜ ਬਰਾਬਰਤਾ, ਆਜ਼ਾਦੀ ਅਤੇ ਭਾਈਚਾਰਕ ਸਾਂਝ ਵਾਲਾ ਰਿਹਾ। ਇਹੀ ਦੋ ਮੌਕੇ ਅਜਿਹੇ ਆਖੇ ਜਾ ਸਕਦੇ ਹਨ, ਜਦੋਂ ਭਾਰਤ ਦਾ ਨਾਂ ਵਿਕਾਸ ਦੀ ਦੁਨੀਆਂ ਵਿਚ ਦੇਸ਼ ਦੇਸ਼ਾਂਤਰਾਂ ਵਿਚ ਗੂੰਜਿਆ। ਇਸ ਤੋਂ ਬਿਨਾਂ ਬਾਕੀ ਸਮੇਂ ਵਿਚ ਭਾਰਤ ਨੇ ਵਿਦੇਸ਼ੀ ਜਰਵਾਣਿਆਂ ਦੀ ਗੁਲਾਮੀ ਹੀ ਭੁਗਤੀ ਜਿਸਦਾ ਵਰਣ ਵਿਵਸਥਾ ਮੁੱਖ ਕਾਰਨ ਰਹੀ। ਸਮਾਜ ਨੂੰ ਵਰਣਾਂ ਵਿਚ ਵੰਡ ਕੇ ਸਮਾਜ ਅਤੇ ਦੇਸ਼ ਨੂੰ ਕਮਜ਼ੋਰ ਅਤੇ ਗਰੀਬ ਬਣਾਇਆ ਗਿਆ। ਧਾਰਮਿਕ ਲੁੱਟ ਖਸੁੱਟ ਅਤੇ ਫੈਲਾਏ ਗਏ ਧਾਰਮਿਕ ਅੰਧ ਵਿਸ਼ਵਾਸ ਕਾਰਨ ਸਮਾਜ ਦੇ ਵੱਡੇ ਹਿੱਸੇ ਨੂੰ ਇੰਨਾ ਦੁਰਬਲ ਬਣਾ ਦਿੱਤਾ ਗਿਆ ਕਿ ਧਾੜਵੀ ਸੈਂਕੜਿਆਂ ਦੀ ਗਿਣਤੀ ਵਿਚ ਆਉਂਦੇ ਅਤੇ ਮੰਦਰਾਂ ਦਾ ਸੋਨਾ ਲੁੱਟ ਕੇ ਬਹੁ-ਬੇਟੀਆਂ ਉਧਾਲ ਕੇ ਆਰਾਮ ਨਾਲ ਚਲੇ ਜਾਂਦੇ। ਖੇਤਾਂ ਵਿਚ ਕਿਸਾਨ ਅਤੇ ਮਜ਼ਦੂਰ ਲੁਟੇਰਿਆਂ ਨੂੰ ਜਾਂਦਿਆਂ ਵੇਖਦੇ ਰਹਿੰਦੇ ਕਿਉਂਕਿ ਕਸ਼ੱਤਰੀ ਤੋਂ ਬਿਨਾਂ ਕੋਈ ਹੋਰ ਹਥਿਆਰ ਨਹੀਂ ਸੀ ਉਠਾ ਸਕਦਾ। ਜੇ ਬਾਕੀਆਂ ਨੂੰ ਵੀ ਜੰਗ ਲੜਨ ਜਾਂ ਹਥਿਆਰ ਚੁੱਕਣ ਦਾ ਹੀ ਅਧਿਕਾਰ ਹੁੰਦਾ ਤਾਂ ਗਿਣਤੀ ਦੇ ਇਹਨਾਂ ਲੁਟੇਰਿਆਂ ਨੂੰ ਕਿਸਾਨ ਅਤੇ ਮਜ਼ਦੂਰ ਇੱਟਾਂ ਪੱਥਰਾਂ ਨਾਲ ਹੀ ਮਾਰ ਕੇ ਭਜਾ ਸਕਦੇ ਸਨ। ਇਹ ਸਾਰੀ ਚਤੁਰ ਵਰਣ ਵਿਵਸਥਾ ਕਾਰਨ ਵਾਪਰਦਾ ਰਿਹਾ ਅਤੇ ਦੇਸ਼ ਲੁੱਟਪਾਟ ਦਾ ਸ਼ਿਕਾਰ ਹੋ ਕੇ ਗੁਲਾਮੀ ਭੁਗਤਦਾ ਰਿਹਾ। ਦੂਜੇ ਪਾਸੇ ਇਸ ਵਿਵਸਥਾ ਨੇ ਉਪਰਲੇ ਤਿੰਨਾਂ ਵਰਣਾਂ ਦੀ ਨਿੱਜੀ ਤੌਰ ਤੇ ਤਰੱਕੀ ਵੀ ਬਹੁਤ ਕੀਤੀ। ਦੇਸ਼ ਦੀ ਸਮੁੱਚੀ ਤਾਕਤ, ਉਤਪਾਦਨ, ਵੰਡ, ਵਪਾਰ ਸਭ ਉਤੇ ਉਹਨਾਂ ਦਾ ਪੂਰਨ ਕਬਜ਼ਾ ਰਿਹਾ ਤੇ ਇਹਨਾਂ ਨੂੰ ਆਪਣੇ ਨਿੱਜੀ ਐਸ਼ੋ ਆਰਾਮ ਲਈ ਵਰਤਿਆ ਜਾਂਦਾ ਰਿਹਾ। ਬਾਹਰਲੀਆਂ ਹਮਲਾਵਰ ਤਾਕਤਾਂ ਦੇ ਦੇਸ਼ 'ਤੇ ਕਬਜ਼ਾ ਕਰ ਲੈਣ ਤੋਂ ਬਾਅਦ ਦੇ ਵੇਲੇ ਵਿਚ ਵੀ ਇਹਨਾਂ ਵਰਣਾਂ ਦੀ ਉਹ ਦੁਰਗਤੀ ਨਹੀਂ ਹੋਈ ਜੋ ਸ਼ੂਦਰ ਦੀ ਹੁੰਦੀ ਰਹੀ ਕਿਉਂਕਿ ਬਾਹਰਲੇ ਛੇਤੀ ਹੀ ਇੱਥੋਂ ਦੀ ਜਾਤ ਪਾਤ ਵਿਚ ਵੰਡੀ ਸਮਾਜਿਕ ਤਾਕਤ ਨੂੰ ਪਛਾਣ ਕੇ ਉਸਦਾ ਫਾਇਦਾ ਉਠਾਉਂਦੇ ਸਨ ਤੇ ਉਸਨੂੰ ਹੋਰ ਪੱਕਿਆਂ ਕਰਦੇ ਸਨ।

ਪੰਦਰਵੀਂ ਸਦੀ ਵਿਚ ਸਿੱਖ ਲਹਿਰ ਨੇ ਵੀ ਇਸ ਦੋਸ਼ ਪੂਰਨ ਸਮਾਜਿਕ ਵਿਵਸਥਾ ਦਾ ਤਿੰਨ ਸਦੀਆਂ ਤੱਕ ਪੂਰੀ ਤਾਕਤ ਨਾਲ ਮੁਕਾਬਲਾ ਕੀਤਾ ਅਤੇ ਇਸ ਦੱਬੇ ਕੁਚਲੇ ਸਮਾਜ ਨੂੰ ਬਰਾਬਰੀ ਅਤੇ ਆਜ਼ਾਦੀ ਦੀ ਫਿਜ਼ਾ ਪ੍ਰਦਾਨ ਕੀਤੀ। ਅਠਾਰਵੀਂ ਸਦੀ ਦੇ ਅੱਧ ਤੋਂ ਬਾਅਦ ਸਿੱਖ ਲਹਿਰ ਵਿਚ ਪੈਦਾ ਹੋਈਆਂ ਕਮਜ਼ੋਰੀਆਂ ਕਾਰਨ ਇਹ ਵਰਗ ਫਿਰ ਇਕੱਲਾ ਪੈ ਗਿਆ। ਅੰਗਰੇਜ਼ਾਂ ਦੇ ਆਉਣ ਨਾਲ ਫਿਰ ਸਥਿਤੀ ਬਦਲਣੀ ਸ਼ੁਰੂ ਹੋਈ। ਪਹਿਲੀ ਵਾਰ 1773 ਵਿਚ ਮਨੂੰ ਸਿਮ੍ਰਤੀ ਤੋਂ ਹਟ ਕੇ ਸਭ ਨੂੰ ਬਦਲਣੀ ਸ਼ੁਰੂ ਹੋਈ। ਪਹਿਲੀ ਵਾਰੀ 1773 ਵਿਚ ਮਨੂੰ ਸਿਮ੍ਰਤੀ ਤੋਂ ਹੱਟ ਕੇ ਸਭ ਨੂੰ ਕਾਨੂੰਨ ਦੀਆਂ ਨਜ਼ਰਾਂ ਵਿਚ ਬਰਾਬਰ ਮੰਨਿਆ ਗਿਆ, ਜਿਸ ਤੋਂ ਕੁਝ ਰਾਹਤ ਦਾ ਆਗਾਜ਼ ਹੋਇਆ। ਇਸੇ ਸਮੇਂ ਪਹਿਲੀ ਵਾਰੀ ਇਕ ਉੱਚ ਜਾਤੀ ਵਿਅਕਤੀ ਨੰਦ ਕੁਮਾਰ ਦੇਵ ਨੂੰ ਮਨੂੰ ਸਿਮ੍ਰਤੀ ਤੋਂ ਉਲਟ ਕਾਨੂੰਨ ਦੀ ਬਰਾਬਰਤਾ ਸਥਾਪਤ ਕੀਤੇ ਜਾਣ ਸਦਕਾ ਕਿਸੇ ਅਪਰਾਧ ਕਾਰਨ ਉਸਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਫਿਰ 1795 ਵਿਚ ਸੰਪਤੀ ਰੱਖਣ ਦਾ ਕਾਨੂੰਨ ਸਭ ਲਈ ਬਰਾਬਰਤਾ ਲੈ ਕੇ ਆਇਆ। ਸੰਨ 1833 ਵਿਚ ਬਿਨਾਂ ਕਿਸੇ ਨਸਲ, ਜਾਤੀ, ਰੰਗ ਭੇਦ ਦੇ ਨੌਕਰੀਆਂ ਵਿਚ ਦਾਖਲਾ ਸ਼ੁਰੂ ਹੋਇਆ। ਇਸ ਤੋਂ ਬਾਅਦ ਹੀ ਪਹਿਲੀ ਵਾਰ ਫੌਜ ਵਿਚ ਮਹਾਰ ਰਜਿਮੈਂਟ ਅਤੇ ਚਮਾਰ ਰਜਿਮੈਂਟ ਬਣਨ ਨਾਲ ਨੌਕਰੀਆਂ ਵਿਚ ਦਾਖਲਾ ਆਰੰਭ ਹੋਇਆ। ਸੰਨ 1902 ਵਿਚ ਸ਼ਾਹੂ ਜੀ ਮਹਾਰਾਜ ਨੇ ਆਪਣੇ ਰਾਜ ਵਿਚ ਇਹਨਾਂ ਦੱਬੇ ਕੁਚਲਿਆਂ ਲਈ ਰਾਖਵਾਂਕਰਨ ਦਾ ਪ੍ਰਾਵਧਾਨ ਕੀਤਾ। ਫਿਰ ਬਾਬਾ ਸਾਹਿਬ ਡਾ. ਅੰਬੇਡਕਰ ਨੇ ਆਪਣੇ ਅਣਥੱਕ ਘੋਲ ਸਦਕਾ 1930 ਅਤੇ 1931 ਦੀਆਂ ਗੋਲਮੇਜ਼ ਕਾਨਫਰੰਸਾਂ ਵਿਚ ਅੰਗਰੇਜ਼ਾਂ ਨਾਲ ਜ਼ੋਰਦਾਰ ਬਾਦਲੀਲ ਬਹਿਸ ਕਰਨ ਦੇ ਨਤੀਜੇ ਵਜੋਂ 1932 ਵਿਚ ਕਮਿਊਨਲ ਐਵਾਰਡ ਪ੍ਰਾਪਤ ਕੀਤਾ, ਜਿਸ ਵਿਚ ਸ਼ੂਦਰਾਂ ਵਿਚੋਂ ਅਤੀ ਸ਼ੂਦਰ ਅਛੂਤਾਂ ਲਈ ਵਿਸ਼ੇਸ਼ ਅਧਿਕਾਰ ਪ੍ਰਾਪਤ ਕੀਤੇ। ਇਹਨਾਂ ਅਧਿਕਾਰਾਂ ਵਿਚ ਦੂਹਰੀ ਵੋਟ ਪ੍ਰਣਾਲੀ ਅਤੇ ਗਿਣਤੀ ਅਨੁਸਾਰ ਵੱਖਰੇ ਚੋਣ ਖੇਤਰ ਪ੍ਰਾਪਤ ਹੋਏ। ਇਹਨਾਂ ਅਧਿਕਾਰਾਂ ਵਿਰੁੱਧ ਮਹਾਤਮਾ ਗਾਂਧੀ ਨੇ ਮਰਨ ਵਰਤ ਰੱਖ ਦਿੱਤਾ, ਜਿਸ ਕਰਕੇ ਅੰਤ ਮਹਾਤਮਾ ਗਾਂਧੀ ਨਾਲ ਬਾਬਾ ਸਾਹਿਬ ਨੂੰ ਮਜਬੂਰੀ ਵੱਸ ਪੂਨਾ ਸਮਝੌਤਾ ਕਰਨਾ ਪਿਆ, ਜਿਸ ਅਧੀਨ ਵੱਡੇ ਅਧਿਕਾਰ ਗੁਆ ਕੇ ਅੱਜ ਦਾ ਇਹ ਪ੍ਰਚੱਲਿਤ ਰਾਖਵਾਂਕਰਨ ਲੈਣ ਲਈ ਸਬਰ ਕਰਨਾ ਪਿਆ। ਇਸ ਸਮਝੌਤੇ ਅਧੀਨ ਭਾਵੇਂ ਵਿੱਦਿਆ, ਨੌਕਰੀਆਂ ਅਤੇ ਰਾਜਨੀਤੀ ਵਿਚ ਰਾਖਵਾਂਕਰਨ ਤਾਂ ਮਿਲ ਗਿਆ ਸੀ ਪਰ ਕਾਂਸ਼ੀ ਰਾਮ ਜੀ ਅਨੁਸਾਰ ਇੱਥੋਂ ਹੀ ਚਮਚਾ ਯੁੱਗ ਦੀ ਸ਼ੁਰੂਆਤ ਵੀ ਹੋਈ। ਇਹੋ ਜਿਹੇ ਰਾਖਵੇਂਕਰਨ ਅਧੀਨ ਚੁਣੇ ਜਾਣ ਵਾਲੇ ਨੁਮਾਇੰਦੇ ਇਸ ਸਮਾਜ ਦੇ ਅਸਲ ਨੁਮਾਇੰਦੇ ਨਾ ਬਣ ਸਕੇ, ਜਿਸ ਕਰਕੇ ਰਾਖਵਾਂਕਰਨ ਨੇ ਸਮਾਜ ਉਥਾਨ ਦਾ ਬਹੁਤਾ ਕੰਮ ਨਾ ਕੀਤਾ। ਇਸੇ ਕਾਰਨ ਡਾ. ਅੰਬੇਡਕਰ ਨੇ ਵੀ ਇਹੋ ਜਿਹੇ ਸਮਝੌਤੇ ਨੂੰ ਨਕਾਰ ਦਿੱਤਾ ਸੀ। ਪੂਨਾ ਪੈਕਟ ਵਿਚ ਮਿਲੇ ਰਾਖਵੇਂਕਰਨ ਨੂੰ ਗੌਰਮਿੰਟ ਆਫ ਇੰਡੀਆ ਐਕਟ 1935 ਵਿਚ ਸ਼ਾਮਲ ਕੀਤਾ ਗਿਆ। ਬਾਬਾ ਸਾਹਿਬ 1942 ਤੋਂ 1946 ਤੱਕ ਵਾਇਸਰਾਇ ਕੌਂਸਲ ਵਿਚ ਮੈਂਬਰ ਰਹੇ ਤਾਂ ਉਨ੍ਹਾਂ ਨੇ ਮਜ਼ਦੂਰਾਂ ਲਈ ਵੀ 8.3 ਫੀਸਦੀ ਰਾਖਵੇਂਕਰਨ ਦਾ ਪ੍ਰਾਵਧਾਨ ਕਰਵਾਇਆ। ਫਿਰ 1950 ਵਿਚ ਜਦੋਂ ਆਜ਼ਾਦ ਭਾਰਤ ਦੇ ਸੰਵਿਧਾਨ ਨਿਰਮਾਣ ਦਾ ਮੌਕਾ ਮਿਲਿਆ ਤਾਂ ਉਹ ਸਾਰੇ ਮਨੁੱਖੀ ਅਧਿਕਾਰ ਜਿਹਨਾਂ ਤੋਂ ਬਹੁਜਨ ਸਮਾਜ ਨੂੰ ਸਦੀਆਂ ਤੋਂ ਮਹਿਰੂਮ ਕੀਤਾ ਹੋਇਆ ਸੀ, ਬਾਬਾ ਸਾਹਿਬ ਨੇ ਉਹਨਾਂ ਨੂੰ ਮੁਢਲੇ ਅਧਿਕਾਰਾਂ ਵਿਚ ਸ਼ਾਮਲ ਕੀਤਾ। ਇਹਨਾਂ ਵਿਚ ਹੀ ਵਿਸ਼ੇਸ਼ ਅਧਿਕਾਰਾਂ ਦਾ ਵੀ ਪ੍ਰਬੰਧ ਕੀਤਾ ਗਿਆ ਜੋ ਆਰਟੀਕਲ 330 ਅਧੀਨ ਨੌਕਰੀਆਂ ਅਤੇ ਵਿੱਦਿਆ ਵਿਚ ਅਤੇ 332 ਰਾਜਨੀਤਿਕ ਪ੍ਰਤੀਨਿਧਤਾ ਦਿੰਦਾ ਹੈ ਜੋ ਐਸ. ਸੀ./ ਐਸ. ਟੀ. ਲਈ ਹਨ। ਹੋਰ ਦੂਜੀਆਂ ਪੱਛੜੀਆਂ ਸ਼੍ਰੇਣੀਆਂ (ਓ. ਬੀ. ਸੀ.) ਲਈ ਵੀ ਆਰਟੀਕਲ 340 ਅਧੀਨ ਪ੍ਰਾਵਧਾਨ ਕੀਤਾ ਗਿਆ। ਉਪਰੋਕਤ ਦਰਸਾਏ ਹਾਲਾਤ ਵਿਚੋਂ ਲੰਘਦਿਆਂ ਇਹਨਾਂ ਜਾਤੀਆਂ ਦੀ ਹਾਲਤ ਕਿਸੇ ਜੰਗਲੀ ਜਾਨਵਰ ਦੇ ਮੂੰਹ ਵਿਚੋਂ ਛੁਡਾਏ ਅਧਮੋਏ ਸ਼ਿਕਾਰ ਵਰਗੀ ਸੀ, ਜਿਸਨੂੰ ਤੁਰੰਤ ਇਲਾਜ, ਖਾਧ ਖੁਰਾਕ ਦੀ ਲੋੜ ਸੀ ਜੋ ਉਸ ਕੋਲ ਨਾ-ਮਾਤਰ ਵੀ ਹੈ ਨਹੀਂ ਸੀ। ਇਸ ਲਈ ਮੁੜ ਪੈਰਾਂ ਸਿਰ ਕਰਨ ਅਤੇ ਜੀਵਨ ਧਾਰਾ ਵਿਚ ਸ਼ਾਮਲ ਕਰਨ ਲਈ ਇਹਨਾਂ ਵਿਸ਼ੇਸ਼ ਅਧਿਕਾਰਾਂ ਦੀ ਤੁਰੰਤ ਲੋੜ ਸੀ। ਜੇ ਸਰਕਾਰਾਂ ਇਮਾਨਦਾਰੀ ਨਾਲ ਇਹਨਾਂ ਦਾ ਦਰਦ ਸਮਝ ਕੇ ਇਲਾਜ ਕਰਦੀਆਂ ਤਾਂ ਨਿਸ਼ਚੇ ਹੀ 25-30 ਸਾਲਾਂ ਵਿਚ ਬਰਾਬਰੀ ਆ ਸਕਦੀ ਸੀ ਪਰ ਅਜਿਹਾ ਹੋ ਨਹੀਂ ਸਕਿਆ।

ਦੂਜੇ ਪਾਸੇ ਸਦੀਆਂ ਤੋਂ ਇਹਨਾਂ ਵਰਗਾਂ ਦੇ ਹੱਕਾਂ 'ਤੇ ਡਾਕਾ ਮਾਰ ਕੇ ਪਲ ਰਹੇ ਸਮਾਜ ਦੇ ਬਾਕੀ ਤਿੰਨਾਂ ਵਰਣਾਂ ਨੇ ਆਪਣੀ ਜਕੜ ਇੰਨੀ ਮਜ਼ਬੂਤ ਬਣਾ ਲਈ ਕਿ ਉਹਨਾਂ ਨੇ ਦੇਸ਼ ਦੇ ਹਰ ਉਤਪਾਦਨ ਖੇਤਰ 'ਤੇ ਕਬਜ਼ਾ ਜਮਾ ਲਿਆ। ਉਹਨਾਂ ਨੂੰ ਇਸ ਵਰਣ ਵਿਵਸਥਾ ਦਾ ਅਤਿਅੰਤ ਲਾਭ ਹੋਇਆ। ਆਜ਼ਾਦੀ ਅਤੇ ਲੋਕਤੰਤਰ ਦੀ ਸਥਾਪਤੀ ਦੇ ਸੱਤ ਦਹਾਕਿਆਂ ਬਾਅਦ ਵੀ ਜੋ ਸਰਕਾਰ ਬਣੀ ਜਾਂ ਪਹਿਲਾਂ ਵੀ ਬਣਦੀਆਂ ਰਹੀਆਂ, ਉਹਨਾਂ 'ਤੇ ਇਹਨਾਂ ਦਾ ਸੰਪੂਰਨ ਕਬਜ਼ਾ ਰਿਹਾ, ਫਿਰ ਕਿਉਂ ਨਾ ਸਾਰੀਆਂ ਯੋਜਨਾਵਾਂ ਸਾਰੇ ਪ੍ਰਬੰਧਾਂ ਦੀ ਦਿਸ਼ਾ ਇਹਨਾਂ ਵੱਲ ਹੁੰਦੀ? ਅਜੋਕੀ ਸਰਕਾਰ ਵਿਚ ਵੀ 27 ਕੈਬਨਿਟ ਮੰਤਰੀਆਂ ਵਿਚੋਂ 20 ਉੱਚ ਜਾਤੀਆਂ ਨਾਲ ਸਬੰਧਤ ਹਨ। ਪ੍ਰਧਾਨ ਮੰਤਰੀ ਦਫ਼ਤਰ ਅਤੇ ਹੋਰ ਕੈਬਨਿਟ ਸਕੱਤਰਾਂ ਵਿਚ ਕੋਈ ਬਹੁਜਨ ਸਮਾਜ ਵਿਚੋਂ ਨਹੀਂ। ਸੁਪਰੀਮ ਕੋਰਟ ਦੇ ਜੱਜਾਂ ਵਿਚ ਪ੍ਰਤੀਨਿਧਤਾ ਨਿੱਲ ਹੈ। ਗਵਰਨਰਾਂ, ਵਾਈਸ ਚਾਂਸਲਰਾਂ, ਅੰਬੈਸਡਰ ਵਰਗੇ ਉੱਚ ਅਹੁਦਿਆਂ ਤੇ ਸਿਰਫ ਨਾ ਮਾਤਰ ਹੀ ਪ੍ਰਤੀਨਿਧਤਾ ਹੈ। ਜੇ ਹਿੱਸੇਦਾਰੀ ਦੀ ਗੱਲ ਕਰੀਏ ਤਾਂ 1992 ਤੀਕਰ ਜਦੋਂ ਤੱਕ ਓ. ਬੀ. ਸੀ. ਨੂੰ ਰਾਖਵਾਂਕਰਨ ਨਹੀਂ ਸੀ ਮਿਲਿਆ ਤਾਂ ਕੁੱਲ ਰਾਖਵਾਂਕਰਨ ਐਸ. ਸੀ. 15 ਪ੍ਰਤੀਸ਼ਤ ਅਤੇ ਐਸ. ਟੀ. ਦਾ 7.5 ਪ੍ਰਤੀਸ਼ਤ ਮਿਲਾ ਕੇ 22.5 ਪ੍ਰਤੀਸ਼ਤ ਬਣਦਾ ਸੀ ਤੇ ਬਾਕੀ ਦਾ ਬਚਦਾ 77.5 ਪ੍ਰਤੀਸ਼ਤ ਹਿੱਸਾ ਉਪਰਲੇ ਵਰਗਾਂ ਕੋਲ ਹੀ ਸੀ ਜਦੋਂ ਕਿ ਗਿਣਤੀ ਪੱਖੋਂ ਇਹ ਵਰਗ 17.5 ਪ੍ਰਤੀਸ਼ਤ ਹੀ ਸਨ। ਗਿਣਤੀ ਪੱਖੋਂ ਬਾਕੀ ਬਚੇ 82.5 ਪ੍ਰਤੀਸ਼ਤ ਵਿਚੋਂ ਓ. ਬੀ. ਸੀ. 52 ਪ੍ਰਤੀਸ਼ਤ, ਐਸ. ਸੀ. 15 ਪ੍ਰਤੀਸ਼ਤ, ਐਸ. ਟੀ. 7.5 ਪ੍ਰਤੀਸ਼ਤ ਅਤੇ ਧਾਰਮਿਕ ਘੱਟ ਗਿਣਤੀਆਂ 5 ਪ੍ਰਤੀਸ਼ਤ ਹਨ। ਓ. ਬੀ. ਸੀ. ਨੂੰ 1993 ਤੋਂ 27 ਪ੍ਰਤੀਸ਼ਤ ਰਾਖਵਾਂਕਰਨ ਦੇਣ ਨਾਲ ਵੀ 17.5 ਪ੍ਰਤੀਸ਼ਤ ਉੱਚ ਵਰਗ ਕੋਲ 50.5 ਪ੍ਰਤੀਸ਼ਤ (77.5-27) ਹਿੱਸਾ ਬਚਦਾ ਹੈ। ਫਿਰ ਕੌਣ ਕਿਸਦਾ ਹਿੱਸਾ ਖਾ ਰਿਹਾ ਹੈ? ਇਸ ਤੋਂ ਇਲਾਵਾ ਸਭ ਤੋਂ ਉੱਚ ਵਰਗ ਬ੍ਰਾਹਮਣ ਕੋਲ ਸਦੀਆਂ ਤੋਂ ਮੰਦਰਾਂ ਦੇ ਪੁਜਾਰੀ ਅਤੇ ਸ਼ੰਕਰਾ ਅਚਾਰੀਆ ਦਾ ਸੌ ਫੀਸਦੀ ਰਾਖਵਾਂਕਰਨ ਰਿਹਾ ਹੈ ਜੋ ਅੱਜ ਤੱਕ ਜਾਰੀ ਹੈ। ਸਭ ਤੋਂ ਵੱਡੇ ਉਪਰਲੇ ਚਾਰ ਮੰਦਰਾਂ ਦੀ ਜਾਇਦਾਦ ਹੀ 1.32 ਲੱਖ ਕਰੋੜ ਬਣਦੀ ਹੈ, ਬਾਕੀ ਦੇ ਮੰਦਰ ਅਲੱਗ ਹਨ। ਲੱਖਾਂ ਟਨ ਸੋਨਾ, ਚਾਂਦੀ, ਹੀਰੇ, ਜ਼ਮੀਨ, ਐਫ. ਡੀ. ਇਹਨਾਂ ਵਿਚ ਸ਼ਾਮਲ ਹੈ। ਦੂਜੇ ਪਾਸੇ ਦੀ ਆਰਥਿਕ ਹਾਲਤ ਦਾ ਅੰਦਾਜ਼ਾ ਕੁਝ ਸਾਲ ਪਹਿਲਾਂ ਸੈਨ ਦਾਸ ਗੁਪਤਾ ਰਿਪੋਰਟ ਦੇ ਅੰਕੜਿਆਂ ਤੋਂ ਲਾਇਆ ਜਾ ਸਕਦਾ ਹੈ, ਜਿਸ ਅਨੁਸਾਰ ਦੇਸ਼ ਦੇ ਸਭ ਤੋਂ ਗਰੀਬ ਹੇਠਲੇ ਲੋਕਾਂ ਦੀ ਦਿਹਾੜੀ ਛੇ ਰੁਪਏ ਹੈ, ਇਸ ਤੋਂ ਉਪਰਲੇ 26 ਕਰੋੜ ਲੋਕਾਂ ਦੀ ਗਿਆਰਾਂ ਰੁਪਏ ਅਤੇ ਇਸ ਤੋਂ ਉਪਰਲੇ 28 ਕਰੋੜ ਦੀ 20 ਰੁਪਏ ਹੈ। ਇਹਨਾਂ 83 ਕਰੋੜ ਲੋਕਾਂ ਦੀ ਔਸਤ ਦਿਹਾੜੀ 12.20 ਰੁਪਏ ਬਣਦੀ ਹੈ। ਇਸ ਤੋਂ ਉਲਟ ਅੰਬਾਨੀ ਆਪਣੇ ਮਕਾਨ ਤੇ ਹੀ 4500 ਕਰੋੜ ਖਰਚਦਾ ਹੈ ਅਤੇ 600 ਕਰੋੜ ਦਾ ਹੈਲੀਕਾਪਟਰ ਆਪਣੀ ਪਤਨੀ ਦੇ ਜਨਮ ਦਿਨ 'ਤੇ ਤੋਹਫਾ ਦਿੰਦਾ ਹੈ।

ਇੰਝ ਇਹ ਚਤੁਰ ਵਰਣ ਵਿਵਸਥਾ ਅੱਜ ਵੀ ਗੁਪਤ ਰੂਪ ਵਿਚ ਜਾਰੀ ਹੈ ਅਤੇ ਇਸਨੂੰ ਖਤਮ ਕਰਨ ਦੀ ਬਜਾਏ ਸਰਪ੍ਰਸਤੀ ਦਿੱਤੀ ਜਾ ਰਹੀ ਹੈ। ਜਦੋਂ ਤੱਕ ਇਹ ਜਾਰੀ ਹੈ ਤਾਂ ਹੇਠਲੇ ਵਰਗਾਂ ਦੀ ਪ੍ਰਤੀਨਿਧਤਾ ਸਿਰਫ ਨੌਕਰੀਆਂ ਜਾਂ ਵਿੱਦਿਆ ਤੱਕ ਹੀ ਸੀਮਤ ਨਹੀਂ ਰਹਿਣੀ ਚਾਹੀਦੀ ਸਗੋਂ ਉਦਯੋਗ, ਵਪਾਰ, ਜ਼ਮੀਨ, ਬੈਂਕਿੰਗ, ਮੀਡੀਆ ਅਤੇ ਪ੍ਰਾਈਵੇਟ ਨੌਕਰੀਆਂ ਵਿਚ ਵੀ ਮਿਲਣੀ ਚਾਹੀਦੀ ਹੈ। ਇਹ ਦੇਸ਼ ਸਭ ਜਾਤੀਆਂ ਅਤੇ ਵਰਗਾਂ ਦਾ ਸਾਂਝਾ ਹੈ, ਇਸਦੇ ਕੁਦਰਤੀ ਸਾਧਨਾਂ ਅਤੇ ਉਤਪਾਦਨ 'ਤੇ ਸਭ ਦਾ ਬਰਾਬਰ ਹੱਕ ਹੈ। ਦੇਸ਼ ਦੇ ਕਾਨੂੰਨ ਅਨੁਸਾਰ ਪ੍ਰਸ਼ਤੈਨੀ ਜਾਇਦਾਦ ਵਿਚ ਆਉਣ ਵਾਲੀਆਂ ਪੀੜ੍ਹੀਆਂ ਦਾ ਬਰਾਬਰ ਦਾ ਹੱਕ ਬਣਦਾ ਹੈ। ਪਿਓ ਦਾਦੇ ਦੀ ਪ੍ਰਸ਼ਤੈਨੀ ਜਾਇਦਾਦ 'ਤੇ ਉਸਦੀ ਸਾਰੀ ਔਲਾਦ ਦਾ ਬਰਾਬਰ ਦਾ ਹੱਕ ਬਣਦਾ ਹੈ ਭਾਵੇਂ ਕੋਈ ਮੁੰਡਾ ਹੈ ਜਾਂ ਕੁੜੀ, ਕਾਲਾ ਹੈ ਜਾਂ ਗੋਰਾ, ਘੱਟ ਪੜ੍ਹਿਆ ਹੈ ਜਾਂ ਵੱਧ ਸਭ ਬਰਾਬਰ ਦੇ ਹਿੱਸੇਦਾਰ ਹਨ। ਇਹੀ ਸਥਿਤੀ ਦੇਸ਼ ਤੇ ਵੀ ਲਾਗੂ ਹੁੰਦੀ ਹੈ। ਇਹ ਕਿਸੇ ਦੀ ਨਿੱਜੀ ਜਾਇਦਾਦ ਨਾ ਹੋ ਕੇ ਇਸਦੇ ਸਾਰੇ ਬਾਸ਼ਿੰਦਿਆਂ ਲਈ ਬਰਾਬਰ ਹੈ। ਜਿੰਨੀ ਜਿਸਦੀ ਗਿਣਤੀ ਭਰੀ, ਉਨੀ ਉਸਦੀ ਹਿੱਸੇਦਾਰੀ ਨੂੰ ਹਰ ਖੇਤਰ ਵਿਚ ਲਾਗੂ ਕਰ ਦੇਣਾ ਚਾਹੀਦਾ ਹੈ। ਇਸੇ ਨਿਯਮ ਅਨੁਸਾਰ ਕੁਝ ਜਾਤੀਆਂ ਆਪਣੀ ਪ੍ਰਤੀਨਿਧਤਾ ਮੰਗ ਰਹੀਆਂ ਹਨ। ਜਦੋਂ ਤੱਕ ਜਾਤੀਆਂ ਹਨ ਉਹਨਾਂ ਦੀ ਮੰਗ ਨੂੰ ਨਾਜਾਇਜ਼ ਨਹੀਂ ਮੰਨਿਆ ਜਾ ਸਕਦਾ। ਅੱਜ ਹਰ ਪਾਰਟੀ ਬਿਆਨ ਦੇ ਰਹੀ ਹੈ ਕਿ ਰਾਖਵੇਂਕਰਨ ਨੂੰ ਜਾਤੀ ਆਧਾਰਿਤ ਨਹੀਂ ਆਰਥਿਕ ਆਧਾਰਿਤ ਕਰੋ। ਪਰ ਇਹ ਮੁੱਦਾ ਨਿਰਾ ਗਰੀਬੀ ਦੂਰ ਕਰਨ ਦਾ ਨਹੀਂ ਜਿਵੇਂ ਕਿ ਉਪਰ ਦਰਸਾਇਆ ਜਾ ਚੁੱਕਿਆ ਹੈ। ਇਸ ਨਾਲ ਵਿੱਦਿਅਕ ਅਤੇ ਸਮਾਜਿਕ ਮਾਨਤਾਵਾਂ ਵੀ ਜੁੜੀਆਂ ਹੋਈਆਂ ਹਨ। ਵੇਖਣ ਵਾਲੀ ਗੱਲ ਹੈ ਕਿ ਅੱਜ ਜੋ ਰਾਖਵਾਂਕਰਨ ਦਾ ਸਹਾਰਾ ਲੈ ਕੇ ਆਰਥਿਕ ਪੱਖੋਂ ਕੁਝ ਮਜ਼ਬੂਤ ਹੋਏ ਹਨ, ਕੀ ਉਹਨਾਂ ਨੂੰ ਸਮਾਜਿਕ ਪੱਖੋਂ ਵੀ ਮਾਨਤਾ ਮਿਲੀ ਹੈ? ਨਹੀਂ, ਉਸਨੂੰ ਹਾਲੇ ਵੀ ਉਸਦੀ ਜਾਤੀ ਦੇ ਨਜ਼ਰੀਏ ਨਾਲ ਹੀ ਵੇਖਿਆ ਜਾਂਦਾ ਹੈ। ਇੱਥੇ ਹੀ ਬੱਸ ਨਹੀਂ ਉਸਦੀ ਜਾਤੀ ਦਾ ਨਾਂ ਘਿਰਣਾਜਨਕ ਢੰਗ ਨਾਲ ਲੈ ਕੇ ਉਸਦੇ ਆਰਥਿਕ ਪੱਖ ਨੂੰ ਕਟਾਖਸ਼ ਕੀਤਾ ਜਾਂਦਾ ਹੈ। ਪ੍ਰਸਿੱਧ ਵਿਦਵਾਨ ਡਾ. ਰੌਣਕੀ ਰਾਮ ਆਪਣੀ ਚਰਚਿਤ ਪੁਸਤਕ 'ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਣ' ਵਿਚ ਗਰੀਬ ਦਲਿਤ ਤੇ ਗਰੀਬ ਬ੍ਰਾਹਮਣ ਦਾ ਮੁਕਾਬਲਾ ਕਰਦੇ ਹੋਏ ਲਿਖਦੇ ਹਨ, "ਬ੍ਰਾਹਮਣ ਸ਼ੋਸ਼ਿਤ ਹੁੰਦੇ ਹੋਏ ਵੀ ਉਸ ਤਰ੍ਹਾਂ ਸ਼ੋਸ਼ਿਤ ਨਹੀਂ ਹੈ ਜਿਸ ਤਰ੍ਹਾਂ ਜਨਮ ਜਾਤ ਆਧਾਰਿਤ ਦਲਿਤ ਸ਼ੋਸ਼ਿਤ ਹੈ। ਦਲਿਤ ਦਾ ਸ਼ੋਸ਼ਿਤਪਣ ਸ਼ੋਸ਼ਿਤ ਬ੍ਰਾਹਮਣ ਦੀ ਅਖੌਤੀ ਦਲਿਤਤਾ ਤੋਂ ਬਿਲਕੁਲ ਅਲੱਗ ਦਿਖਾਈ ਦਿੰਦਾ ਹੈ। ਸ਼ੋਸ਼ਿਤ ਬ੍ਰਾਹਮਣ ਦੇ ਕੋਲ ਉਹ ਸਮਾਜਿਕ ਰੁਤਬਾ ਹੈ, ਜਿਹੜਾ ਉਸਦੇ ਸ਼ੋਸ਼ਿਤ ਹੋਣ ਦੇ ਬਾਵਜੂਦ ਵੀ ਮੋਰ ਦੇ ਨੱਚੇ ਹੋਏ ਖੰਭਾਂ ਦੇ ਰੰਗ ਵਾਂਗੂ ਸਥਿਰ ਰਹਿੰਦਾ ਹੈ।" ਸਮਾਜ ਵਿਚ ਵਾਪਰਨ ਵਾਲੀਆਂ ਘਟਨਾਵਾਂ ਵੇਖੀਏ ਤਾਂ ਸਪਸ਼ਟ ਹੁੰਦਾ ਹੈ ਕਿ ਕਿਸੇ ਆਰਥਿਕ ਪੱਖੋਂ ਕਮਜ਼ੋਰ ਉੱਚ ਜਾਤੀਏ ਨੂੰ ਘੋੜੀ 'ਤੇ ਬਰਾਤ ਚੜ੍ਹਨ ਲਈ ਕੁੱਟ ਨਹੀਂ ਪੈਂਦੀ। ਉੱਚ ਜਾਤੀ ਕਿਸੇ ਔਰਤ ਨੂੰ ਮਾਮੂਲੀ ਜਿਹੀ ਗਲਤੀ ਬਦਲੇ ਪਿੰਡ ਵਿਚ ਨੰਗਿਆਂ ਕਰਕੇ ਨਹੀਂ ਘੁੰਮਾਇਆ ਜਾਂਦਾ। ਕਿਸੇ ਜੱਜ ਦੇ ਕੁਰਸੀ ਤੇ ਬੈਠਣ ਨਾਲ ਕੁਰਸੀ ਨਹੀਂ ਭਿੱਟੀ ਜਾਂਦੀ, ਜਿਸਨੂੰ ਗੰਗਾਜਲ ਨਾਲ ਧੋਣ ਦੀ ਲੋੜ ਪਵੇ। ਉੱਚ ਜਾਤੀ ਦੇ ਪਾਲੇ ਕੁੱਤੇ ਨੂੰ ਬੁਰਕੀ ਪਾਉਣ ਨਾਲ ਕੁੱਤਾ ਵੀ ਨਹੀਂ ਭਿੱਟਿਆ ਜਾਂਦਾ, ਜਿਸਦੇ ਬਦਲੇ ਪੰਚਾਇਤ ਬੁਰਕੀ ਪਾਉਣ ਵਾਲੇ ਉੱਚ ਜਾਤੀਏ ਨੂੰ ਭਾਰੀ ਜੁਰਮਾਨਾ ਕਰੇ।

ਦੂਜਾ ਇਤਰਾਜ਼ ਰਾਖਵਾਂਕਰਨ ਜਾਤੀ ਆਧਾਰਿਤ ਕਰਨ 'ਤੇ ਇਹ ਕੀਤਾ ਜਾਂਦਾ ਹੈ ਕਿ ਇਸ ਨਾਲ ਜਾਤਪਾਤ ਨੂੰ ਬੜਾਵਾ ਮਿਲਦਾ ਹੈ। ਇਹ ਵੀ ਬਿਲਕੁਲ ਗਲਤ ਹੈ। ਰਾਖਵਾਂਕਰਨ ਅਸਲ ਵਿਚ ਇਸ ਲਈ ਦੇਣ ਦੀ ਲੋੜ ਪਈ ਕਿਉਂਕਿ ਦੇਸ਼ ਵਿਚ ਜਾਤ ਪਾਤ ਨੇ ਸਮਾਜ ਨੂੰ ਲੀਰੋ ਲੀਰ ਕਰੀ ਰੱਖਿਆ। ਕੁਝ ਵਰਗਾਂ ਨੂੰ ਬਹੁਤ ਉੱਚਾ ਚੁੱਕਿਆ ਤਾਂ ਕੁਝ ਨੂੰ ਹੇਠਾਂ ਨਿਘਾਰ ਹੀ ਦਿੱਤਾ ਗਿਆ। ਰਾਖਵਾਂਕਰਨ ਬਰਾਬਰਤਾ ਵੱਲ ਇਕ ਨਿੱਕਾ ਜਿਹਾ ਕਦਮ ਸੀ। ਰਾਖਵਾਂਕਰਨ ਦੇਣ ਨਾਲ ਜਾਤੀਆਂ ਪੈਦਾ ਨਹੀਂ ਹੋਈਆਂ ਸਗੋਂ ਪਹਿਲਾਂ ਤੋਂ ਹੀ ਛੇ ਹਜ਼ਾਰ ਜਾਤੀਆਂ ਮੌਜੂਦ ਸਨ। ਰਾਖਵਾਂਕਰਨ ਦੇਣ ਲਈ ਸਗੋਂ ਇਹਨਾਂ ਨੂੰ ਤਿੰਨ ਮੁੱਖ ਅੰਗਾਂ ਵਿਚ ਵੰਡਿਆ ਗਿਆ- ਐਸ. ਸੀ., ਐਸ. ਟੀ. ਅਤੇ ਓ. ਬੀ. ਸੀ.। ਇੰਝ ਕਰਕੇ ਜਾਤ ਪਾਤ ਦੀ ਗਿਣਤੀ ਸਗੋਂ ਘਟਾਈ ਗਈ। ਸੋ ਜਾਤਪਾਤ ਦੀ ਹੋਂਦ ਕਾਰਨ ਰਾਖਵੇਂਕਰਨ ਦੀ ਲੋੜ ਉਤਪੰਨ ਹੋਈ ਨਾ ਕਿ ਰਾਖਵੇਂਕਰਨ ਨਾਲ ਜਾਤਾਂ ਨੂੰ ਬੜਾਵਾ ਮਿਲਿਆ।

ਇਕ ਹੋਰ ਵਿਚਾਰ ਰਾਖਵੇਂਕਰਨ ਦੇ ਵਿਰੋਧ ਵਿਚ ਇਹ ਦਿੱਤਾ ਜਾਂਦਾ ਹੈ ਕਿ ਜੇ ਕਿਸੇ ਸਮੇਂ ਸਵਰਣ ਬਜ਼ੁਰਗਾਂ ਨੇ ਦਲਿਤ ਬਜ਼ੁਰਗਾਂ ਨੂੰ ਯਾਤਨਾਵਾਂ ਦਿੱਤੀਆਂ ਹੋਣੀਆਂ ਮੰਨ ਵੀ ਲਈਏ ਤਾਂ ਇਸ ਵਿਚ ਅੱਜ ਦੀ ਪਨੀਰੀ ਦਾ ਕੀ ਦੋਸ਼ ਜੋ ਸਜ਼ਾ ਉਹਨਾਂ ਨੂੰ ਦਿੱਤੀ ਜਾ ਰਹੀ ਹੈ। ਪਰ ਉਹ ਭੁੱਲਦੇ ਹਨ ਕਿ ਇਹਨਾਂ ਯਾਤਨਾਵਾਂ ਨਾਲ ਹੀ ਉਹਨਾਂ ਦੇ ਬਜ਼ੁਰਗਾਂ ਨੇ ਦੂਜਿਆਂ ਦਾ ਹਿੱਸਾ ਮਾਰ ਕੇ ਉਹਨਾਂ ਲਈ ਉਦਯੋਗ, ਵਪਾਰ, ਜ਼ਮੀਨ ਤੇ ਹੋਰ ਸਰਮਾਇਆ ਇਕੱਤਰ ਕਰਕੇ ਪ੍ਰਸ਼ਤੈਨੀ ਰੂਪ ਵਿਚ ਉਹਨਾਂ ਨੂੰ ਸੌਂਪਿਆ ਹੈ, ਜਿਸ ਤੇ ਸਮੁੱਚੇ ਦੇਸ਼ ਦਾ ਹੱਕ ਸੀ ਪਰ ਉਸਦਾ ਸੁਖ ਉਹ ਸਦੀਆਂ ਤੋਂ ਭੋਗਦੇ ਆ ਰਹੇ ਹਨ। ਜੇ ਉਹ ਆਪਣੇ ਬਜ਼ੁਰਗਾਂ ਦੀਆਂ ਸ਼ਾਤਰ ਨੀਤੀਆਂ ਕਾਰਨ ਅੱਜ ਸੁੱਖ ਭੋਗ ਰਹੇ ਹਨ ਤਾਂ ਬਾਕੀ ਦੂਜਿਆਂ ਨੂੰ ਉਹਨਾਂ ਗਲਤ ਨੀਤੀਆਂ ਕਾਰਨ ਪ੍ਰਦਾਨ ਕੀਤੇ ਦੁੱਖ ਦਰਦ ਨੂੰ ਘੱਟ ਕਰਨ ਲਈ ਕੁਝ ਸਮੇਂ ਲਈ ਤਾਂ ਇਸ ਮਾਮੂਲੀ ਜਿਹੇ ਰਾਖਵੇਂਕਰਨ ਦੇ ਨੁੰਮਣੇ ਦੇ ਰੂਪ ਵਿਚ ਸਹਿਣ ਕਰ ਲੈਣਾ ਸਿੱਖ ਲੈਣ। ਘੱਟੋ ਘੱਟ ਇਕ ਸਦੀ ਤਾਂ ਹੋ ਲੈਣ ਦਿਓ। ਓਸ਼ੋ ਰਜਨੀਸ਼ ਤਾਂ ਇਸ ਸਮੇਂ ਨੂੰ ਘੱਟੋ ਘੱਟ ਦੋ ਸੌ ਸਾਲ ਲਈ ਕਹਿੰਦਾ ਹੈ।

ਇਕ ਵਿਚਾਰ ਇਹ ਵੀ ਆਮ ਦਿੱਤਾ ਜਾਂਦਾ ਹੈ ਕਿ ਰਾਖਵੇਂਕਰਨ ਨਾਲ ਅਯੋਗ ਵਿਅਕਤੀ ਅੱਗੇ ਆਉਂਦੇ ਹਨ ਅਤੇ

(ਬਾਕੀ ਸਫਾ 16 ਤੇ)

# ਯੂਬਾ ਸਿਟੀ ਦੇ ਸਾਲਾਨਾ ਜੋੜ ਮੇਲੇ ਦੀਆਂ ਕੁਝ ਝਲਕੀਆਂ























All pictures by Prem Kumar Chumber






ਸੋਹੰ ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ ੴ



# ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ

## ਚੋਣਾ 08 ਨਵੰਬਰ 2015 ਦਿਨ ਐਤਵਾਰ



ਗੁਰੂ ਰੂਪ ਸਾਧ ਸੰਗਤ ਜੀ॥
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੀ 08 ਨਵੰਬਰ ਦਿਨ ਐਤਵਾਰ ਨੂੰ ਹੋਣ ਜਾ ਰਹੀ ਚੋਣ ਵਿਚ ਆਪ ਸਨਮਾਨਯੋਗ ਸਾਧ ਸੰਗਤ ਅਤੇ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਕਿਰਪਾ ਸਦਕਾ ਅਸੀਂ ਨਿਰਮਲ ਸਿੰਘ ਅਤੇ ਸਰਬ ਸਾਂਝੀ, ਗੁਰੂ ਰਵਿਦਾਸ ਜੀ ਮਹਾਰਾਜ, ਗੁਰੂ ਸਾਹਿਬ ਜੀ ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਦੀਆਂ ਸਿੱਖਿਆਵਾਂ ਨੂੰ ਸਮਰਪਿਤ ਸਲੇਟ ਲੈ ਕੇ ਹਾਜਰ ਹੋਏ ਹਾਂ। ਪਿਛਲੇ ਸਮੇਂ ਵਿਚ ਆਪ ਜੀ ਦੇ ਤਨ ਮਨ ਅਤੇ ਧਨ ਦੇ ਸਹਿਯੋਗ ਨਾਲ ਗੁਰੂ ਘਰ ਵਿਚ ਨਵੇਂ ਪ੍ਰੋਗਰਾਮ ਜਿਵੇਂ ਨਗਰ ਕੀਰਤਨ, ਖ਼ੂਨਦਾਨ ਕੈਂਪ, ਮੁਫਤ ਮੈਡੀਕਲ ਚੈਕਅਪ ਕੈਂਪ, ਬੱਚਿਆਂ ਦੀਆਂ ਵਿਸ਼ੇਸ਼ ਕਲਾਸਾਂ, ਰਾਗਾਂ ਤੇ ਆਧਾਰਿਤ ਕੀਰਤਨ ਦਰਬਾਰ ਅਤੇ ਅਨੇਕਾਂ ਹੋਰ ਪ੍ਰੋਗਰਾਮ ਉਲੀਕੇ ਗਏ। ਇਸ ਤੋਂ ਗੁਰੂ ਘਰ ਵਿਚ ਹੋਈ ਲੱਖਾਂ ਡਾਲਰਾਂ ਦੀ ਹੇਰਾਫੇਰੀ ਨੂੰ ਬੇਨਕਾਬ ਕਰਕੇ ਸੱਚ ਸਭ ਦੇ ਸਾਹਮਣੇ ਲਿਆਂਦਾ ਗਿਆ ਅਤੇ ਖਾਲੀ ਕੀਤੇ ਗਏ ਗੁਰੂ ਘਰ ਦੇ ਖਾਤੇ ਵਿਚ ਦੁਬਾਰਾ ਆਪ ਸੰਗਤ ਦੇ ਤਨ, ਮਨ ਅਤੇ ਛਨ ਦੇ ਸਹਿਯੋਗ ਨਾਲ ਮੁੜ ਲੱਖਾਂ ਡਾਲਰ ਜਮ੍ਹਾ ਕਰਵਾਏ ਗਏ। ਗੁਰੂ ਘਰ ਦੀ ਉਸਾਰੀ ਦੇ ਅਧੂਰੇ ਪਏ ਕਾਰਜ ਅਤੇ ਸਨਮਾਨਯੋਗ ਬਜ਼ੁਰਗਾਂ ਵੱਲੋਂ ਨਿਊਯਾਰਕ ਦੀ ਧਰਤੀ ਤੇ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੇ ਰੂਪ ਵਿਚ ਕਾਇਮ ਕੀਤੀ ਵਿਰਾਸਤ, ਜਿਸ ਵਿਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ, ਨੂੰ ਸਾਂਭਣਾ ਹੁਣ ਆਪ ਸਮੁੱਚੀ ਸੰਗਤ ਦਾ ਜ਼ਰੂਰੀ ਫਰਜ਼ ਬਣ ਗਿਆ ਹੈ। ਇਹ ਤਦ ਹੀ ਹੋ ਸਕਦਾ ਹੈ ਜੇਕਰ ਆਪ ਸਾਧ ਸੰਗਤ ਇਸ ਪਾਵਨ ਅਸਥਾਨ ਦਾ ਪ੍ਰਬੰਧ ਆਪ ਸਾਧ ਸੰਗਤ ਦੀਆਂ ਭਾਵਨਾਵਾਂ ਪ੍ਰਤੀ ਹਿੱਤ ਰੱਖਣ ਵਾਲੇ ਸੇਵਾਦਾਰਾਂ ਦੇ ਹੱਕ ਵਿਚ ਦੇਵੋਗੇ। ਸਾਧ ਸੰਗਤ ਜੀ ਆਓ ਆਪਾਂ ਸਾਰੇ ਰਲ ਕੇ ਗੁਰੂ ਘਰ ਦੇ ਦੋਖੀਆਂ ਨੂੰ ਗੁਰੂ ਘਰ ਦੇ ਪ੍ਰਬੰਧ ਤੋਂ ਪਰ੍ਹੇ ਕਰਨ ਲਈ 08 ਨਵੰਬਰ 2015 ਦਿਨ ਐਤਵਾਰ ਨੂੰ ਆਪਣੇ ਵੋਟ ਨਿਰਮਲ ਸਿੰਘ ਦੀ ਸਲੇਟ ਨੂੰ ਪਾ ਕੇ ਕਾਮਯਾਬ ਕਰਦੇ ਹੋਏ ਬਜ਼ੁਰਗਾਂ ਅਤੇ ਗੁਰੂਆਂ ਦੀ ਦੇਣ ਨੂੰ ਨਾ ਕੇਵਲ ਸੰਭਾਲ ਕੇ ਰੱਖੀਏ ਬਲਕਿ ਆਉਣ ਵਾਲੀ ਪਨੀਰੀ ਨੂੰ ਇਯ ਮਹਾਨ ਵਿਰਾਸਤ ਦੇ ਮਾਲਕ ਬਣਾਈਏ।



**ਵੋਟ ਪਾਉਣ ਦਾ ਸਮਾਂ ਸਵੇਰੇ 9:00 ਵਜੇ ਤੋਂ ਸ਼ਾਮ 7:00 ਵਜੇ ਤੱਕ ਹੈ।**

**ਵੋਟ ਪਾਉਣ ਲਈ ਆਪਣੀ ਫੋਟੋ ਆਈ ਡੀ ਜ਼ਰੂਰ ਨਾਲ ਲੈ ਕੇ ਆਉਣਾ ਜੀ।**

## ਮੈਨੇਜਮੈਂਟ ਕਮੇਟੀ




## ਟਰੱਸਟ ਕਮੇਟੀ






ਸਾਧ ਸੰਗਤ ਜੀ ਵਿਰੋਧੀਆ ਦੇ ਗੁਮਰਾਹ ਕੁਨ ਪ੍ਰਚਾਰ ਤੋਂ ਸੁਚੇਤ ਰਹਿੰਦਿਆਂ 23 ਨਵੰਬਰ ਦਿਨ ਐਤਵਾਰ ਨੂੰ ਆਪਣੇ ਵੋਟ ਦਾ ਅਧਿਕਾਰ ਦੀ ਸਹੀ ਵਰਤੋਂ ਕਰਦਿਆ ਨਿਰਮਲ ਸਿੰਘ ਦੀ ਸਲੇਟ ਨੂੰ ਕਾਮਯਾਬ ਕਰਨ ਵਿੱਚ ਆਪਣਾ ਕੀਮਤੀ ਯੋਗਦਾਨ ਪਾ ਕੇ ਧੰਨਵਾਦੀ ਬਣਾਓ ਜੀ





## ਸਹਿਯੋਗੀ







## ਚੋਣਾ 08 ਨਵੰਬਰ 2015 ਦਿਨ ਐਤਵਾਰ

•ਪੋਲਿੰਗ ਦਾ ਵਕਤ 9 ਵਜੇ ਸਵੇਰੇ ਤੋਂ ਸ਼ਾਮੀਂ 7 ਵਜੇ ਤੱਕ •61-01, ਬਰਾਡਵੇਅ, ਵੁੱਡਸਾਈਡ ਨਿਊਯਾਰਕ

ਹੋਰ ਜਾਣਕਾਰੀ ਲਈ ਸੰਪਰਕ ਕਰੋ

Nirmal Singh (347) 538-8296 • Amarjit S. Rai (212) 464-8028



# ਬੇਨਤੀ ਬੇਨਤੀ ਬੇਨਤੀ



## ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ

## ਚੋਣਾ 08 ਨਵੰਬਰ 2015 ਦਿਨ ਐਤਵਾਰ





ਸ਼੍ਰੀ ਗੁਰੁ ਰਵਿਦਾਸ ਗੁਰੂਘਰ ਦੀ ਚੋਣ 08 ਨਵੰਬਰ 2015 ਦਿਨ ਐਤਵਾਰ ਨੂੰ ਸ਼੍ਰੀ ਗੁਰੁ ਰਵਿਦਾਸ ਗੁਰੂਘਰ 61-01 ਬਰਾਡਵੇਅ ਵਿਖੇ ਸਵੇਰੇ 9:00 ਵਜੇ ਤੋਂ ਸ਼ਾਮ 7:00 ਵਜੇ ਤੱਕ ਹੋ ਰਹੀ ਹੈ ।ਗੁਰੂ ਰਵਿਦਾਸ ਗੁਰੂਘਰ ਨਿਊਯਾਰਕ ਦੇ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਗੁਰੂਘਰ ਅਤੇ ਸੰਗਤ ਨਾਲ਼ ਹਿੱਤ ਰੱਖਣ ਵਾਲ਼ੀ, ਗੁਰੂ ਰਵਿਦਾਸ ਮਹਾਰਾਜ, ਗੁਰੁ ਗ੍ਰੰਥ ਸਾਹਿਬ ਜੀ ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਦੀ ਵਿਚਾਰਧਾਰਾ ਨੂੰ ਸਮ੍ਰਪਿਤ ਸ. ਨਿਰਮਲ ਸਿੰਘ ਦੀ ਸਲੇਟ ਨੂੰ ਵੋਟ ਪਾ ਕੇ ਕਾਮਯਾਬ ਕਰੀਏ ਤਾਂ ਕਿ ਆਉਣ ਵਾਲ਼ੇ ਸਮੇਂ ਅੰਦਰ ਇਹ ਪੂਰੀ ਟੀਮ ਗੁਰੂਘਰ ਦੀ ਚੜਦ੍ਹੀ ਕਲਾ ਵਾਲ਼ੇ ਪ੍ਰੋਗਰਾਮ ਉਲੀਕ ਕੇ ਗੁਰੂਘਰ ਤੋਂ ਬੇਗਮਪੁਰੇ, ਸਾਧ ਸੰਗਤ ਅਤੇ ਸਰਬ ਸਾਂਝੀਵਾਲ਼ ਦਾ ਸੁਨੇਹਾ ਸੰਸਾਰ ਦੀ ਦਹਿਲੀਜ਼ ਤੱਕ ਪਹੁੰਚਦਾ ਰਹੇ।





**ਬੇਨਤੀ ਕਰਤਾ: – ਸ਼੍ਰੀ ਗੁਰੁ ਰਵਿਦਾਸ ਵੈੱਲਫੇਅਰ ਸੁਸਾਇਟੀ ਆਫ ਨਿਊਯਾਰਕ।**

# Maharishi Valmik Sabha of USA, Yuba City (California)

## ਜੈ ਜੈ ਵਾਲਮੀਕ ਹਰ ਹਰ ਵਾਲਮੀਕ




ਗੁਰੂ ਪਿਆਰੀ ਸਾਧ ਸੰਗਤ ਜੀਓ !

ਆਪ ਸਭ ਨੂੰ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 84/86 ਪਰਸੀ ਐਵਨਿਓ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਕੈਲੇਫੋਰਨੀਆ ਵਿਖੇ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਕਲਾਕਾਰਾਂ ਵੱਲੋਂ ਭਜਨ, ਗੁਣ-ਗਾਨ ਕੀਤਾ ਜਾਵੇਗਾ। ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਨਿਕਨ ਲਿਖਤ ਸਾਰੇ ਪ੍ਰੋਗਰਾਮਾਂ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਚਰਨਾਂ ਵਿਚ ਹਾਜ਼ਰੀ ਲਵਾਓ। ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ। ਸਮੂਹ ਸਭਾਵਾਂ: ਸ੍ਰੀ ਗੁਰੂ ਰਵਿਦਾਸ ਸਭਾ ਯੂਬਾ ਸਿਟੀ, ਰਿਓਲਿੰਡਾ, ਪਿਟਸਬਰਗ ਅਤੇ ਮਹਾਂਰਿਸ਼ੀ ਵਾਲਮੀਕ ਸਭਾ, ਨਿਊਯਾਰਕ, ਕੈਨੇਡਾ, ਫਰਾਂਸ ਅਤੇ ਪੈਰਿਸ ਆਦਿ ਦੀਆਂ ਸੰਗਤਾਂ ਨੂੰ ਸਭਾ ਵੱਲੋਂ ਪ੍ਰਗਟ ਦਿਵਸ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

**ਮੁੱਖ ਮਹਿਮਾਨ: 8 ਨਵੰਬਰ 2015 ਨੂੰ ਸ੍ਰੀ ਅੰਮ੍ਰਿਤ ਸ਼ੁਭ, ਵਰਜੀਨੀਆ ਤੋਂ ਮੁੱਖ ਮਹਿਮਾਨ ਹੋਣਗੇ।**

## ਪ੍ਰੋਗਰਾਮ

ਸਨਿਚਰਵਾਰ, 7 ਨਵੰਬਰ 2015
ਰਸਮ ਨਿਸ਼ਾਨ ਸਾਹਿਬ : 10.00 ਵਜੇ

ਐਤਵਾਰ, 8 ਨਵੰਬਰ 2015
ਕਥਾ ਸ੍ਰੀ ਵਾਲਮੀਕ ਰਮਾਇਣ : 10.00 ਵਜੇ ਸਵੇਰੇ
ਭੋਗ ਸ੍ਰੀ ਵਾਲਮੀਕ ਰਮਾਇਣ : 11.30 ਵਜੇ ਸਵੇਰੇ
ਭਜਨ ਅਤੇ ਭਾਸ਼ਣ : 11.30 ਵਜੇ ਤੋਂ ਸ਼ਾਮੀ 4 ਵਜੇ ਤੱਕ

## Music By : Maharishi Valmik Sangeet Mandali

**Performances :** Bhupinder Bhinda, Amarjit Lali, Sukhdev Sahil, Raj Kumar, Jiwan Rattu, Des raj Shubh, Rohtas Bhagani, Rajinder Sahota, Gurdeep Singh Heera, Sultan Akhtar.

**ਗੁਰੂ ਕਾ ਲੰਗਰ ਦੋਵੇਂ ਦਿਨ ਅਤੁੱਟ ਵਰਤੇਗਾ**

ਨੋਟ: 5ਵੀਂ, 8ਵੀਂ ਅਤੇ 12ਵੀਂ ਜਮਾਤਾਂ 'ਚੋਂ ਪਾਸ ਹੋਣ ਵਾਲੇ ਕਮਿਊਨਿਟੀ ਦੇ ਬੱਚਿਆਂ ਨੂੰ ਸਭਾ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਬੇਨਤੀ ਹੈ ਕਿ ਆਪਣੇ ਨਾਂ ਸਭਾ ਕੋਲ ਪਹਿਲੀ ਨਵੰਬਰ ਤੱਕ ਪਹੁੰਚਾ ਦਿਓ।

*Managing Committee:* Prem Sondhi President 530-751-3887, Santokh Singh Gill Vice President 530-740-3056, Avinash Sondhi, Cashier 530-301-1157, Gurpal Singh Chairman 916-873-0311, Balbir Singh Thaper Vice Chairman 916-607-4650, Vinod Gill Cashier 530-822-9587, Sohan Lal Sahota Secretary 530-674-9766, Sodi Ram Nahar Vice Secretary 707-704-5216

**Place : 84/86 Percy Ave, Yuba City, CA 95991 (Ph : 530-777-9385**

# ਸ.ਨਿਰਮਲ ਸਿੰਘ ਜੀ ਦੀ ਸਰਬ ਸਾਂਝੀ ਸਲੇਟ ਵਲੋਂ ਸੰਗਤ ਦੇ ਚਰਨਾ 'ਚ ਬੇਨਤੀ

## ਗੁਰੂ ਰਵਿਦਾਸ ਗੁਰੂ ਘਰ ਦੀ ਇਲੈਕਸ਼ਨ 8 ਨਵੰਬਰ ਦਿਨ ਐਤਵਾਰ ਨੂੰ

**ਗੁਰੂ ਰਵਿਦਾਸ ਮਹਾਰਾਜ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਸਿਧਾਤ ਨੂੰ ਪਿਆਰ ਕਰਨ ਵਾਲੀ ਸਾਧ ਸੰਗਤ ਨੂੰ ਵੱਧ ਚੜ ਕੇ ਵੋਟ ਪਾਉਣ ਦੀ ਬੇਨਤੀ ਗੁਰੂ ਘਰ ਦੇ ਵਿਰੋਧੀਆਂ ਵਲੋਂ ਕੀਤੇ ਜਾ ਰਹੇ ਗੁਮਰਾਹ ਕੁੰਨ ਪ੍ਰਚਾਰ ਦਾ ਵੱਧ ਤੋਂ ਵੱਧ ਸ. ਨਿਰਮਲ ਸਿੰਘ ਜੀ ਸਲੇਟ ਨੂੰ ਵੋਟਾਂ ਪਾ ਕੇ ਮੂੰਹ ਤੋੜ ਜਵਾਬ ਦੇਈਏ।**

*- ਗੁਰੂ ਘਰ ਦੀ ਸੰਗਤ ਨੂੰ ਸੰਮਨ ਭਜਾਉਣ ਵਾਲੇ ਪਹਿਲਾ ਉਹ ਆਪਣੇ ਸੰਮਨਾ ਦੇ ਜਵਾਬ ਦੇਣ ਵਾਰੇ ਸੋਚਣ।*
*- ਵੋਟ ਪਾਉਣ ਸਮੇਂ ਆਪਣੀ ਫੋਟੋ ਆਈ.ਡੀ. ਅਤੇ ਪਰੂਫ ਆਫ ਐਡਰਸ ਨਾਲ ਲੈਕੇ ਆਉਣਾ ਜੀ।*
*- ਗੁਰੂਘਰ ਦਾ ਪ੍ਰਾਪਟੀ ਟੈਕਸ ਜੋ ਸਾਲਾਂ ਤੋਂ ਪੈ ਰਿਹਾ ਸੀ ਉਹ ਜਨਵਰੀ 2015 ਤੋਂ ਮੁਆਫ ਹੋਇਆ ਪਿਛਲਾ ਵਕਾਇਆ ਮੁਆਫ ਕਰਵਾਉਣ ਲਈ ਯਤਨ ਯਾਰੀ।*





ਸਨਮਾਨ ਯੋਗ ਸਾਧ ਸੰਗਤ ਜੀ ਆਪ ਜੀ ਨੂੰ ਸਨਿਮਰ ਬੇਨਤੀ ਹੇ ਕਿ ਆਪ ਜੀ ਭਲੀ ਭਾਂਤ ਜਾਣਦੇ ਹੋ ਕਿ ਗੁਰੂ ਰਵਿਦਾਸ ਗੁਰੂ ਘਰ ਦੀ ਨਵੇ ਪ੍ਰਬੰਧ ਲਈ ਚੋਣ 8 ਨਵੰਬਰ ਦਿਨ ਐਤਵਾਰ ਸਵੇਰੇ 9 ਵਜੇ ਤੋਂ ਸ਼ਾਮੀ 7 ਵਜੇ ਤੱਕ ਹੋ ਰਹੀ ਹੈ। ਇਸ ਦੇ ਲਈ ਆਪ ਸਮੁੱਚੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਜਿਨਾ ਨੇ ਪਿਛਲੇ ਤਿੰਨ ਦਿਨਾਂ ਵਿਚ ਗੁਰੂਘਰ ਪਹੁੰਚਕੇ ਗੁਰੂ ਰਵਿਦਾਸ ਮਹਾਰਾਜ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ ਪਾਵਨ ਪਵਿੱਤਰ ਸਿਧਾਂਤ ਨੂੰ ਪਿਆਰ ਕਰਦਿਆਂ ਮੈਂਬਰਸ਼ਿਪ ਪ੍ਰਾਪਤ ਕੀਤੀ ਹੈ। ਕੁਝ ਗੁਰੂ ਘਰ ਦੇ ਸਿਧਾਂਤ ਦੇ ਵਿਰੋਧੀ ਲੋਕ ਗੁਰੂ ਘਰ ਨੂੰ ਢਾਹ ਲਾਉਣ ਦੀ ਕਮੀਨੀ ਹਰਕਤ ਕਰ ਰਹੇ ਹਨ ਉਹਨਾ ਨੂੰ ਮੂੰਹ ਤੋੜ ਜਵਾਬ ਦੇ ਲਈ ਆਪ ਜੀ ਆਪਣੀ ਵੋਟ 8 ਨਵੰਬਰ ਨੂੰ ਗੁਰੂ ਘਰ ਪਹੁਚਕੇ ਗੁਰੂ ਘਰ ਦੇ ਪਾਵਨ ਪਵਿੱਤਰ ਸਿਧਾਂਤ ਨੂੰ ਮੁੱਖ ਰੱਖਦਿਆਂ ਸ. ਨਿਰਮਲ ਸਿੰਘ ਦੀ ਸਰਬ ਸਾਂਝੀ ਸਲੇਟ ਨੂੰ ਵੋਟ ਪਾ ਕੇ ਕਾਮਯਾਬ ਕਰੋ ਜੀ ਤਾਂ ਕਿ ਜਿਵੇਂ ਆਪ ਜੀ ਦੇ ਨਿੱਘੇ ਸਹਿਯੋਗ ਤੇ ਸਤਿਗੁਰੂ ਦੀ ਕ੍ਰਿਪਾ ਨਾਲ ਪਿਛਲੇ ਸਮੇਂ ਵਿਚ ਗੁਰੂ ਘਰ ਤੋਂ ਮਹਾਨ ਨਗਰ ਕੀਰਤਨ ਦੀ ਸ਼ੁਰੂਆਤ, ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਵਿਸ਼ੇਸ਼ ਕਾਰਜ, ਮੁਫਤ ਮੈਡੀਕਲ ਕੈਂਪ, ਖੂਨਦਾਨ ਕੈਂਪ, ਕਵੀ ਦਰਬਾਰ, ਰਾਗ ਦਰਬਾਰ, ਢਾਡੀ ਦਰਬਾਰ, ਸਾਰੇ ਗੁਰੂ ਸਹਿਬਾਨਾਂ ਦੇ ਪਵਿੱਤਰ ਦਿਨ ਮਨਾਉਣ, ਬਾਬਾ ਸਾਹਿਬ ਡਾ. ਅੰਬੇਡਕਰ ਦੀ ਯਾਦ ਅਤੇ ਸ਼ਹੀਦੀ ਪੁਰਬ, ਗਿਆਨੀ ਦਿਤ ਸਿੰਘ ਅਤੇ ਮਹਾਨ ਗੁਰੂ ਪਿਆਰਿਆ ਦੀ ਯਾਦ ਵਿਚ ਨਵੇਂ ਪ੍ਰੋਗਰਾਮ ਸ਼ੁਰੂ ਕੀਤੇ ਗਏ ਇਸੇ ਤਰਾਂ ਆਉਣ ਵਾਲੇ ਸਮੇਂ ਵਿਚ ਵੀ ਸਤਿਗੁਰੂ ਰਵਿਦਾਸ ਮਹਾਰਾਜ ਜੀ, ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਨੂੰ ਜਨ ਜਨ ਤਕ ਪਹੁੰਚਾਣ ਲਈ ਅਸੀਂ ਬਚਨ ਬੱਧ ਹਾਂ। ਆਪ ਜੀ ਜਾਣਦੇ ਹੋ ਕਿ ਜਦੋਂ ਗੁਰੂ ਘਰ ਦੀ ਸਾਂਭ ਸੰਭਾਲ ਆਪ ਸੰਗਤ ਨੇ 2012 ਵਿਚ ਬਖਸ਼ੀ ਸੀ ਉਸ ਵਕਤ ਗੁਰੂ ਘਰ ਦੇ ਅਕਾਉਂਟ ਵਿਚ 0 ਡਾਲਰ ਸੀ ਅਤੇ ਲੱਖਾਂ ਡਾਲਰ ਦੇਣ ਵਾਲੇ ਸਨ ਆਪਜੀ ਦੇ ਸਹਿਯੋਗ ਤੇ ਸਤਿਗੁਰੂ ਦੀ ਕ੍ਰਿਪਾ ਨਾਲ ਨਵਾਂ ਅਕਾਉਂਟ ਬਣਵਾਕੇ ਗੁਰੂ ਘਰ ਦੇ ਕਾਰਜ ਸ਼ੁਰੂ ਕੀਤੇ ਪਹਿਲੀ ਬਲਵੀਰ ਚੰਦ ਵਾਲੀ ਕਮੇਟੀ ਵਾਲੇ ਵੀ ਪੈਸੇ ਜਿਹੜੇ ਦੇਣ ਵਾਲੇ ਸਨ ਉਹ ਵਾਪਸ ਕੀਤੇ ਤੇ ਮੁੜ ਅਕਾਉਂਟ ਵਿਚ ਆਪ ਸੰਗਤ ਨੇ ਦਸਾਂ ਨੂੰਹਾਂ ਦੀ ਕ੍ਰਿਤ ਨਾਲ ਹਜ਼ਾਰਾਂ ਡਾਲਰ ਜਮਾ ਕੀਤੇ ਗਏ। ਇਹ ਸਾਰਾ ਕੁੱਝ ਗੁਰੂ ਘਰ ਅੱਗੇ ਤਰੱਕੀ ਵੱਲ ਜਾ ਰਿਹਾ ਹੈ। ਗੁਰੂ ਘਰ ਦੇ ਦੋਖੀਆਂ ਕੋਲੋ ਇਹ ਬਰਦਾਸ਼ਤ ਨਹੀਂ ਹੋਇਆ ਵਾਰ ਵਾਰ ਗੁਰੂ ਘਰ ਨੂੰ ਢਾਹ ਲਾਉਣ ਵਾਲੇ ਕਾਰਨਾਮੇ ਕਰਦੇ ਰਹੇ।

ਸਾਧ ਸੰਗਤ ਜੀ ਇਹ ਲੋਕ ਜੋ ਅੱਜ ਅਖਬਾਰ ਤੇ ਟੀ.ਵੀ. ਰਾਹੀਂ ਆਪਣੀ ਅਕਲ ਦਾ ਜਨਾਜਾ ਕੱਢ ਕੇ ਸਾਰੀ ਕੌਮ ਨੂੰ ਬਦਨਾਮ ਕਰ ਰਹੇ ਹਨ ਸਮਾਜ ਵਿਚ ਗੁਰੂ ਘਰ ਦੇ ਅਕਸ ਨੂੰ ਸੱਟ ਮਾਰ ਰਹੇ ਹਨ। ਇਹਨਾਂ ਦੀਆਂ ਪ੍ਰਾਪਤੀਆਂ ਕੀ ਹਨ? ਕੁਝ ਕੁ ਆਪ ਨਾਲ ਸਾਂਝੀਆਂ ਕਰ ਰਹੇ ਹਾਂ। 2009 ਤੋਂ 2011 ਤੱਕ ਬਲਵੀਰ ਚੰਦ ਕਮੇਟੀ ਦੇ ਟਾਇਮ ਦਾ ਆਡਿਟ ਏਜੰਸੀ ਨੇ ਇਹਨਾ ਵੱਲ ਲੱਖਾਂ ਡਾਲਰ ਦੇ ਕਰੀਬ ਕੱਢਿਆ ਜਿਹੜਾ ਇਹਨਾ ਨੇ ਅਜੇ ਤੱਕ ਨਹੀਂ ਦਿੱਤਾ । ਇਹਨਾਂ ਦੀਆਂ ਗਲਤੀਆਂ ਦੇ ਕਾਰਨ ਰਸੀਵਰ ਨੂੰ 75 ਹਜ਼ਾਰ ਦੇ ਕਰੀਬ, ਆਡਿਟ ਏਜੰਸੀ ਨੂੰ ਲੱਖ ਡਾਲਰ ਤੋਂ ਉਪਰ ਆਪ ਸੰਗਤ ਦਾ ਗਿਆ ਹੈ । ਹੁਣ ਫਿਰ ਪਿੰਦਰਪਾਲ ਬਲਵੀਰ ਚੌਹਾਨ ਵਲੋਂ ਮੋਸ਼ਨ ਪਾਕੇ ਗੁਰੂ ਘਰ ਦੇ ਰਸੀਵਰ ਤੇ ਰੇਫਰੀ ਲਗਵਾਏ ਹਨ ਜਿਨਾ ਨੂੰ 600 ਡਾਲਰ ਦੇ ਕਰੀਬ ਘੰਟਾ ਜਾ ਰਿਹਾ ਹੈ। ਇਸ ਗੁਰੂ ਘਰ ਤੋਂ ਗੁਰੂ ਗ੍ਰੰਥ ਸਾਹਿਬ ਚੁੱਕਣ ਦੀਆਂ ਮਾੜੀਆਂ ਹਰਕਤਾਂ ਹੋਈਆ। ਕਨੈਡਾ ਵਿਚ ਗੁਰੂ ਗ੍ਰੰਥ ਸਾਹਿਬ ਚੁੱਕਵਾਕੇ ਆਪ ਸੰਗਤ ਅਤੇ ਗੁਰੂਘਰ ਦੀ ਮਾਇਆ ਸ਼ਾਬਾਸ਼ ਵਜੋਂ ਦਿੱਤੀ ਗਈ। ਗੁਰੂ ਘਰ ਤੋਂ ਗਲਤ ਬੰਦੇ ਸਪਾਂਸਰ ਹੁਣ ਅਮਰੀਕਾ ਦੀਆਂ ਫਰਾਡ ਏਜੰਸੀਆਂ ਦੀਆ ਵਾਰਨਿੰਗ ਆਈਆ। ਪਿੱਛੇ ਪੰਜਾਬ ਵਿਚ ਆਪਣੇ ਪਿੰਡਾਂ ਨੂੰ ਪੈਸੇ ਭੇਜੇ, ਜਨਾਨੀਆਂ ਦੇ ਨਾਮ ਦੇ ਕੰਮ ਕਰਨ ਦੇ ਚੈੱਕ ਕੱਟ ਕੇ ਪੈਸੇ ਜੇਬ ਵਿਚ ਪਾਏ, ਆਪਣੀਆਂ ਗੱਡੀਆਂ ਦੇ EZ ਪਾਸ ਦੇ ਬਿੱਲ ਗੁਰੂ ਘਰ ਤੋਂ ਦਿੱਤੇ। ਤਿੰਨ ਮਾਰਚ 2013 ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਵ ਤੇ ਲੜਾਈ ਕਰਕੇ ਗੁਰੂ ਘਰ ਨੂੰ ਆਰਥਿਕ ਪੱਖੋਂ ਹੀ ਸੱਟ ਨਹੀਂ ਮਾਰੀ ਬਲਕਿ ਗੁਰੂ ਘਰ ਵੀ ਬੰਦ ਕਰਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ। ਵੱਖਰਾ ਗੁਰੂ ਘਰ ਖੋਲ ਕੇ ਆਪ ਸਪਾਂਸਰ ਬਣਕੇ ਪੈਸੇ ਆਪਣੀਆਂ ਜੇਬਾਂ ਵਿਚ ਪਾਏ। ਸਾਧ ਸੰਗਤ ਜੀ ਇਹ ਸਾਰਾ ਕੁਝ ਪਰੂਫ ਸਾਹਿਤ ਆਪ ਜੀ ਨੂੰ ਪਹਿਲਾਂ ਹੀ ਭੇਜ ਚੁੱਕੇ ਹਾਂ। ਅੱਜ ਟੀ.ਵੀ. ਤੇ ਬੈਠਕੇ ਸਮੁੱਚੀ ਕੌਮ ਨੂੰ ਬਦਨਾਮ ਕਰਨ ਨਾਲ ਅਕਲ ਦਾ ਜਨਾਜਾ ਕੱਢਦੇ ਹੋਏ ਪਿੰਦਰਪਾਲ ਹੋਣੀ ਇਹ ਕਹਿ ਰਹੇ ਕਿ ਨਿਰਮਲ ਸਿੰਘ ਨੇ ਆਪੇ ਡੱਬੇ ਰਖਕੇ ਆਪੇ ਪ੍ਰਧਾਨ ਬਣ ਗਿਆ। ਇਹ ਪਰੂਫ ਨਾਲ ਲਗਾ ਰਹੇ ਹਾਂ। ਇਹਨਾਂ ਦੀ ਸਲੇਟ ਬਲਵੀਰ ਚੌਹਾਨ ਵਾਲੀ ਇਲੈਕਸ਼ਨ ਲੜ ਰਹੀ ਟੀ.ਵੀ., ਅਖਬਾਰਾਂ ਵਿਚ ਜਿਹੜੇ ਇਲੈਕਸ਼ਨ ਲੜਨ ਲਈ ਵੱਡੇ ਵੱਡੇ ਇਸ਼ਤਿਹਾਰ ਦੇ ਰਹੇ ਸਨ ਇਹਨਾਂ ਨੂੰ ਪੁੱਛੋ। ਸਾਰਾ ਦਿਨ ਇਹ ਆਪ ਅਤੇ ਇਹਨਾਂ ਦੇ 2 ਵਕੀਲ ਗੁਰੂ ਘਰ ਵਿਚ ਮੌਜੂਦ ਰਹੇ। ਸੰਗਤ ਦੇ ਫਤਵੇ ਵੀ ਸਾਹਮਣੇ ਹੋਏ ਆਪਣਾ ਸੰਤੁਲਨ ਖੋਹ ਬੈਠੇ ਤੇ ਆਪਣੀ ਅਕਲ ਦਾ ਜਨਾਜਾ ਕੱਢ ਕੇ ਕੌਮ ਨੂੰ ਬਦਨਾਮ ਕਰ ਰਹੇ ਹਨ। ਇਹਨਾਂ ਨੂੰ ਅਸੀਂ ਪੁੱਛਦੇ ਹਾਂ ਕਿ ਇਸ ਇਲੈਕਸ਼ਨ ਵਿਚ ਤੁਸੀਂ ਸਾਰਾ ਕੁੱਝ ਕੀਤਾ ਫਿਰ ਕਹਿੰਦੇ ਕਿ ਆਪੇ ਡੱਬੇ ਰੱਖੇ, ਪਰ ਜਿਹੜੀ ਬਲਵੀਰ ਚੰਦ ਦੀ ਕਮੇਟੀ ਮਰਾਚ 2009 ਵਿਚ ਤੁਸੀ ਬਣਾਕੇ ਦੇਸ਼ ਵਿਦੇਸ਼ ਤੋਂ ਵਧਾਈਆਂ ਲਈਆਂ ਸਨ ਉਹ ਕਿਹੜੀ ਖੁਡ ਵਿਚ ਵੜ ਕੇ ਬਣਾਈ ਸੀ। ਇਸਦੀ ਅਖਬਾਰ ਕਟਿੰਗ ਵੀ ਵੇਖ ਸਕਦੇ ਹੋ। ਸਾਧ ਸੰਗਤ ਜੀ ਇਹਨਾਂ ਵਲੋਂ ਕੀਤੇ ਗੁਰੂ ਘਰ ਅਤੇ ਕੌਮ ਵਿਰੋਧੀ ਕਾਰਨਾਮਿਆ ਦੀ ਲਿਸਟ ਬਹੁਤ ਲੰਬੀ ਹੈ। ਇਹ ਕੁੱਝ ਕੁ ਆਪ ਨਾਲ ਸਾਝੇ ਕੀਤੇ ਹਨ।

ਆਪ ਸਾਧ ਸੰਗਤ ਜੀ ਨੂੰ ਜੋ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ ਹੈ, ਉਸਤੋਂ ਵਾਂਝੇ ਰੱਖਣ ਲਈ ਇਹ ਲੋਕ ਤਰਾਂ ਤਰਾਂ ਦੇ ਹੱਥ ਕੰਡੇ ਵਰਤ ਰਹੇ ਹਨ। ਧਮਕੀਆਂ ਭਰੇ ਲਹਿਜੇ ਵਿਚ ਸੰਮਨ ਕਢਾਉਣ ਦੀਆਂ ਗੱਲਾਂ ਕਰਦੇ ਹਨ। ਇਹਨਾਂ ਸਾਰਿਆਂ ਤੋਂ ਆਪ ਜੀ ਨੂੰ ਸੁਚੇਤ ਰਹਿਣਾ ਇਹ ਕੁਝ ਨਹੀਂ ਕਰ ਸਕਦੇ ਇਨਾਂ ਦੇ ਹਰ ਵਾਰ ਦਾ ਮੁਕਾਬਲਾ ਕਰਨ ਲਈ ਅਸੀਂ ਤਿਆਰ ਹਾਂ। ਤੁਸੀਂ ਆਪਣੇ ਕੀਮਤੀ ਵੋਟ ਦੇ ਅਧਿਕਾਰ ਦੀ ਵਰਤੋਂ ਜਰੂਰ ਕਰਨੀ ਹੈ ਤਾਂ ਕਿ ਇਹੋ ਜਿਹੇ ਕੌਮ ਅਤੇ ਗੁਰੂ ਘਰ ਦੇ ਸਿਧਾਂਤ ਦੇ ਦੋਖੀ ਲੋਕਾਂ ਨੂੰ ਮੂੰਹ ਦੀ ਖਾਣੀ ਪਵੇ। ਅਗਰ ਕਿਸੇ ਨੂੰ ਕੋਈ ਧਮਕੀ ਭਰਿਆ ਫੋਨ ਆਉਂਦਾ ਹੈ ਤੁਸੀਂ ਨਾਲ ਹੀ ਪੁਲੀਸ ਨੂੰ ਫੋਨ ਕਰਕੇ ਇਹਨਾਂ ਦੀ ਸ਼ਿਕਾਇਤ ਦਰਜ ਕਰਵਾਓ। ਸਾਡੇ ਨਾਲ ਤੁਸੀਂ ਕਿਸੇ ਵੀ ਸਮੇਂ ਸਪੰਰਕ ਕਰ ਸਕਦੇ ਹੋ। ਵੋਟ ਐਤਵਾਰ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ ਪੈਣੀ ਹੈ ਆਪਣੇ ਨਾਲ ਆਪਣੀ ਆਈ.ਡੀ. ਅਤੇ ਪਰੂਫ ਆਫ ਐਡਰੈਸ ਜਰੂਰ ਲੈ ਕੇ ਆਉਣਾ ਜੀ।

**ਆਪ ਸੰਗਤ ਤੋਂ ਗੁਰੂ ਘਰ ਸਿਧਾਂਤ ਨੂੰ ਬਚਾਉਣ ਦੇ ਲਈ ਪੂਰਨ ਸਹਿਯੋਗ ਦੀ ਆਸ ਨਾਲ ਆਪ ਜੀ ਦੇ ਦਾਸ ਸ. ਨਿਰਮਲ ਸਿੰਘ ਦੀ ਪੂਰੀ ਸਲੇਟ**

# ਸੈਂਟਰ ਪੱਧਰ ਦੀਆਂ ਸਕੂਲ ਖੇਡਾਂ ਮੰਗੂਪੁਰ ਵਿਖੇ ਕਰਵਾਈਆਂ ਗਈਆਂ

**ਪੋਜੇਵਾਲ ਸਰਾਂ–** ਸ੍ਰੀ ਦਿਨੇਸ਼ ਕੁਮਾਰ ਜਿਲਾ ਸਿਖਿਆ ਅਫਸਰ (ਸ਼:ਸਿ) ਸ਼ਹੀਦ ਭਗਤ ਸਿੰਘ ਨਗਰ ਵੱਲੋਂ ਜਾਰੀ ਹਦਾਇਤਾ



ਅਨੁਸਾਰ ਸਰਕਾਰੀ ਪ੍ਰਾਇਮਰੀ ਸਕੂਲ ਦੀਆਂ ਸੈਂਟਰ ਚੰਦਿਆਣਚੀ ਖੁਰਦ ਦੀਆਂ ਸਕੂਲ ਖੇਡਾਂ ਸਰਕਾਰੀ ਪ੍ਰਾਇਮਰੀ ਸਕੂਲ ਮੰਗੂਪੁਰ ਵਿਖੇ ਕਰਵਾਈਆ ਗਈਆ। ਇਸ ਮੌਕੇ ਕਰਵਾਏ ਮੁਕਾਬਲਿਆ ਵਿਚ ਕਬੱਡੀ ਪੰਜਾਬ ਸਟਾਈਲ ਵਿਚ ਚੰਦਿਆਣੀ ਖੁਰਦ ਨੂੰ ਪਹਿਲਾ ਦੇ ਮਾਹੀਪੁਰ ਨੂਮ ਦੂਸਰਾ ਸਥਾਨ ਮਿਲਿਆ। ਇਸੇ ਤਰਾਂ ਕਬੱਡੀ ਨੈਸ਼ਨਲ ਸਟਾਈਲ ਵਿਚ ਮਾਲੇ-ਵਾਲ ਨੂਮ ਪਹਿਲਾ ਤੇ ਪੈਲੀ ਨੂੰ ਦੂਸਰਾ ਸਥਾਨ ਮਿਲਿਆ।

ਖੋ-ਖੋ ਵਿਚ ਮਾਹੀਪੁਰ ਨੂੰ ਪਹਿਲਾ ਤੇ ਮੰਗੂਪੁਰ ਨੂੰ ਦੂਸਰਾ ਸਥਾਨ ਮਿਲਿਆ।ਇਸੇ ਤਰਾਂ ਐਥਲੈਟਿਕ ਮੁਕਾਬਲਿਆ ਵਿਚ 100 ਦੌੜ ਵਿਚ ਗੁਰਪ੍ਰੀਤ ਮਾਲੇਵਾਲ ਨੂੰ ਪਹਿਲਾ, ਤਲਵੀਰ ਚੰਦਿਆਣੀ ਖੁਰਦ ਨੂੰ ਦੂਸਰਾ ਅਤੇ ਨਰਿੰਦਰ ਮੰਗੂਪੁਰ ਨੂੰ ਤੀਸਰਾ ਸਥਾਨ ਮਿਲਿਆ। ਇਸੇ ਤਰਾਂ 200 ਮੀਟਰ ਦੌੜ ਵਿਚ ਪਰਮਜੀਤ ਮੰਗੂਪੁਰ ਨੂੰ ਪਹਿਲਾ,ਰਾਹੁਲ ਚੰਦਿਆਣੀ ਖੁਰਦ ਨੂੰ ਦੂਸਰਾ ਅਤੇ ਮਾਨਵ ਮਾਹੀਪੁਰ ਨੂੰ ਤੀਸਰਾ ਸਥਾਨ ਮਿਲਿਆ।

ਇਸੇ ਤਰਾਂ ਲੰਮੀ ਛਾਲ ਵਿਚ ਗੁਰਪ੍ਰੀਤ ਮਾਲੇਵਾਲ ਨੂੰ ਪਹਿਲਾ,ਦਿਲਪ੍ਰੀਤ ਚੰਦਿਆਣੀ ਨੂੰ ਦੂਸਰਾ ਅਤੇ ਮਾਨਵ ਮਾਹੀਪੁਰ ਨੂੰ ਤੀਸਰਾ ਸਥਾਨ ਮਿਲਿਆ।

ਇਸ ਮੌਕੇ ਮੈਡਮ ਰਿੰਪੀ ,ਸ੍ਰੀ ਬਲਵੀਰ ਕਟਾਰੀਆ, ਵਿਜੈ ਕੁਮਾਰ, ਸੁਰਿੰਦਰ ਪਾਲ ਸਿੰਘ, ਮੈਡਮ ਜੋਤੀ, ਕੁਲਦੀਪ ਕੁਮਾਰ, ਦਵਿੰਦਰ ਕੁਮਾਰ, ਅਸ਼ੋਕ ਕੁਮਾਰ, ਸੁਰਿੰਦਰ ਪਾਲ ਚੂਹੜਪੁਰ ਆਦਿ ਨੇ ਵੀ ਸ਼ਮੂਲੀਅਤ ਕੀਤਾ।

# ਇਕ ਅਰਜ਼ ਮੇਰੀ

**ਮੇਜਰ ਸਿੰਘ 'ਬੁਢਲਾਡਾ' (94176 42327)**



ਸਿੱਖ ਕੌਮ ਦੇ ਪ੍ਰਚਾਰਕੋ ਇਕ ਅਰਜ ਮੇਰੀ,
ਉਂਜ ਤਾਂ ਤੁਸਾਂ ਨੂੰ ਵਧੇਰੇ ਗਿਆਨ ਭਾਈ।
ਚੰਗਾ ਹੋਇਆ ਕਮਾਂਡ ਸਭਾਂਲ ਤੁਸੀ,
ਆ ਗਏ ਹੋਂ ਵਿਚ ਮੈਦਾਨ ਭਾਈ।
ਬੇੜੀ ਕੌਮ ਦੀ ਸਿਰੇ ਲਾਉਣ ਦੇ ਲਈ,
ਨਾਲ ਜੋੜ ਲਵੋ ਚੰਗੇ ਵਿਦਵਾਨ ਭਾਈ।
ਮਿਲ-ਜੁਲਕੇ ਮਸਲੇ ਹੱਲ ਕਰਲੋ,
ਇਹਦੇ ਵਿਚ ਸਭਨਾਂ ਦੀ ਸ਼ਾਨ ਭਾਈ।
ਦੁਸ਼ਮਣ ਸਾਡਾ ਕਈ ਭੇਸਾਂ ਵਿਚ ਫਿਰਦਾ,
ਕਰਨੀ ਪੈਣੀ ਆਂ ਇਹਦੀ ਪਛਾਣ ਭਾਈ।
ਮੇਜਰ ਜੇ ਧਰਮ ਬਚਾਉਣਾ ਆਪਣਾ,
ਸੰਘਰਸ਼ ਪਿੱਛੇ ਨਾ ਦਿਓ ਜਾਣ ਭਾਈ।
ਖੂਨ ਇਕੱਠਾ ਕਰਕੇ ਸਿੱਖ ਪ੍ਰਚਾਰਕਾਂ ਨੇ,
ਇਕ ਕੌਲ ਵਿਚ ਲਿਆ ਪਾ ਲੋਕੋ!
ਅੱਗੋਂ ਬਾਦਲ ਨੇ ਵੀ ਨਾ ਨਾਂਹ ਕੀਤੀ,
ਮੇਜਰ ਅਧਿਕਾਰੀ ਭੇਜ ਲਿਆ ਮੰਗਵਾ ਲੋਕੋ!

# ਤਖ਼ਤਾਂ ਦੇ ਜਥੇਦਾਰਾਂ ਤੋਂ ਫਿਲਹਾਲ ਅਸਤੀਫ਼ੇ ਨਹੀਂ ਲਏ ਜਾਣਗੇ

**ਅੰਮ੍ਰਿਤਸਰ–** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਮਦਮੀ ਟਕਸਾਲ ਅਤੇ ਸੰਤ ਸਮਾਜ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨਾਲ ਬੰਦ ਕਮਰਾ ਮੀਟਿੰਗ ਦੌਰਾਨ ਤਖ਼ਤਾਂ ਦੇ ਜਥੇਦਾਰਾਂ ਤੋਂ ਅਸਤੀਫ਼ੇ ਲੈਣ ਦੀ ਮੰਗ ਨੂੰ ਅੱਗੇ ਪਾ ਦਿੱਤਾ ਹੈ। ਉਪ ਮੁੱਖ ਮੰਤਰੀ ਨੇ ਮੌਜੂਦਾ ਹਾਲਾਤ ਸੁਖਾਵੇਂ ਬਣਾਉਣ ਲਈ ਧਾਰਮਿਕ ਆਗੂਆਂ ਤੇ ਜਥੇਬੰਦੀਆਂ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੈ।

ਅੱਜ ਇਥੇ ਚੌਕ ਮਹਿਤਾ ਸਥਿਤ ਦਮਦਮੀ ਟਕਸਾਲ ਦੇ ਹੈੱਡ ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿੱਚ ਪੁੱਜੇ ਉਪ ਮੁੱਖ ਮੰਤਰੀ ਨੇ ਬਾਬਾ ਹਰਨਾਮ ਸਿੰਘ ਖਾਲਸਾ ਨਾਲ ਕਰੀਬ ਇਕ ਘੰਟਾ ਮੀਟਿੰਗ ਕੀਤੀ। ਮੀਟਿੰਗ ਤੋਂ ਬਾਅਦ ਉਹ ਮੀਡੀਆ ਨਾਲ ਕੋਈ ਗੱਲ ਕੀਤੇ ਬਗ਼ੈਰ ਚਲੇ ਗਏ। ਦੂਜੇ ਪਾਸੇ ਬਾਬਾ ਹਰਨਾਮ ਸਿੰਘ ਖਾਲਸਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੀਟਿੰਗ ਦੌਰਾਨ ਜਥੇਦਾਰਾਂ ਦੇ ਅਸਤੀਫ਼ਿਆਂ ਦੀ ਮੰਗ ਨੂੰ ਦੁਹਰਾਇਆ ਗਿਆ ਹੈ। ਸੰਤ ਸਮਾਜ ਦਾ ਇਕ ਵਫ਼ਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸਮੇਤ ਅਕਾਲੀ ਆਗੂਆਂ ਨੂੰ ਮਿਲ ਕੇ ਤਖ਼ਤਾਂ ਦੇ ਜਥੇਦਾਰਾਂ ਨੂੰ ਹਟਾਉਣ ਅਤੇ ਨਵੇਂ ਜਥੇਦਾਰ ਨਿਯੁਕਤ ਕਰਨ ਦੀ ਮੰਗ ਕਰ ਚੁੱਕਾ ਹੈ। ਅੱਜ ਉਨ੍ਹਾਂ ਆਪਣੀ ਇਸ ਮੰਗ ਨੂੰ ਦੁਹਰਾਇਆ ਅਤੇ ਆਖਿਆ ਕਿ ਜਥੇਦਾਰਾਂ ਦੇ ਅਸਤੀਫ਼ਿਆਂ ਨਾਲ ਹੀ ਸਥਿਤੀ ਸ਼ਾਂਤ ਹੋ ਸਕਦੀ ਹੈ ਕਿਉਂਕਿ ਇਸ ਵੇਲੇ ਸਿੱਖ ਸੰਗਤਾਂ ਵਿੱਚ ਜਥੇਦਾਰਾਂ ਖ਼ਿਲਾਫ਼ ਰੋਹ ਹੈ। ਇਸ ਲਈ ਜਥੇਦਾਰਾਂ ਦੇ ਅਸਤੀਫ਼ੇ ਲੈਕੇ ਉਨ੍ਹਾਂ ਦੀ ਥਾਂ ਕਾਰਜਕਾਰੀ ਜਥੇਦਾਰ ਨਿਯੁਕਤ ਕੀਤੇ ਜਾਣ। ਉਨ੍ਹਾਂ ਦੱਸਿਆ ਕਿ ਉਪ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਇਸ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

ਸ੍ਰੀ ਬਾਦਲ ਨੇ ਉਨ੍ਹਾਂ ਨੂੰ ਅਪੀਲ ਕੀਤੀ ਹੈ ਕਿ ਮਾਹੌਲ ਸ਼ਾਂਤ ਕਰਨ ਲਈ ਸਹਿਯੋਗ ਦਿੱਤਾ ਜਾਵੇ। ਇਸ ਸਬੰਧ ਵਿਚ ਧਾਰਮਿਕ ਆਗੂ ਅਰਦਾਸ ਸਮਾਗਮ ਕਰਾਉਣ ਅਤੇ ਸੰਗਤਾਂ ਨਾਲ ਨੇੜਲਾ ਸੰਪਰਕ ਬਣਾਉਣ। ਉਨ੍ਹਾਂ ਨੇ ਪਾਵਨ ਸਰੂਪ ਦੀ ਬੇਅਦਬੀ ਦੀਆਂ ਘਟਨਾਵਾਂ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਤੇ ਧਾਰਮਿਕ ਆਗੂ ਨੂੰ ਆਖਿਆ ਕਿ ਉਹ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਗੁਰਦੁਆਰਾ ਕਮੇਟੀਆਂ ਅਤੇ ਸੰਗਤਾਂ ਨੂੰ ਚੌਕਸ ਕਰਨ। ਇਸ ਦੌਰਾਨ ਟਕਸਾਲ ਮੁਖੀ ਨੇ ਮੰਗ ਰੱਖੀ ਕਿ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਵੀ ਸੀਬੀਆਈ ਨੂੰ ਸੌਂਪੀ ਜਾਵੇ ਤੇ ਉਪ ਮੁੱਖ ਮੰਤਰੀ ਨੇ ਇਸ ਮੰਗ 'ਤੇ ਵਿਚਾਰ ਕਰਨ ਦਾ ਭਰੋਸਾ ਦਿੱਤਾ। ਟਕਸਾਲ ਮੁਖੀ ਨੇ ਦੱਸਿਆ ਕਿ ਮੀਟਿੰਗ ਦੌਰਾਨ ਸਰਬੱਤ ਖਾਲਸਾ ਬਾਰੇ ਵੀ ਚਰਚਾ ਹੋਈ ਹੈ ਤੇ ਉਨ੍ਹਾਂ ਨੇ ਸੁਝਾਅ ਦਿੱਤਾ ਕਿ ਜੇਕਰ ਜਥੇਦਾਰਾਂ ਨੂੰ ਹਟਾਉਣ ਦੀ ਕਾਰਵਾਈ ਨੂੰ ਅੰਜਾਮ ਦਿੱਤਾ ਜਾਂਦਾ ਹੈ ਤਾਂ ਸਰਬੱਤ ਖਾਲਸਾ ਵਿੱਚ ਸ਼ਾਮਲ ਮੁੱਖ ਮੰਗ ਪੂਰੀ ਹੋ ਜਾਵੇਗੀ ਅਤੇ ਸਰਬੱਤ ਖਾਲਸਾ ਦਾ ਮੰਤਵ ਪੂਰਾ ਹੋ ਜਾਵੇਗਾ। ਉਪ ਮੁੱਖ ਮੰਤਰੀ ਨੇ ਮੀਟਿੰਗ ਦੌਰਾਨ ਪਿੰਡ ਮੱਲਕੇ ਵਿੱਖੇ ਬੇਅਦਬੀ ਦੀ ਘਟਨਾ 'ਤੇ ਵੀ ਚਿੰਤਾ ਦਾ ਪ੍ਰਗਟਾਵਾ ਕੀਤਾ।

# ਲਾਹੌਰ ਸ਼ਾਜਿਸ਼ ਕੇਸ ਦੇ ਸ਼ਤਾਬਦੀ ਪ੍ਰੋਗਰਾਮਾਂ ਦੀ ਸ਼ੁਰੂਆਤ

**ਪਟਿਆਲਾ–** ਦੇਸ਼ ਦੀ ਅਜ਼ਾਦੀ ਦੀ ਲਹਿਰ ਨੂੰ ਸ਼ੁਰੂ ਕਰਨ ਦਾ ਮਾਣ ਗ਼ਦਰੀਆਂ ਨੂੰ ਜਾਂਦਾ ਹੈ ਜਿਨ੍ਹਾਂ ਨਸਲੀ ਵਿਤਕਰੇ ਦੇ ਖ਼ਿਲਾਫ ਆਵਾਜ਼ ਬੁਲੰਦ ਕਰਕੇ ਦੇਸ਼ ਵਾਸੀਆਂ ਨੂੰ ਜਾਗ੍ਰਤ ਕੀਤਾ। ਪੰਜਾਬ ਦੇ ਨੇਤਾ ਅਤੇ ਰਾਜਨੀਤਕ ਪਾਰਟੀਆਂ ਆਪਣੇ ਇਤਿਹਾਸਕ ਵਿਰਸੇ ਅਤੇ ਸੁਤੰਤਰਤਾ ਸੰਗਰਾਮੀਆਂ ਨੂੰ ਭੁੱਲ ਗਏ ਹਨ, ਇਸ ਲਈ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨ ਟਰੱਸਟ ਕੈਨੇਡਾ ਗ਼ਦਰੀ ਯੋਧਿਆਂ ਦੇ ਯੋਗਦਾਨ ਨੂੰ ਆਮ ਲੋਕਾਂ ਤੱਕ ਪਹੁੰਚਾਕੇ ਮਹੱਤਵਪੂਰਨ ਕੰਮ ਕਰਨ ਦਾ ਫ਼ੈਸਲਾ ਕੀਤਾ ਹੈ ਕਿਉਂਕਿ ਇਤਿਹਾਸ ਵਿਚ ਇਤਿਹਾਸਕਾਰਾਂ ਨੇ ਗ਼ਦਰੀ ਆਜ਼ਾਦੀ ਸੰਗਰਾਮੀਆਂ ਨੂੰ ਯੋਗ ਸਥਾਨ ਤਾਂ ਕੀ ਦੇਣਾ ਸੀ ਸਗੋਂ ਅਣਡਿਠ ਕੀਤਾ ਗਿਆ ਹੈ। ਸਿੱਖ ਵਿਦਵਾਨ ਵੀ ਆਪਣਾ ਫ਼ਰਜ ਨਿਭਾਉਣ ਵਿਚ ਅਸਫਲ ਰਹੇ ਹਨ। ਇਹ ਸਮਾਗਮ ਲਾਹੌਰ ਸ਼ਾਜਸ਼ ਕੇਸ ਦੀ ਪਹਿਲੀ ਸ਼ਤਾਬਦੀ ਨੂੰ ਮਨਾਉਣ ਲਈ ਆਯੋਜਤ ਕੀਤਾ ਜਾ ਰਿਹਾ ਹੈ। ਲਾਹੌਰ ਸ਼ਾਜਸ਼ ਕੇਸ ਵਿਚ ਅਣਗਿਣਤ ਪੰਜਾਬੀਆਂ ਨੂੰ ਫ਼ਾਂਸੀ ਦੀ ਸਜ਼ਾ ਹੋਈ ਸੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰ. ਜੈਤੇਗ ਸਿੰਘ ਅਨੰਤ ਸਕੱਤਰ ਜਨਰਲ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਨੇ ਭਾਸ਼ਾ ਭਵਨ ਪਟਿਆਲਾ ਵਿਖੇ ਬੋਲਦਿਆਂ ਕੀਤਾ। ਇਸ ਮੌਕੇ ਤੇ ਡਾ.ਜਸਪਾਲ ਸਿੰਘ ਉਪ ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਵੱਲੋਂ ਸਮਾਜ ਦੇ ਵੱਖ -ਵੱਖ ਖੇਤਰਾਂ ਵਿਚ ਵਿਲੱਖਣ ਕੰਮ ਕਰਨ ਵਾਲੇ ਨਾਮਵਰ ਸਿੱਖ ਵਿਦਵਾਨਾਂ ਅਤੇ ਚਿੰਤਕਾਂ ਜਿਨ੍ਹਾਂ ਵਿਚ ਡਾ.ਬੇਅੰਤ ਸਿੰਘ ਦਿੱਲੀ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਲਾਈਫ ਟਾਈਮ, ਪ੍ਰਿੰਸੀਪਲ ਇੰਦਰਜੀਤ ਸਿੰਘ ਵਾਸੂ ਫਗਵਾੜਾ ਨੂੰ ਬਾਬਾ ਨਿਧਾਨ ਚੁੱਘਾ ਲਾਈਫ ਟਾਈਮ, ਪ੍ਰੋ.ਹਿੰਮਤ ਸਿੰਘ ਪਟਿਆਲਾ ਨੂੰ ਬਾਬਾ ਵਿਸਾਖਾ ਸਿੰਘ ਲਾਈਫ਼ ਟਾਈਮ ਅਤੇ ਡਾ.ਬਲਵਿੰਦਰ ਕੌਰ ਸਿੱਧੂ ਬਠਿੰਡਾ ਨੂੰ ਯਾਦਗਾਰੀ ਅਵਾਰਡ ਦੇ ਕੇ ਸਨਮਾਨਤ ਕੀਤਾ। ਡਾ.ਬੇਅੰਤ ਸਿੰਘ ਬਿਮਾਰ ਹੋਣ ਕਰਕੇ ਆ ਨਹੀਂ ਸਕੇ ਉਨ੍ਹਾਂ ਦੀ ਥਾਂ ਉਨ੍ਹਾਂ ਦੀ ਲੜਕੀ ਤੇਜਿੰਦਰ ਕੌਰ ਨੇ ਸਨਮਾਨ ਪ੍ਰਾਪਤ ਕੀਤਾ। ਇਹ ਸਮਾਗਮ ਇਸ ਟਰੱਸਟ ਦੇ ਇੰਡੀਆ ਚੈਪਟਰ ਵੱਲੋਂ ਆਯੋਜਤ ਕੀਤਾ ਗਿਆ ਹੈ, ਜਿਸ ਵਿਚ ਭਾਰਤ ਅਤੇ ਕੈਨੇਡਾ, ਫ਼ਰਾਂਸ, ਇੰਗਲੈਂਡ ਅਤੇ ਹਾਂਗਕਾਂਗ ਵਿਚੋਂ ਪ੍ਰਤੀਨਿਧ ਸ਼ਾਮਲ ਹੋਏ ਹਨ। ਡਾ.ਜਸਪਾਲ ਸਿੰਘ ਨੇ ਕਿਹਾ ਕਿ ਇਤਿਹਾਸਕਾਰਾਂ ਨੇ ਗ਼ਦਰ ਮੂਵਮੈਂਟ ਨਾਲ ਉਨ੍ਹਾਂ ਨੂੰ ਇਤਿਹਾਸ ਵਿਚ ਯੋਗ ਥਾਂ ਨਾ ਦੇ ਕੇ ਬੇਇਨਸਾਫੀ ਕੀਤੀ ਹੈ। ਗ਼ਦਰੀਆਂ ਨੇ ਭਾਰਤ ਦੀ ਆਜ਼ਾਦੀ ਦੀ ਲਹਿਰ ਨੂੰ ਅੰਤਰ-ਰਾਸ਼ਟਰੀ ਪੱਧਰ ਤੇ ਮਾਣਤਾ ਦਿਵਾਈ ਹੈ ਪ੍ਰੰਤੂ ਫਿਰ ਵੀ ਇਤਿਹਾਸਕਾਰਾਂ ਨੇ ਉਨ੍ਹਾਂ ਨੂੰ ਬਣਦਾ ਮਾਣ ਸਨਮਾਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਗ਼ਦਰ ਲਹਿਰ ਨੂੰ ਇਤਿਹਾਸਕ ਕਾਨਫਰੰਸਾਂ ਦਾ ਹਿੱਸਾ ਬਣਾਏਗੀ। ਉਨ੍ਹਾਂ ਅੱਗੋਂ ਕਿਹਾ ਕਿ ਪੰਜਾਬੀਆਂ ਖਾਸ ਤੌਰ ਤੇ ਸਿੱਖਾਂ ਨੇ ਆਪਣੀ ਆਬਾਦੀ ਦੇ ਅਨੁਪਾਤ ਤੋਂ ਕਿਤੇ ਜ਼ਿਆਦਾ ਸੁਤੰਤਰਤਾ ਲਹਿਰ ਵਿਚ ਹਿੱਸਾ ਪਾਇਆ ਹੈ। ਇਸ ਮੌਕੇ ਤੇ ਨਾਮਵਰ ਵਿਦਵਾਨ ਡਾ.ਬਲਕਾਰ ਸਿੰਘ ਵੀ ਹਾਜ਼ਰ ਸਨ।

ਇਸ ਮੌਕੇ ਤੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਰੂਹੇ ਰਵਾਂ ਜੈਤੇਗ ਸਿੰਘ ਅਨੰਤ ਨੇ ਕਿਹਾ ਕਿ 30 ਅਕਤੂਬਰ 1915 ਨੂੰ ਇਹ ਕੇਸ ਸ਼ੁਰੂ ਹੋਇਆ ਸੀ ਗ਼ਦਰੀਆਂ ਨੂੰ ਰੇਲ ਗੱਡੀ 29 ਅਕਤੂਬਰ ਨੂੰ ਲੁਧਿਆਣਾ ਤੋਂ ਲਾਹੌਰ ਲਈ ਲੈ ਕੇ ਚਲੀ ਸੀ। ਉਨ੍ਹਾਂ ਕਿਹਾ ਕਿ ਸ਼ਤਾਬਦੀ ਮਨਾਉਣ ਦੇ ਪ੍ਰੋਗਰਾਮ ਸਾਰਾ ਸਾਲ ਭਾਰਤ, ਪਾਕਿਸਤਾਨ, ਫ਼ਰਾਂਸ, ਇਟਲੀ, ਕੈਨੇਡਾ, ਅਮਰੀਕਾ ਅਤੇ ਹਾਂਗਕਾਂਗ ਵਿਚ ਆਯੋਜਤ ਕੀਤੇ ਜਾਣਗੇ। ਇਸ ਸਮਾਗਮ




ਵਿਚ ਜਗਜੀਤ ਸਿੰਘ ਤੱਖੜ, ਜੈਤੇਗ ਸਿੰਘ ਅਨੰਤ ਅਤੇ ਮਨੋਹਰ ਸਿੰਘ ਕੈਨੇਡਾ ਤੋਂ ਅਤੇ ਦਲਜਿੰਦਰ ਸਿੰਘ ਘੁੰਮਣ ਫਰਾਂਸ ਅਤੇ ਦਿਆਪਾਲ ਸਿੰਘ ਇੰਗਲੈਂਡ ਤੋਂ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਉਜਾਗਰ ਸਿੰਘ ਈਵੈਂਟ ਕੋਆਰਡੀਨੇਟਰ ਨੇ ਆਏ ਮਹਿਮਾਨਾ ਦਾ ਸਵਾਗਤ ਕਰਦਿਆਂ ਕਿਹਾ ਕਿ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਇੰਡੀਆ ਚੈਪਟਰ ਵੱਲੋਂ ਸਮੁਚੇ ਦੇਸ਼ ਦੇ ਵੱਖ-ਵੱਖ ਰਾਜਾਂ ਵਿਚ ਅਜਿਹੇ ਸਮਾਗਮ ਖਾਸ ਤੌਰ ਤੇ ਸਕੂਲਾਂ ਅਤੇ ਯੂਨੀਵਰਸਿਟੀਆਂ ਵਿਚ ਆਯੋਜਤ ਕੀਤੇ ਜਾਣਗੇ ਤਾਂ ਜੋ ਨੌਜਵਾਨਾਂ ਨੂੰ ਆਪਣੇ ਵਿਰਸੇ ਤੋਂ ਜਾਣੂੰ ਕਰਵਾਇਆ ਜਾ ਸਕੇ।

ਇਸ ਮੌਕੇ ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਜਗਜੀਤ ਸਿੰਘ ਦਰਦੀ ਚੇਅਰਮੈਨ ਚੜਦੀ ਕਲਾ ਟਾਈਮ ਟੀ.ਵੀ. ਨੇ ਹਰਿਦਰਸ਼ਨ ਮੈਮੋਰੀਅਲ ਟਰੱਸਟ ਵੱਲੋਂ ਜੈਤੇਗ ਸਿੰਘ ਅਨੰਤ ਦੀ ਅਗਵਾਈ ਵਿਚ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਉਹ ਸਮੇਂ ਦੀ ਮੰਗ ਅਨੁਸਾਰ ਨੌਜਵਾਨਾ ਨੂੰ ਲਾਮਬੰਦ ਕਰ ਰਹੇ ਹਨ। ਡਾ.ਗੁਰਮੀਤ ਸਿੰਘ ਸਿੱਧੂ ਧਰਮ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ ਨੇ ਗ਼ਦਰ ਮੂਵਮੈਂਟ ਬਾਰੇ ਮੁਖ ਭਾਸ਼ਣ ਦਿੱਤਾ ਅਤੇ ਇਸ ਲਹਿਰ ਦੇ ਅਜ਼ਾਦੀ ਦੇ ਸੰਗਰਾਮ ਵਿਚ ਪਾਏ ਯੋਗਦਾਨ ਨੂੰ ਵਿਲੱਖਣ ਕਿਹਾ। ਡਾ.ਐਸ.ਐਸ.ਰੇਖੀ, ਪ੍ਰਿੰਸੀਪਲ ਇੰਦਰਜੀਤ ਸਿੰਘ ਪ੍ਰੋ.ਹਿੰਮਤ ਸਿੰਘ, ਦਲਜਿੰਦਰ ਸਿੰਘ, ਦਿਆਪਾਲ ਸਿੰਘ ਅਤੇ ਡਾ.ਬਲਵਿੰਦਰ ਕੌਰ ਸਿੱਧੂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਡਾ.ਦਰਸ਼ਨ ਸਿੰਘ ਆਸ਼ਟ ਨੇ ਸਟੇਜ ਸਕੱਤਰ ਦੇ ਫਰਜ ਨਿਭਾਏ।

# ਜਸਟਿਸ ਟੀ ਐਸ ਠਾਕੁਰ ਹੋਣਗੇ ਭਾਰਤ ਦੇ ਅਗਲੇ ਚੀਫ ਜਸਟਿਸ

**ਨਵੀਂ ਦਿੱਲੀ–** ਜਸਟਿਸ ਟੀ ਐਸ ਠਾਕੁਰ ਦੇਸ਼ ਦੇ ਅਗਲੇ ਚੀਫ ਜਸਟਿਸ ਹੋਣਗੇ। ਉਹ ਮੌਜੂਦਾ ਚੀਫ ਜਸਟਿਸ ਐਚਐਲ ਦੱਤੂ ਦੀ ਥਾਂ ਲੈਣਗੇ, ਜਿਨ੍ਹਾਂ ਨੇ ਇਸ ਸਾਲ 2 ਦਸੰਬਰ ਨੂੰ ਸੇਵਾਮੁਕਤ ਹੋਣਾ ਹੈ। ਜਸਟਿਸ ਠਾਕੁਰ ਇਸ ਅਹੁਦੇ 'ਤੇ 4 ਜਨਵਰੀ 2017 ਤੱਕ 13 ਮਹੀਨਿਆਂ ਲਈ ਰਹਿਣਗੇ। ਸੂਤਰਾਂ ਮੁਤਾਬਕ ਚੀਫ ਜਸਟਿਸ ਦੱਤੂ ਨੇ ਅਗਲੇ ਚੀਫ ਜਸਟਿਸ ਵੱਜੋਂ ਜਸਟਿਸ ਠਾਕੁਰ ਦੇ ਨਾਮ ਦੀ ਸਿਫ਼ਾਰਸ਼ ਰਾਸ਼ਟਰਪਤੀ ਪ੍ਰਣਬ ਮੁਖਰਜੀ ਕੋਲ ਭੇਜ ਦਿੱਤੀ ਹੈ।

ਜਸਟਿਸ ਠਾਕੁਰ ਸੁਪਰੀਮ ਕੋਰਟ ਦੇ ਜੱਜ ਬਣਨ ਤੋਂ ਪਹਿਲਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਸਨ। ਉਹ ਦਿੱਲੀ ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਵੱਜੋਂ ਚਾਰ ਮਹੀਨਿਆਂ ਲਈ ਵੀ ਕੰਮ ਕਰ ਚੁੱਕੇ ਹਨ। ਇਸ ਤੋਂ ਇਲਾਵਾ ਉਹ ਜੰਮੂ ਕਸ਼ਮੀਰ ਤੇ ਕਰਨਾਟਕ ਹਾਈ ਕੋਰਟਾਂ ਵਿੱਚ ਵੀ ਸੇਵਾ ਨਿਭਾਅ ਚੁੱਕੇ ਹਨ। ਉਨ੍ਹਾਂ ਦਾ ਜਨਮ4 ਜਨਵਰੀ 1952 ਨੂੰ ਹੋਇਆ ਸੀ ਤੇ ਉਨ੍ਹਾਂ ਦੇ ਪਿਤਾ ਡੀਡੀ ਠਾਕੁਰ ਵੀ ਉੱਘੇ ਵਕੀਲ ਤੇ ਜੰਮੂ ਕਸ਼ਮੀਰ ਹਾਈ ਕੋਰਟ ਦੇ ਜੱਜ ਸਨ।

# ਰਾਖਵਾਂਕਰਨ ਦਾ ਮੁੱਦਾ ਅਤੇ ਇਸ ਨਾਲ ਜੁੜੇ ਸਵਾਲ

**(ਸਫਾ 10 ਦੀ ਬਾਕੀ)** ਯੋਗ ਪਿੱਛੇ ਰਹਿ ਜਾਂਦੇ ਹਨ, ਜਿਸ ਨਾਲ ਦੇਸ਼ ਦੀ ਉਨਤੀ ਨੂੰ ਭਾਰੀ ਧੱਕਾ ਲੱਗਦਾ ਹੈ। ਇਹ ਵੀ ਸਹੀ ਨਹੀਂ ਹੈ। ਜਿਨ੍ਹਾਂ ਨੂੰ ਅੱਜ 'ਅਯੋਗ' ਕਰਾਰ ਦਿੱਤਾ ਜਾ ਰਿਹਾ ਹੈ ਇਹ ਤਾਂ ਛੇ ਕੁ ਦਹਾਕਿਆਂ ਤੋਂ ਹੋਂਦ ਵਿਚ ਆਉਣੇ ਸ਼ੁਰੂ ਹੋਏ ਹਨ ਅਤੇ ਉਹਨਾਂ ਨੂੰ 'ਅਯੋਗਤਾ' ਕਾਰਨ ਹੀ ਰਾਜ ਪ੍ਰਬੰਧ ਦੇ ਮਹੱਤਵਪੂਰਨ ਸਥਾਨਾਂ ਤੇ ਲਾਉਣ ਲੱਗਿਆਂ ਹਾਲੇ ਵੀ ਪਰਹੇਜ਼ ਕੀਤਾ ਜਾਂਦਾ ਹੈ। ਫਿਰ ਪੁੱਛਿਆ ਜਾ ਸਕਦਾ ਹੈ ਕਿ ਲੰਬੇ ਸਮੇਂ ਤੋਂ ਦੇਸ਼ ਇਹਨਾਂ 'ਯੋਗ' ਵਿਅਕਤੀਆਂ ਦੇ ਕਬਜ਼ੇ ਹੇਠ ਰਿਹਾ ਤਾਂ ਦੇਸ਼ ਨੇ ਇੰਨੀ ਗਰੀਬੀ, ਗੁਲਾਮੀ ਅਤੇ ਲਾਚਾਰੀ ਕਿਉਂ ਭੋਗੀ? ਕਿਉਂ ਅੱਜ ਤੱਕ ਸੰਸਾਰ ਪੱਧਰ ਤੇ ਕੋਈ ਗਿਣਨਯੋਗ ਪ੍ਰਾਪਤੀ ਨਹੀਂ ਕੀਤੀ? ਇਹੀ ਕਥਿਤ 'ਯੋਗ' ਵਿਅਕਤੀ ਅੰਗਰੇਜ਼ਾਂ ਦੇ ਰਾਜ ਵੇਲੇ ਅਯੋਗ ਮੰਨੇ ਜਾਣ ਕਾਰਨ ਉੱਚੇ ਅਹੁਦਿਆਂ 'ਤੇ ਨਹੀਂ ਸੀ ਲਾਏ ਜਾਂਦੇ। ਅੱਜ ਦੇ ਗਰਦਾਨੇ ਗਏ 'ਅਯੋਗ' ਤਾਂ ਮਿਹਨਤ ਮੁਸ਼ੱਕਤ ਕਰਦਿਆਂ ਭੁੱਖ ਤੇ ਗਰੀਬੀ ਨਾਲ ਜੂਝਦਿਆਂ ਫਿਰ ਵੀ ਸਾਰੇ ਇਮਤਿਹਾਨ ਪਾਸ ਕਰਕੇ ਅੱਗੇ ਆਉਂਦੇ ਹਨ ਪਰ ਅਮੀਰਾਂ ਲਈ ਤਾਂ ਕਈ ਹੋਰ ਰਸਤੇ ਵੀ ਅਸਿੱਧੇ ਤੌਰ 'ਤੇ ਖੁੱਲ੍ਹੇ ਹਨ। ਲੱਖਾਂ ਕਰੋੜਾਂ ਦੇ ਕੇ 'ਪੇਡ ਸੀਟਾਂ' ਰਾਹੀਂ ਰਾਖਵਾਂਕਰਨ ਪ੍ਰਾਪਤ ਕਰ ਲੈਂਦੇ ਹਨ ਜਾਂ ਫਿਰ 'ਵਿਆਪਮ' ਵਰਗੇ ਰਸਤੇ ਪੈਸਿਆਂ ਅਤੇ ਅਸਰ-ਰਸੂਖ ਦੇ ਜ਼ਰੀਏ ਪੈਦਾ ਕਰ ਲਏ ਜਾਂਦੇ ਹਨ। ਜੇ ਇਹ ਕਥਿਤ ਯੋਗ ਵਿਅਕਤੀ ਸਹੀ ਰਸਤੇ ਰਾਹੀਂ ਆਉਂਦੇ ਵੀ ਹਨ ਤਾਂ ਇਹਨਾਂ ਲਈ ਵਧੀਆ ਸਕੂਲ, ਵਧੀਆ ਟਿਊਸ਼ਨਾਂ, ਵਧੀਆ ਮਾਹੌਲ, ਬਿਨਾਂ ਕਿਸੇ ਪ੍ਰੇਸ਼ਾਨੀ ਤੋਂ ਪੜ੍ਹਾਈ ਕਰ ਲੈਣ ਕਰਕੇ ਸੰਭਵ ਹੈ ਪਰ ਮੁਕਾਬਲੇ ਵਿਚ ਦੂਜੇ ਪਾਸੇ ਘੱਟ ਸਟਾਫ ਵਾਲੇ ਸਰਕਾਰੀ ਸਕੂਲ, ਗਰੀਬੀ, ਭੁੱਖਮਰੀ, ਮਿਹਨਤ ਮਜ਼ਦੂਰੀ ਵਾਲੀ ਪ੍ਰੇਸ਼ਾਨੀ ਨਾਲ ਭਰਪੂਰ ਮਾਹੌਲ ਹੈ। ਇਹ ਕਿਹੋ ਜਿਹਾ ਮੁਕਾਬਲਾ ਹੈ? ਕਿਹੋ ਜਿਹੀ 'ਯੋਗਤਾ' ਅਤੇ 'ਅਯੋਗਤਾ' ਹੈ?

ਇਕ ਹੋਰ ਨੁਕਤਾ ਰਾਖਵੇਂਕਰਨ ਦੇ ਵਿਰੋਧ ਵਿਚ ਇਹ ਉਠਾਇਆ ਜਾਂਦਾ ਹੈ ਕਿ ਰਾਖਵਾਂਕਰਨ ਡਾ. ਅੰਬੇਡਕਰ ਵੱਲੋਂ ਦਸ ਸਾਲਾਂ ਲਈ ਕੀਤਾ ਗਿਆ ਸੀ, ਫਿਰ ਕਿਉਂ ਹਾਲੇ ਤੱਕ ਜਾਰੀ ਹੈ। ਦਰਅਸਲ ਦਸ ਸਾਲਾਂ ਲਈ ਰਾਜਨੀਤਿਕ ਰਾਖਵਾਂਕਰਨ ਦਿੱਤਾ ਗਿਆ ਸੀ। ਵਿੱਦਿਆ ਅਤੇ ਨੌਕਰੀਆਂ ਵਿਚ ਰਾਖਵਾਂਕਰਨ ਬਰਾਬਰਤਾ ਆਉਣ ਤੱਕ ਜਾਰੀ ਰਹੇਗਾ। ਇਹ ਸਮੇਂ ਦੀਆਂ ਸਰਕਾਰਾਂ ਨੇ ਸੋਚਣਾ ਹੈ ਕਿ ਕਿੰਨੀ ਜਲਦੀ ਬਰਾਬਰਤਾ ਪੈਦਾ ਕਰਨੀ ਹੈ।

ਉਪਰੋਕਤ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਾਤ ਪਾਤ ਪੈਦਾ ਕਰਕੇ ਇਸਦੇ ਨਤੀਜਿਆਂ ਤੋਂ ਲਾਭ ਕੋਈ ਹੋਰ ਲੈ ਰਿਹਾ ਹੈ ਅਤੇ ਇਸਦਾ ਨੁਕਸਾਨ ਉਠਾਉਣ ਵਾਲਿਆਂ ਪ੍ਰਤੀ ਰੌਲਾ ਪਾਇਆ ਜਾਂਦਾ ਹੈ ਕਿ ਉਹ ਦੇਸ਼ ਦਾ ਸਭ ਕੁਝ ਹੜੱਪ ਕਰ ਰਹੇ ਹਨ। ਇਹ ਕੈਸੀ ਵਿਡੰਬਣਾ ਹੈ! ਸ਼ੋਰ ਸ਼ਰਾਬਾ ਇੰਨਾ ਪਾਇਆ ਜਾਂਦਾ ਹੈ ਕਿ ਅਸਲੀਅਤ ਗੁਆਚ ਕੇ ਰਹਿ ਜਾਂਦੀ ਹੈ। ਸੰਸਾਰੀਕਰਨ, ਨਿੱਜੀਕਰਨ ਦੀ ਆੜ ਵਿਚ ਪ੍ਰਚੱਲਿਤ ਰਾਖਵੇਂਕਰਨ ਦੇ ਪਰਖਚੇ ਉਡਾਏ ਜਾ ਰਹੇ ਹਨ ਜਿਸ ਅਧੀਨ ਸਰਕਾਰੀ ਨੌਕਰੀਆਂ ਦਾ ਭੋਗ ਪਾ ਕੇ ਪ੍ਰਾਈਵੇਟ ਕੀਤਾ ਜਾ ਰਿਹਾ ਹੈ, ਜਿਸ ਵਿਚ ਰਾਖਵਾਂਕਰਨ ਉਡਾ ਦਿੱਤਾ ਗਿਆ ਹੈ। ਤਰੱਕੀਆਂ ਵਿਚ ਰਾਖਵਾਂਕਰਨ ਬੰਦ ਕਰ ਦਿੱਤਾ ਹੈ। ਗਵਰਨਰ, ਵਾਈਸ ਚਾਂਸਲਰ, ਜੱਜ, ਅੰਬੈਸਡਰ ਵਰਗੇ ਉੱਚ ਅਹੁਦਿਆਂ ਵਿਚ ਵੀ ਰਾਖਵਾਂਕਰਨ ਲਾਗੂ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਜ਼ਮੀਨ, ਉਦਯੋਗ, ਵਪਾਰ ਆਦਿ ਵਿਚ ਵੀ ਪ੍ਰਤੀਨਿਧਤਾ ਦਿੱਤੀ ਜਾਣੀ ਬਣਦੀ ਹੈ।

ਇਹ ਸਾਰਾ ਕੁਝ ਐਕਟ ਰਾਹੀਂ ਸਖ਼ਤੀ ਨਾਲ ਲਾਗੂ ਹੋਣਾ ਚਾਹੀਦਾ ਹੈ ਅਤੇ ਜਾਣ-ਬੁੱਝ ਕੇ ਰੁਕਾਵਟਾਂ ਪਾਉਣ ਵਾਲੇ ਨੂੰ ਐਕਟ ਵਿਚ ਸਜ਼ਾ ਦਾ ਪ੍ਰਾਵਧਾਨ ਹੋਣਾ ਚਾਹੀਦਾ ਹੈ।

ਅੱਜ ਮੀਡੀਆ ਦਾ ਯੁੱਗ ਹੈ। ਬਹੁਜਨ ਸਮਾਜ ਦਾ ਮੀਡੀਆ ਵਿਚ ਹਿੱਸਾ ਨਾਮਾਤਰ ਹੀ ਹੈ ਪਰ ਇਹ ਸੋਸ਼ਲ ਮੀਡੀਆ ਰਾਹੀਂ ਲੋਕਾਂ ਵਿਚ ਜਾਗ੍ਰਿਤੀ ਦਾ ਕੰਮ ਕਰ ਸਕਦਾ ਹੈ। ਇਸ ਵਿਚ ਸਾਵਧਾਨੀ ਦੀ ਅਤਿਅੰਤ ਲੋੜ ਹੈ। ਪਿੱਛੇ ਜਿਹੇ ਕਿਸੇ ਸ਼ਰਾਰਤੀ ਅਨਸਰ ਨੇ ਭੜਕਾਹਟ ਪੈਦਾ ਕਰਨ ਲਈ ਰਾਖਵੇਂਕਰਨ ਅਤੇ ਡਾ. ਅੰਬੇਡਕਰ ਦੇ ਖ਼ਿਲਾਫ ਸੋਸ਼ਲ ਮੀਡੀਆ ਵਿਚ ਬਹੁਤ ਕੁਝ ਭੱਦਾ ਲਿਖਿਆ। ਬਾਅਦ ਵਿਚ ਇਸ ਲਿਖਣ ਵਾਲੇ ਵਿਅਕਤੀ ਦੀ ਸੜੀ ਹੋਈ ਲਾਸ਼ ਤਸਵੀਰਾਂ ਰਾਹੀਂ ਸੋਸ਼ਲ ਮੀਡੀਆ ਤੇ ਪਾ ਦਿੱਤੀ ਗਈ, ਜਿਸਦੀ ਜ਼ਿੰਮੇਵਾਰੀ ਰਾਖਵਾਂਕਰਨ ਪੱਖੀਆਂ 'ਤੇ ਸੁੱਟ ਕੇ ਉਹਨਾਂ ਦੇ ਕੁਝ ਮੋਬਾਇਲ ਨੰਬਰ ਵੀ ਜਾਰੀ ਕਰ ਦਿੱਤੇ ਗਏ। ਭੜਕਾਹਟ ਵਿਚ ਆ ਕੇ ਐਫ. ਆਈ. ਆਰ. ਵੀ ਦਰਜ ਕਰਵਾ ਦਿੱਤੀ ਗਈ। ਪਰ ਛਾਣਬੀਣ ਕਰਨ ਉਪਰੰਤ ਸਭ ਕੁਝ ਹੀ ਜਾਅਲੀ ਪਾਇਆ ਗਿਆ। ਜੇ ਸਾਵਧਾਨੀ ਨਾ ਵਰਤੀ ਗਈ ਹੁੰਦੀ ਤਾਂ ਭੜਕਾਹਟ ਕੁਝ ਵੀ ਰੂਪ ਧਾਰਨ ਕਰ ਸਕਦੀ ਸੀ। ਹਿੰਸਾ ਵੱਧ ਸਕਦੀ ਸੀ ਤੇ ਮੁੱਦਾ ਕੁਝ ਦਾ ਕੁਝ ਬਣਨ ਦੀਆਂ ਸੰਭਾਵਨਾਵਾਂ ਬਣ ਜਾਣੀਆਂ ਸਨ।

ਇਸ ਵਾਰੀ ਰਾਖਵਾਂਕਰਨ ਦਾ ਆਧਾਰ ਆਰਥਿਕ ਕਰ ਦੇਣ ਬਾਰੇ ਸਾਰੀਆਂ ਪਾਰਟੀਆਂ ਦੇ ਬਿਆਨ ਆਏ ਹਨ। ਮਾਇਆਵਤੀ ਅਤੇ ਲਾਲੂ ਪ੍ਰਸਾਦ ਯਾਦਵ ਨੇ ਪ੍ਰਚੱਲਿਤ ਰਾਖਵੇਂਕਰਨ ਨੂੰ ਛੇੜਨ ਵਿਰੁੱਧ ਸਖ਼ਤ ਤਾੜਨਾ ਕੀਤੀ। ਪ੍ਰਸਿੱਧ ਵਕੀਲ ਜੇਠਮਲਾਨੀ ਨੇ ਵੀ ਇਸ ਮੁੱਦੇ 'ਤੇ ਸਰਕਾਰ ਦੀ ਖੂਬ ਆਲੋਚਨਾ ਕੀਤੀ। ਇਸ ਸਾਰੀ ਕਵਾਇਦ ਤੋਂ ਕਾਂਸ਼ੀ ਰਾਮ ਜੀ ਦੀ ਆਖੀ ਗੱਲ ਸਹੀ ਸਾਬਤ ਹੋ ਰਹੀ ਹੈ ਕਿ ਸਮਾਂ ਪਾ ਕੇ ਸਮਾਜ ਵਿਚ ਦੋ ਵਿਚਾਰਧਾਰਾਵਾਂ ਰਹਿ ਜਾਣੀਆਂ ਹਨ, ਇਕ ਮਨੂੰਵਾਦੀ ਅਤੇ ਦੂਜੀ ਅੰਬੇਡਕਰਵਾਦੀ। ਇਕ ਸਮਾਜ ਨੂੰ ਤੋੜਨ ਦੀ ਪ੍ਰਤੀਕ ਹੈ, ਦੂਜੀ ਸਮਾਜ ਨੂੰ ਜੋੜਨ ਅਤੇ ਬਰਾਬਰਤਾ ਦੀ ਪ੍ਰਤੀਕ ਹੈ। ਲੋੜ ਹੈ ਦੇਸ਼ ਨੂੰ ਜੋੜਨ ਦੀ ਤਾਂ ਜੋ ਦੇਸ਼ ਮੁੜ ਸ਼ਿਖਰ ਤੇ ਪੁੱਜ ਸਕੇ।

# TANDOOR
Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

**BUFFET LUNCH 11:00 AM To 3:00 PM**

Contact Us:

We are open seven days 11 AM to 10 PM

**Ph. 510-885-1212**
**Fax. 510-885-1532**

# A & S
## Auto Repair & Services
### Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat

**Ph: 916-238-4431**
**649 W. Elkhorn Blvd. Suite B2**
**Rio Linda, CA 95673**

# Continental


ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।

Truck, Trailer Repair & Tyre Servicse

ਟਰੈਕਟਰ-ਟਰੇਲਰ ਸਬੰਧੀ ਹਰ ਕਿਸਮ ਦੀ ਸਰਵਿਸ ਅਤੇ ਟਾਇਰ ਸਰਵਿਸ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

**Bhajji Gill (510-277-6315)**
**Chain Gill 510-542-1181**

**42400 Boyce Rd., Unite F, Fremont, CA 94538**



FREE WiFi

Ram Gopal

# Annabelle's
Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

IN OLD SACRAMENTO

## Annabelle's
### Pizza & Pasta Kitchen

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

**Hall free for Jago, Birth Day & Wedding Parties.**
**Seven days open from 11 AM to 4 PM**




Ram Gopal

Features All you can eat italian Buffet

*(Our Dough is Freshly Rolled Daily and Made of the Finest Ingredients)*

Now Serving Beer &Wine!




FREE WiFi
Varieties of Video Games Available
FREE WiFi
Variety of Sandwiches are also available
FREE WiFi

**Ram Gopal (916) 448-6239**
**200 "J" Street, Sacramento, CA 95814**



ਐੱਸ ਬਲਵੰਤ
44-745-021-1512

# ਦਿੱਲੀ 1984 : ਇਤਿਹਾਸਿਕ ਵਿਸ਼ਵਾਸਘਾਤ

(ਦੂਜੀ ਕਿਸਤ)

ਪਤਾ ਲਗਾ ਕਿ ਭੀੜ ਜਦੋਂ ਇਸ ਗੁਰਦੁਅਰੇ ਨੂੰ ਅੱਗ ਲਾਉਣ ਆਈ ਤਾਂ ਗੁਰਦੁਅਰੇ ਦੇ ਭਾਈ ਨੇ ਕ੍ਰਿਪਾਨ ਕੱਢ ਕੇ ਭੀੜ ਨੂੰ ਲਲਕਾਰਿਆ। ਭੀੜ ਕਾਫੀ ਤਾਦਾਦ ਵਿਚ ਸੀ ਤੇ ਉਸ ਨੂੰ ਭਾਈ ’ਤੇ ਕਾਬੂ ਪਾਉਣ ’ਚ ਦੇਰ ਨ ਲੱਗੀ। ਉਨ੍ਹਾਂ ਲੋਕਾਂ ਕੋਲ ਮਿੱਟੀ ਦੇ ਤੇਲ ਦਾ ਪ੍ਰਬੰਧ ਸੀ। ਉਨ੍ਹਾਂ ਉਹੀ ਤੇਲ ਗੁਰਦੁਆਰੇ ਦੇ ਭਾਈ ਉਪਰ ਡੋਹਲਿਆ ਤੇ ਗਲ ਵਿਚ ਟਾਇਰ ਮਾਰਕੀਟ ’ਚੋਂ ਲਿਆਂਦਾ ਟਾਇਰ ਪਾ ਕੇ ਉਥੇ ਹੀ ਫੜ੍ਹ ਕੇ ਅੱਗ ਲਗਾ ਦਿੱਤੀ। ਭਾਈ ਤੜਫਦਾ “ਤੁਰ” ਗਿਆ।

ਦਿੱਲੀ ਹੋਰ ਸਾਰੇ ਪਾਸੇ ਕਿਤਿਓਂ ਨਾ ਕਿਤਿਓਂ ਝੁਲਸੀ ਹੋਈ ਸੀ, ਪਰ ਦੇਖਣ ਮਗਰੋਂ ਮਹਿਸੂਸ ਹੋਇਆ ਕਿ ਕਨਾਟ ਪਲੇਸ ’ਚ ਸ਼ਾਇਦ ਟੱਸ ਤੋਂ ਮੱਸ ਨਹੀਂ ਸੀ ਹੋਈ। ਮੇਰੇ ਲਈ ਇਹ ਵੀ ਸੋਚਣ ਵਾਲੀ ਗੱਲ ਸੀ। ਹਰ ਗੱਲ ’ਚ ਗਰੀਬ ਆਦਮੀ ਤਾਂ ਟਾਰਗੈਟ ਹੁੰਦਾ ਹੀ ਹੈ ਪਰ ਕੀ ਦਿੰਗਾਈਆਂ ਨੂੰ ਇਹ ਇਲਾਕਾ ਨਜ਼ਰ ਨਹੀਂ ਸੀ ਆਇਆ ? ਜਾਂ ਇਹ ਇਸ ਕਰਕੇ ਬਚਿਆ ਰਿਹਾ ਕਿ ਇਹ ਅਮੀਰਾਂ ਦਾ ਇਲਾਕਾ ਹੈ ਤੇ ਦੰਗਾਈਆਂ ਨੂੰ ਇੱਥੇ ਆਉਣ ਤੋਂ ਮਨਾਹੀ ਸੀ?

ਵੀ. ਸੀ. ਆਰ., ਰੰਗਦਾਰ ਟੀ. ਵੀ., ਗੀਜ਼ਰ...ਪੰਜ-ਪੰਜ ਸੌ ਰੁਪੈ ‘ਚ ਵਿਕ ਰਹੇ ਸਨ।

ਵੈਸੇ ਤਾਂ ਦਿੱਲੀ ਦੇ ਸਾਰੇ ਗੁਰਦੁਅਰੇ ਸਿੱਖ ਪਰਿਵਾਰਾਂ ਦੀ ਰਿਹਾਇਸ਼ਗਾਹ ਬਣੇ ਹੋਏ ਸਨ, ਪਰ ਜਮਨਾ ਪਾਰ ਜਿੱਥੇ ਮੈ ਪਹਿਲਾਂ ਗਿਆਂ, ਉਹ ਵਜ਼ੀਰਾਬਾਦ ’ਚ ਪੈਂਦਾ ਸੀ। ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਦੇ ਕੁਝ ਰਿਸ਼ਤੇਦਾਰ ਉਥੇ ਫਸੇ ਹੋਏ ਸਨ। ਉਸੇ ਦੇ ਕਹਿਣ ’ਤੇ ਮੈਂ ਓਹਨ੍ਹਾਂ ਦਾ ਪਤਾ ਕਰਨ ਗਿਆ ਸਾਂ। ਇਹ ਗੁਰਦੁਆਰਾ ਸਿੱਖ ਪਰਿਵਾਰਾਂ ਨਾਲ ਨੱਕੋ-ਨੱਕ ਭਰਿਆ ਹੋਇਆ ਸੀ। ਮੈ ਸੰਧੂ ਹੁਰਾਂ ਦੇ ਸਾਕ-ਸੰਬੰਧੀਆਂ ਦਾ ਪਤਾ ਕਰਕੇ ਕਿ ਉਹ ਠੀਕ-ਠਾਕ ਹਨ,ਤੇ ਉਨ੍ਹਾਂ ਨੂੰ ਤਸੱਲੀ ਦੇਹ ਇਸ ਤੋਂ ਅੱਗੇ ਭਜਨਪੁਰਾ ਚਲਾ ਗਿਆ। ਇੱਥੇ ਮੇਰਾ ਕਿਤਾਬਾਂ ਦਾ ਗੋਦਾਮ ਸੀ। ਉਹ ਤਾਂ ਗੁਆਂਢੀਆਂ ਦੇ ਦੱਬ-ਦਬੇ ਕਰਕੇ ਠੀਕ-ਠਾਕ ਹੀ ਰਿਹਾ। ਸ਼ਰਾਰਤੀ ਲੋਕ ਉਥੇ ਵੀ ਆਏ ਸਨ, ਅੱਗ ਲਾਉਣ ਲਈ ਪਰ ਪੜੋਸੀਆਂ ਨੇ ਭਜਾ ਦਿੱਤੇ। ਹੋ ਸਕਦਾ ਹੈ ਕਿ ਪੜੋਸੀਆਂ ਨੇ ਇਹ ਇਸ ਕਰਕੇ ਵੀ ਕੀਤਾ ਹੋਵੇ ਕਿ ਜੇ ਮੇਰੇ ਗੋਦਾਮ ਨੂੰ ਅੱਗ ਲੱਗੀ ਤਾਂ ਕਿਤਾਬਾਂ ਦੀ ਅੱਗ ਨੇ ਸਾਰਾ ਗੁਆਂਢ ਲੂਹ ਦੇਣਾ ਸੀ।

ਜਾਂਦੇ-ਜਾਂਦੇ ਸੜਕ ‘ਤੇ ਕਈ ਕਾਰਾਂ, ਟੈਂਪੋ ਜਾਂ ਟਰੱਕ ਸੜ ਕੇ ਸੁਆਹ ਹੋਏ ਪਏ ਦਿਸੇ। ਇਥੋਂ ਹੀ ਮੈਂ ਕ੍ਰਿਸ਼ਨ ਨਗਰ ਜਾਣਾ ਸੀ। ਥਾਂ ਥਾਂ ਇਹੋ ਹਾਲ ਸੀ। ਕਿਤੇ ਘਰ ਧੁਆਂਖੇ ਪਏ ਸਨ। ਕਿਤੇ ਸੁਆਹ ਹੋਏ ਹੋਏ। ਟਰੱਕ, ਬੱਸਾਂ, ਕਾਰਾਂ, ਜਾਂ ਹੋਰ ਆਵਾਜਾਈ ਜਾਂ ਸਾਮਾਨ ਢੋਣ ਵਾਲੀਆਂ ਮੋਟਰਾਂ ਥਾਂ-ਥਾਂ ਅੱਗ ਦੀ ਭੇਟ ਚੜ੍ਹ ਸੁਆਹ ਹੋਈਆਂ ਪਈਆਂ ਸਨ। ਇਸ ਸਾਰੇ ਇਲਾਕੇ ’ਚੋਂ ਲੰਘਦਾ ਇਹ ਦ੍ਰਿਸ਼ ਦੇਖਦਾ ਦਹਿਲਦਾ-ਦਹਿਲਦਾ, ਜਦ ਮੈਂ ਕ੍ਰਿਸ਼ਨਾ ਨਗਰ ਆਪਣੇ ਬਹੁਤ ਪੁਰਾਣੇ ਦੋਸਤ ਮੁਲਖ ਰਾਜ ਕੋਲ ਪਹੁੰਚਾ ਤਾਂ ਉਹ ਮੇਰੇ ਗਲ ਲਗ ਫਿਰ ਢਾਹਾਂ ਮਾਰਨ ਲਗ ਪਿਆ। ਮੇਰਾ ਵੀ ਮੰਨ ਭਰਿਆ ਤਾਂ ਪਹਿਲਾਂ ਹੀ ਹੋਇਆ ਸੀ, ਮੇਰੀਆਂ ਅੱਖਾਂ ਵੀ ਤਰਲ ਤਰਲ ਤ੍ਰਿਪਕਣ ਲਗ ਪਈਆਂ। ਬਹੁਤ ਦੇਰ ਅਸੀਂ ਇਕ ਦੂਜੇ ਨਾਲ ਗੱਲ ਨਾ ਕਰ ਸਕੇ। ਕੋਈ ਸ਼ਬਦ ਹੀ ਮੂੰਹੋਂ ਕੱਢਣ ਦੀ ਨਹੀਂ ਸੀ ਸੁੱਝ ਰਹੀ। ਲ਼ੋਕ ਪ੍ਰਿੰਟਰ ਵਾਲਾ ਬਲਵੰਤ ਸਿੰਘ ਤੇ ਮੁਲਖ ਰਾਜ ਮੇਰੇ ਬਹੁਤ ਪੁਰਾਣੇ ਮਿੱਤਰ ਸਨ। ਜਦ ਉਸ ਨੇ ਬਲਵੰਤ ਦੇ ਪਰਿਵਾਰ ਨੂੰ ਜੀਊਂਦੇ ਸਾੜਨ ਦੀ ਤਫਸੀਲ ਇਕ ਵੇਰ ਫਿਰ ਦੱਸੀ ਤਾਂ ਮੇਰਾ ਦਿੱਲ ਹੋਰ ਦਹਿਲ ਗਿਆ। ਮੁਲਖ ਰਾਜ ਦੱਸ ਰਿਹਾ ਸੀ, “ਮੈਂ ਸਾਰੇ ਦੇ ਸਾਰੇ ਜੀਆਂ ਨੂੰ ਇਕੱਤੀ ਅਕਤੂਬਰ ਦੀ ਰਾਤ ਹੀ ਆਪਣੇ ਘਰ ਲੈ ਆਇਆ ਸਾਂ।...ਰੋਟੀ -ਪਾਣੀ ਦਾ ਇੰਤਜ਼ਾਮ ਤੇ ਉਨ੍ਹਾਂ ਦਾ ਸੌਣ-ਰਹਿਣ ਦਾ ਇੰਤਜ਼ਾਮ ਮੈਂ ਘਰੇ ਹੀ ਕੀਤਾ ਹੋਇਆ ਸੀ। ਬਸ, ਘਰੋਂ ਬਾਹਰ ਜਾਣ ਲਈ ਮਨਾਹੀ ਸੀ। ....ਕੀ ਪਤਾ ਕੀ ਵਾਪਰ ਜਾਵੇ?...ਕਰਫਿਊ ਵਾਲੇ ਦਿਨ ਤਕ ਤਾਂ ਸਭ ਠੀਕ ਸੀ। ...ਉਸੇ ਦਿਨ ਓਹੁ ਜ਼ਿੱਦ ਕਰਕੇ ਜਾਣ ਲਈ ਕਾਹਲਾ ਪੈ ਗਿਆ।...ਮੈਂ ਬਹੁਤ ਸਮਝਾਇਆ।...ਉਹ ਜ਼ਿੱਦ ਕਰਨ ਲੱਗਾ!...ਕਹਿੰਦਾ ਹੁਣ ਤਾਂ ਕਰਫਿਊ ਵੀ ਹਟ ਗਿਆ...ਆਪਣਾ ਦੇਸ਼ ਹੈ...ਐਨੀ ਧਾਂਦਲੀ ਤਾਂ ਨਹੀਂ ਕਿ ਆਪਣੇ ਦੇਸ਼ ‘ਚ ਵੀ ਸਿਰ ਚੁਕ ਕੇ ਨਹੀਂ ਤੁਰ ਸਕਦੇ?...ਉਹ ਇਸੇ ਵਿਸ਼ਵਾਸ ਤੇ ਭੋਲੇਪਨ ‘ਚ ਆਪਣੇ ਪਰਿਵਾਰ ਦੇ ਸਾਰੇ ਜੀਅ ਲੈ ਆਪਣੇ ਘਰ ਵੱਲ ਤੁਰ ਪਿਆ। ਉਹਦੇ ਘਰ ਤਕ ਦਾ ਰਸਤਾ ਵੀ ਉਂਝ ਪੈਦਲ ਵਾਲਾ ਹੀ ਸੀ।” ਮੁਲਖ ਰਾਜ ਭੁੱਬਾਂ ਮਾਰ ਮਾਰ ਦੱਸ ਰਿਹਾ ਸੀ। “ਉਹ ਚਲਾ ਤਾਂ ਗਿਆ...ਪਰ ਮੇਰਾ ਦਿਲ ਨਾ ਮੰਨੇ...!...ਕੁਝ ਚਿਰ ’ਚ ਹੀ ਸੋਚਿਆ ਪਤਾ ਕਰ ਆਵਾਂ, ਘਰ ਵੀ ਪਹੁੰਚਿਆ ਕਿ ਨਹੀਂ?...ਬੱਸ ਇੰਨੇ ’ਚ ਹੀ ਬਹੁਤ ਦੇਰ ਹੋ ਚੁਕੀ ਸੀ...!...ਇਕ ਥਾਂ ਅੱਗ ਦਾ ਭਾਂਬੜ ਮਚਿਆ ਹੋਇਆ ਸੀ...ਕੋਲ ਇਕ ਦੁਕਾਨਦਾਰ ਨੇ ਦੱਸਿਆ...ਕਹਿੰਦਾ ਤੇਰਾ ਦੋਸਤ ਤਾਂ ਨਹੀਂ ਲਭਣਾ...ਠੰਢੀ ਹੋਣ ’ਤੇ ਸਾਰੇ ਜੀਆਂ ਦੀ ਸੁਆਹ ਲੈ ਜਾਵੀਂ!...ਤੇ ਮੈਂ ਉਸ ਦੇ ਪਰਿਵਾਰ ਨੂੰ ਸੜਦੇ ਦੇਖਦਾ ਰਿਹਾ !”

ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਪਾਰਲੀਮੈਂਟ ਭੰਗ ਕਰ ਦਿੱਤੀ ਗਈ ਸੀ ਤੇ ਰਾਜੀਵ ਗਾਂਧੀ ਨੂੰ ਕੇਅਰ-ਟੇਕਰ ਪ੍ਰਧਾਨ ਮੰਤਰੀ ਥਾਪ ਦਿੱਤਾ ਗਿਆ ਸੀ । ਮਗਰੋਂ ਚੋਣਾਂ ਦਾ ਐਲਾਨ ਹੋਇਆ ਤਾਂ ਖਲਬਲੀ ਜਿਹੀ ਮਚ ਗਈ। ਰਾਜੀਵ ਗਾਂਧੀ ਨੇ ਚੋਣ ਪਰਚਾਰ ਲਈ ਆਰਗੇਨਾਈਜ਼ ਕੀਤੀ ਸਭ ਤੋਂ ਪਹਿਲੀ ਰੈਲੀ ’ਚ ਹੀ ਇਹ ਸਟੇਟਮੈਂਟ ਦੇ ਕੇ ਭੜਥੂ ਪਾ ਦਿੱਤਾ ਕਿ “ਜਦ ਕੋਈ ਵੱਡਾ ਰੁੱਖ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ!” ਇਸਦਾ ਮਤਲਬ ਬੁੱਧੀਜੀਵੀਆਂ ਇਹ ਵੀ ਕੱਢਣਾ ਸ਼ੁਰੂ ਕਰ ਦਿੱਤਾ ਕਿ ਜਿਵੇਂ ਰਾਜੀਵ ਗਾਂਧੀ ਨੇ ਇਸ ਕਤਲ-ਏ-ਆਮ ਨੂੰ ਜਾਇਜ਼ ਠਹਿਰਾਇਆ ਹੋਵੇ ਤੇ ਜੇ ਉਹ ਜਿੱਤ ਗਿਆ ਤਾਂ ਸਿੱਖਾਂ ਲਈ ਅਜਿਹਾ ਖਤਰਾ ਹਮੇਸ਼ਾ ਬਣਿਆ ਰਹੇਗਾ। ਇਸ ਬਿਆਨ ਨੇ ਸਿੱਖਾਂ ਨੂੰ ਹੋਰ ਤੰਗ ਕਰ ਦਿੱਤਾ। ਸਿੱਖ ਪਰਿਵਾਰ ਤਾਂ ਪਹਿਲਾਂ ਹੀ ਲੁਕੇ ਹੋਏ ਸਨ ਪਰ ਇਸ ਗੱਲ ਨੇ ਉਨ੍ਹਾਂ ਨੂੰ ਹੋਰ ਅੱਗੇ ਤੀਕ ਲੁਕੋਈ ਰੱਖਿਆ । ਲ਼ਗਪਗ ਹਰੇਕ ਪਰਿਵਾਰ ਨੇ ਆਪੋ ਆਪਣੀ ਰਿਹਾਇਸ਼ਗਾਹ ਵੇਚਣੀ ਲਗਾ ਦਿੱਤੀ। ਹੌਲੀ ਹੌਲੀ ਸਾਰੇ ਇਨ੍ਹਾਂ ਇਲਾਕਿਆਂ ’ਚੋਂ ਪਲਾਇਨ ਕਰਦੇ ਉਨ੍ਹਾਂ ਇਲਾਕਿਆਂ ਵਿਚ ਜਾਣੇ ਸ਼ੁਰੂ ਹੋ ਗਏ ਜਿੱਥੇ ਬਹੁਗਿਣਤੀ ਸਿੱਖ ਰਹਿੰਦੇ ਸਨ। ਕਈ ਸਾਰੇ ਲੋਕ ਪੰਜਾਬ ਜਾਂ ਚੰਡੀਗੜ੍ਹ ਵੀ ਤੁਰ ਗਏ। ਕਾਂਗਰਸੀ ਉਮੀਦਵਾਰਾਂ ਦੀ ਇਕ ਚਾਹ ਇਹ ਵੀ ਸੀ ਕਿ ਚੋਣਾਂ ’ਚ ਸਿੱਖ ਹਿੱਸਾ ਨਾ ਲੈਣ ਕਿਉਂਕਿ ਦਿੱਲੀ ਵਿਚ ਸਿੱਖਾ ਦੀ ਵੋਟ ਬਹੁਤ ਮਹੱਤਵ ਰਖਦੀ ਸੀ। ਤੇ ਹੋਇਆ ਵੀ ਅਜਿਹਾ ਹੀ। ਸਿੱਖਾਂ ਨੇ ਉਸ ਚੋਣ ’ਚ ਦਿੱਲੀ ਵਿਚ ਵੋਟਾਂ ਪਾਉਣ ਸਮੇਂ ਗੈਰ-ਹਾਜ਼ਰੀ ਹੀ ਰੱਖੀ।

ਮੇਰੀਆਂ ਦੋਵੇਂ ਧੀਆਂ ਸਨੇਹ ਤੇ ਰਾਜੀ ਕੱਦ ਵਿਚ ਬਚਪਨ ਤੋਂ ਹੀ ਖੂਬ ਲੰਬੀਆਂ ਸਨ। ਮੈਨੂੰ ਚੇਤੇ ਹੈ ਕਿ ਇਕ ਵਾਰੀ ਮੈਂ ਸਨੇਹ ਨੂੰ ਬਿਮਾਰ ਹੋਣ ਤੇ ਦਿੱਲੀ ਬੱਸ ਵਿਚ ਲਿਆਇਆ ਸਾਂ, ਤਾਂ ਸਾਰੇ ਰਸਤੇ ਉਸ ਨੂੰ ਪੱਟਾਂ ’ਤੇ ਹੀ ਸੁਲਾਈ ਲਿਆਂਦਾ। ਉਹ ਮੇਰੇ ਪੱਟਾਂ ਤੋਂ ਵਾਰ ਵਾਰ ਡਿੱਗ ਪੈਂਦੀ ਸੀ। ਪਰ ਇਨ੍ਹਾਂ ਦੰਗਿਆਂ ਨੇ ਸਨੇਹ ਤੇ ਰਾਜੀ ਦੇ ਮਨਾਂ ’ਚ ਇੰਨਾਂ ਖੌਫ ਭਰ ਦਿੱਤਾ ਕਿ ਉਹ ਉਸੇ ਕੱਦ ’ਤੇ ਹੀ ਰੁਕੀਆਂ ਰਹੀਆਂ। ਦੂਜੇ ਪਾਸੇ ਮੇਰਾ ਬੇਟਾ ਅਮਿਤ ਇਕ ਪਬਲਕਿ ਸਕੂਲ ’ਚ ਪੜ੍ਹਦਾ ਸੀ। ਦੰਗਿਆਂ ਤੋਂ ਪਹਿਲੋਂ ਹੀ ਇਹ ਸਕੂਲ ਸ਼ਾਲੀਮਾਰ ਬਾਗ ਚਲਾ ਗਿਆ। ਸਾਡੇ ਘਰ ਤੋਂ ਦੂਰ ਹੋਣ ਦੇ ਬਾਵਜੂਦ ਵੀ ਅਸੀ ਉਸ ਦਾ ਸਕੂਲ ਨਾ ਬਦਲਿਆ ਕਿਉਂਕਿ ਪੜ੍ਹਾਈ ਵਿਚ ਇਹ ਸਕੂਲ ਕਾਫੀ ਅੱਛਾ ਸੀ। ਪਰ ਸ਼ਾਲੀਮਾਰ ’ਚ ਜਾਣ ਮਗਰੋਂ ਇਸ ਵਿਚ ਇਕ ਤਬਦੀਲੀ ਇਹ ਆਈ ਕਿ ਚੰਗਾ ਸਕੂਲ ਹੋਣ ਕਰਕੇ ਈਜ਼ੀ ਮਨੀ ਅਮਾਉਣ ਵਾਲੇ ਮਾਪਿਆਂ ਦੇ ਬੱਚੇ ਵੀ ਇਸੇ ਸਕੂਲ ’ਚ ਦਾਖਲਾ ਲਣ ਲਗ ਪਏ। ਹੁਣ ਉਸ ਸਕੂਲ ਦੇ ਬੱਚਿਆਂ ਵਿਚ ਆਲ੍ਹਸ ਤੇ ਈਜ਼ੀ ਮਨੀ ਦੀ ਭਰਪੂਰਤਾ ਹੋ ਚੁਕੀ ਸੀ । ਇਸੇ ਈਜ਼ੀ ਮਨੀ ਦੇ ਸੁਭਾਅ ਕਰਕੇ ਕਈ ਬੱਚੇ ਪੜ੍ਹਾਈ ’ਚ ਵੀ ਨਿਕੰਮੇ ਸਨ । ਹਰ ਵੇਲੇ ਗੰਦੀ ਸ਼ਰਾਰਤ ਜਾਂ ਕਿਸੇ ਨੂੰ ਤੰਗ ਕਰਨਾ ਉਨ੍ਹਾਂ ਦੀ ਆਦਤ ਦਾ ਹਿੱਸਾ ਬਣ ਚੁਕਾ ਸੀ।

ਜਦੋਂ ਦੰਗੇ ਖਤਮ ਹੋਏ ਤੇ ਸਕੂਲ ਖੁੱਲ੍ਹੇ ਤਾਂ ਅਮਿਤ ਵੀ ਪਹਿਲਾਂ ਵਾਂਗ ਸਕੂਲ ਜਾਣ ਲਗ ਪਿਆ। ਪਰ ਵਾਪਸ ਮਸੋਸਿਆ ਜਿਹਾ ਆਇਆ ਕਰੇ। ਮੇਰੇ ਪੁੱਛਣ ਤੇ ਉਹ ਭੁੱਬਾਂ ਮਾਰ ਰੋ ਪਿਆ। ਕਹਿੰਦਾ “ਡੈਡ ਇਕ ਦਿਨ ਮੇਰੇ ਸਕੂਲ ਚਲੋ ਤੇ ਪ੍ਰਿੰਸੀਪਲ ਨੂੰ ਸ਼ਿਕਾਇਤ ਕਰੋ ਕਿ ਇਹ ਬੱਚੇ ਮੇਨੂੰ ਪੁੱਠੇ ਪੁੱਠੇ ਸ਼ਬਦਾਂ ਦੀ ਵਰਤੋਂ ਕਰਕੇ ਤੰਗ ਕਰਦੇ ਹਨ। ਕਦੇ ਕਹਿੰਦੇ “ਸਿੱਖੜਾ”, ਕਦੇ “ਡਰਪੋਕ’ ਕਦੇ ਕੁਛ ਹੋਰ ਤੇ ਕਦੇ ਕੁਛ ਹੋਰ, ਕਹਿ ਕੇ ਤੰਗ ਕਰਦੇ ਹਨ!” ਪਹਿਲਾਂ ਮੈਂ ਸੋਚਿਆ ਕਿ ਸਕੂਲ ਜਾ ਕੇ ਸ਼ਿਕਾਇਤ ਕਰਾਂ, ਪਰ ਦੂਜੇ ਪਲ ਮੈਨੂੰ ਲੱਗਾ ਕਿ ਜੇ ਮੈਂ ਅੱਜ ਸ਼ਿਕਾਇਤ ਕੀਤੀ ਤੇ ਉਨ੍ਹਾਂ ਨੂੰ ਡਾਂਟ ਪੁਆਈ ਤਾਂ ਉਹ ਕੱਲ੍ਹ ਨੂੰ ਫੇਰ ਤੰਗ ਕਰਨਗੇ। ਮੈਂ ਅਮਿਤ ਨੂੰ ਸਮਝਾਇਆ ਤਾਂ ਉਹ ਕਹਿੰਦਾ, “ਮੈਂ ਸਿੱਧੇ ਤਾਂ ਕਰ ਦਿਆਂ ਪਰ ਤੁਹਾਡੇ ਤੋਂ ਡਰ ਲਗਦਾ ਕਿ ਕਹੋਗੇ ਪੜ੍ਹਨ ਜਾਂਦੇ ਹੋ ਜਾਂ ਗੁੰਡਾ ਗਰਦੀ ਕਰਨ ?” ਮੈਂ ਉਸ ਨੂੰ ਹੱਲਾ-ਸ਼ੇਰੀ ਦਿੱਤੀ ਤੇ ਕਿਹਾ “ਹਾਰ ਕੇ ਨਾ ਆਈਂ...ਕੁੱਟ ਕੇ ਜਿੰਨੇ ਮਰਜ਼ੀ ਆ...!” ਬੱਸ ਦੁਜੇ ਦਿਨ ਉਹ ਹਾਕੀ ਲੈ ਗਿਆ ਤੇ ਜਿਹੜਾ ਵੀ ਸਾਹਮਣੇ ਆਇਆ ਉਸ ਨੇ ਫੁੰਡ ’ਤਾ !...ਇਸ ਨਾਲ ਉਹਦਾ ਡਰ ਵੀ ਨਿਕਲ ਗਿਆ ਤੇ ਅੱਜ ਮੇਰੇ ਤੋਂ ਵੀ ਦੋ ਇੰਚ ਵੱਡਾ ਕੱਦ ਹੈ।...ਤੇ ਉਦੋਂ ਉਹੀ ਮੁੰਡੇ ਜੋ ਉਸ ਨੂੰ ਛੇੜਦੇ ਸਨ ਉਸ ਦੇ ਦੋਸਤ ਬਣ ਗਏ।

ਕਾਨ੍ਹਪੁਰ ਮੇਰੀ ਛੋਟੀ ਭੈਣ ਬਲਜੀਤ ਕੌਰ ਢਿੱਲੋਂ ਰਹਿੰਦੀ ਸੀ। ਆਪਣੇ ਹੱਥੀਂ ਡੋਲੀ ਤੋਰੀ ਸੀ ਉਸ ਦੀ। ਉਸ ਦੇ ਸਹੁਰਿਆਂ ਦਾ ਸਾਰਾ ਪਰਿਵਾਰ ਕਾਨ੍ਹਪੁਰ ਦੇ ਆਰਮਾਪੁਰ ਇਸਟੇਟ ਵਿਚ ਰਹਿੰਦਾ ਸੀ। ਉਸ ਦਾ ਸਹੁਰਾ ਗੰਨ ਫੈਕਟਰੀ ਵਿਚ ਅਫਸਰ ਸੀ। ਅਕਸਰ ਉਹ ਫੈਕਟਰੀ ਦੀਆਂ ਬੰਦੂਕਾਂ ਨੂੰ ਠੀਕ ਕਰਨ ਲਈ ਘਰ ਲੈ ਆਉਂਦਾ। ਉਸ ਇਲਾਕੇ ਵਿਚ ਇਸ ਪਰਿਵਾਰ ਦਾ ਕਾਫੀ ਦਬਦਬਾ ਸੀ। ਉਥੇ ਗੁਰਦੁਆਰਾ ਬਣਾਉਣ ਵਿਚ ਵੀ ਢਿੱਲੋ ਪਰਿਵਾਰ ਦਾ ਕਾਫੀ ਹੱਥ ਸੀ। ਮੇਰਾ ਜੀਜਾ ਗੁਰਪਾਲ ਸਿੰਘ ਢਿੱਲੋਂ ਬਹੁਤ ਮਿਲਣਸਾਰ ਸੀ ਤੇ ਲੋਕਾਂ ’ਚ ਹਰਮਨ ਪਿਆਰਾ ਵੀ ਬਹੁਤ।

ਮੇਰਾ ਛੋਟਾ ਭਰਾ ਹਰਭਜਨ (ਟੀਟੂ) ਵੀ ਉਥੇ ਹੀ ਗਿਆ ਹੋਇਆ ਸੀ ਉਨ੍ਹਾਂ ਦਿਨਾਂ ਵਿਚ। ਉਹ ਵੀ ਬਚਪਨ ਤੋਂ ਹੀ ਮੋਨਾ ਸੀ। ਸਾਰੇ ਅੰਦਰ ਦੁਬ੍ਹਕ ਕੇ ਬੈਠੇ ਸਨ। ਖਦੇ ਕੋਈ ਖਿਆਲ ਆਵੇ ਤੇ ਕਦੇ ਕੋਈ। ਬਹੁਤ ਲੋਕ ਪੁੱਛਣ ਵੀ ਆਉਂਦੇ। ਮਦਦ ਦੀ ਆਫਰ ਵੀ ਕਰਦੇ। ਪਰ ਬਜ਼ੁਰਗ ਇਹ ਕਹਿ ਕੇ ਟਾਲ ਦਿੰਦਾ ਕਿ ਆਪਣਾ ਦੇਸ਼ ਹੈ । ਸਰਕਾਰੀ ਨੌਕਰ ਹਾਂ ਤੇ ਉਹ ਵੀ ਫੌਜੀ ਸਾਮਾਨ ਬਨਾਉਣ ਦੇ ਮਹਿਕਮੇ ਵਿਚ ?....ਗੁਰਪਾਲ ਵਿਚੋਂ ਵਿਚੋਂ ਸ਼ਹਿਰ ਦੀ ਸੂਹ ਲੈਣ ਬਾਹਰ ਨਿਕਲ ਜਾਂਦਾ । ਪਰ ਇਕ ਦਿਨ ਉਹ ਵੀ ਦਿੱਲ ਛੱਡ ਗਿਆ। ਉਦਾਸ ਘਰ ਮੁੜਿਆ।ਘਰ ਵਿਚ ਬੱਚੇ ਵੀ ਸਨ। ਔਰਤਾਂ ਵੀ।

ਹੁਣ ਉਨ੍ਹਾਂ ਦੇ ਘਰ ਵਿਚ ਬਸ ਟੀਟੂ ਹੀ ਮੋਨਾ ਸੀ। ਸਲਾਹ ਬਣੀ ਕਿ ਆਈ.ਆਈ.ਟੀ. ਵਿਚ ਬਲਜੀਤ ਦੀ ਵੱਡੀ ਨਣਾਨ ਦੀ ਸਹੇਲੀ ਪ੍ਰੋਫੈਸਰ ਮੁਖਰਜੀ ਦੇ ਘਰ ਜਾਇਆ ਜਾਵੇ। ਉਹ ਇਕ ਤਾਂ ਕੈਂਪਸ ਵਿਚ ਰਹਿੰਦੀ ਸੀ। ਦੂਸਰਾ ਉਹ ਮੇਰੀ ਭੈਣ ਦੀ ਨਣਾਨ ਪ੍ਰੇਮਜੀਤ ਦੀ ਬਹੁਤ ਗੂਹੜੀ ਸਹੇਲੀ ਸੀ। ਕੈਂਪਸ ਵਿਚ ਵੈਸੇ ਵੀ ਸਕਿਊਰਟੀ ਬਹੁਤ ਹੁੰਦੀ ਹੈ।

ਸੋ ਟੀਟੂ ਦੀ ਡਿਊਟੀ ਲੱਗੀ ਕਿ ਉਹ ਪਹਿਲੋਂ ਬੱਚਿਆਂ ਨੂੰ ਗੁੱਤਾਂ ਕਰਾ ਕੇ ਕੁੜੀਆਂ ਦੇ ਭੇਸ ਵਿਚ ਕੈਂਪਸ ਪਹੁੰਚਾਵੇ। ਫਿਰ ਲੇਡੀਜ਼ ਨੂੰ। ਪਰ ਜਦੋਂ ਟੀਟੂ ਨੇ ਤੀਜਾ ਗੇੜ ਲਗਾਇਆ ਤਾਂ ਪੁਲੀਸ ਵਾਲਿਆਂ ਨੇ ਉਸ ਨੂੰ ਰੋਕ ਲਿਆ। ਕਾਫੀ ਤੰਗ ਕੀਤਾ। ਪਰ ਟੀਟੂ ਕੋਲ ਇਸ ਨਾਂਅ ਦੀ ਆਈ. ਡੀ. ਸੀ ਜੋ ਉਸ ਨੇ ਦਿੱਲੋਂ ਤੋਂ ਬਣਵਾਈ ਸੀ। ਉਹ ਵੇਖ ਪੁਲੀਸ ਵਾਲਿਆਂ ਛੱਡਿਆ ਕਿ ਟੀਟੂ ਹਿੰਦੂ ਹੈ। ਇਸ ਵਾਰੀ ਉਹਨੂੰ ਆਪਣਾ ਭੇਸ ਬਦਲਣਾ ਪਿਆ। ਉਦੋਂ ਉਸ ਨੇ ਸ਼ੌਂਕੀਆ ਦਾਹੜੀ ਰੱਖੀ ਹੋਈ ਸੀ । ਘਰ ਜਾ ਕੇ ਸ਼ੇਵ ਕੀਤੀ ਤੇ ਮਿਲਿਟਰੀ ਦੀ ਡਰੈਸ ਪਾਈ ਤਾਂ ਕਿਤੇ ਜਾ ਕੇ ਉਹ ਲੇਡੀਜ਼ ਨੂੰ ਵੱਖੋ-ਵੱਖ ਰਸਤਿਆਂ ਰਾਹੀਂ ਪਹੁੰਚਾਉਣ ਵਿਚ ਕਾਮਯਾਬ ਹੋਇਆ। ਤੇ ਬੰਦਿਆਂ ਨੂੰ ਲਿਜਾਣ ਲਈ ਉਨ੍ਹਾਂ ਨੂੰ ਹਸਪਤਾਲ ਵਾਲੀ ਐਂਬੂਲੈਂਸ ਦਾ ਇਸਤੇਮਾਲ ਕਰਨਾ ਪਿਆ, ਜਿਸ ਦਾ ਪ੍ਰਬੰਧ ਪ੍ਰੋਫੈਸਰ ਮੁਖਰਜੀ ਦੀ ਬੇਟੀ ਨੇ ਡਾਕਟਰ ਹੋਣ ਕਰਕੇ ਕਰ ਦਿੱਤਾ।

ਹਾਲੇ ਉਹ ਪਹੁੰਚੇ ਹੀ ਸਨ ਕਿ ਇਕ ਦੋ ਚੀਜ਼ਾਂ ਲਿਆਉਣ ਟੀਟੂ ਨੂੰ ਫਿਰ ਭੇਜਿਆ ਗਿਆ। ਪਰ ਉਹਦੇ ਘਰ ਪਹੁੰਚਣ ਤੋਂ ਪਹਿਲਾਂ ਹੀ ਪੁਲੀਸ ਵਾਲਿਆਂ ਨੇ ਦੰਗਾਈਆਂ ਨੂੰ ਇਤਲਾਹ ਦੇ ਦਿੱਤੀ ਸੀ ਕਿ “ਮੈਦਾਨ ਖਾਲੀ ਹੈ !” ਜਦੋਂ ਟੀਟੂ ਸਕੂਟਰ ਤੇ ਉਥੇ ਪਹੁੰਚਾ ਤਾਂ ਅੱਧਿਓਂ ਵੱਧ ਘਰ ਖਾਲੀ ਹੋ ਚੁਕਾ ਸੀ। ਟੀਟੂ ਕਰ ਤਾਂ ਕੁਝ ਨਹੀਂ ਸੀ ਸਕਦਾ ਪਰ ਆਪਣੀ ਭੈਣ ਦਾ ਘਰ ਲੁੱਟ ਹੁੰਦਾ ਦੇਖਦਾ ਰਿਹਾ। ਸਭ ਤੋਂ ਅਖੀਰਲਾ ਲੁਟੇਰਾ ਇਸ ਘਰ ਦੇ ਸਭ ਤੋਂ ਛੋਟੇ ਬੱਚੇ ਦੀ ਕੱਛੀ ਲਿਜਾ ਰਿਹਾ ਸੀ ਤੇ ਟੀਟੂ ਉਸ ਵਲ ਗੱਡੀ ਨਜ਼ਰ ਨਾਲ ਦੇਖਣ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਕਰ ਸਕਦਾ।

ਇੰਨਾ ਸ਼ੁਕਰ ਸੀ ਕਿ ਸਾਰੇ ਜੀਅ ਠੀਕ ਠਾਕ ਬਚ ਗਏ ਸਨ। ਟੀਟੂ ਦੇ ਧੰਨਵਾਦੀ ਵੀ ਸਨ ਸਾਰੇ ਕਿਉਂਕਿ ਉਹ ਉਥੇ ਨਾ ਹੁੰਦਾ ਤਾਂ ਕਿਸੇ ਦਾ ਵੀ ਘਰੋਂ ਨਿਕਲਣਾ ਔਖਾ ਸੀ ਤੇ ਉਸ ਘਰ ’ਚ ਰਹਿੰਦੇ ਕੁਝ ਵੀ ਹੋ ਸਕਦਾ ਸੀ। ਪਰ ਕਹਿੰਦੇ ਹਨ ਰਬ ਹੱਥ ਪਾ ਕੇ ਬਚਾ ਲੈਂਦਾ ਹੈ, ਸ਼ਾਇਦ ਟੀਟੂ ਦਾ ਕਾਨ੍ਹਪੁਰ ਜਾਣ ਦਾ ਭਾਣਾ ਹੀ ਇਸੇ ਕਰਕੇ ਹੋਇਆ ਹੋਵੇ।

ਇਹ ਸਾਰਾ ਕੁਝ ਲੁੱਟਾ ਕੇ ਵੀ ਬਲਜੀਤ ਦੇ ਦੁੱਖ ਨਾ ਮੁੱਕੇ। ਜਦੋਂ ਸ਼ਾਂਤੀ ਹੋ ਗਈ ਤੇ ਵਾਪਸ ਘਰ ਮੁੜੇ ਤਾਂ ਸਾਰਾ ਕੁਝ ਹੀ ਨਵੇਂ ਸਿਰਿਓਂ ਖਰੀਦਣਾ ਸੀ। ਹੌਲੀ ਹੌਲੀ ਜ਼ਿਦਗੀ ਤੁਰਨੀ ਸ਼ੁਰੂ ਹੋ ਗਈ। ਫੈਕਟਰੀ ’ਚ ਬਹੁਤ ਲੋਕ ਪੁੱਛਦੇ...ਕੋਈ ਤਮਾਸ਼ਬੀਨੀ ਲਈ ਤੇ ਕੁਝ ਸੱਚੇ ਦੁੱਖ ਨਾਲ। ਪਰ ਦਿੱਲ ’ਤੇ ਦਾਗ ਤਾਂ ਉਸੇ ਤਰ੍ਹਾਂ ਤੇਜ਼ ਛੁਰੀ ਦੇ ਵਾਰ ਵਾਂਗ ਦਿੱਲ ’ਚੋਂ ਰਿਸ ਰਹੇ ਸਨ।

ਗੁਰਪਾਲ ਆਪਣੇ ਪੁਰਾਣੇ ਆੜੀਆਂ ਕੋਲ ਜਾਂਦਾ, ਪਰ ਉਹ ਕੁਝ ਮਹਿਸੂਸ ਨਾ ਕਰਦਾ ਜੋ ਪਹਿਲਾਂ ਕਰਦਾ ਹੁੰਦਾ ਸੀ। ਉਸ ਨੂੰ ਲਗਦਾ ਜਿਵੇਂ ਹਰ ਗੱਲ ਉਸੇ ’ਤੇ ਟਿਟਾ ਟਿਕਾ ਕੇ ਵਾਪਸ ਮੋੜੀ ਹੋਵੇ । ਉਹ ਕਾਫੀ ਉਦਾਸ ਰਹਿਣ ਲਗ ਪਿਆ। ਉਸ ਨੇ ਤਾਂ ਕੀ ਕਦੇ ਕਿਸੇ ਹੋਰ ਨੇ ਸੋਚਿਆ ਵੀ ਨਹੀਂ ਹੋਣਾ ਕਿ ਸਿੱਖ ਹੋਣ ਦਾ ਇੰਨਾ ਖਿਮਿਆਜ਼ਾ ਭੁਗਤਣਾ ਪਵੇਗਾ? ਗੁਰਪਾਲ ਹੌਲੀ ਹੌਲੀ ਦਿੱਲ ਛੱਡ ਗਿਆ ਤੇ ਇਕ ਦਿਨ ਗਲ ’ਚ ਰੱਸਾ ਪਾ ਪਾ ਫਾਹਾ ਲੈ ਲਿਆ । ਉਹ ਦੋ ਬੱਚੇ ਬਲਜੀਤ ਦੀ ਝੋਲੀ ’ਚ ਪਾ ਇਸ ਦੁਨੀਆਂ ਤੋਂ ਵਿਦਾ ਲੈ ਗਿਆ।

ਕੀ ਮੈਨੂੰ ਕੋਈ ਦੱਸ ਸਕਦਾ ਹੈ ਕਿ ਇਸ ਮੌਤ ਦੀ ਗਿਣਤੀ ਕਿਹੜੇ ਹਿੰਦਸਿਆਂ ’ਚ ਤੇ ਕਿਵੇਂ ਜੋੜੀ ਜਾਵੇਗੀ?

ਗੱਲ ਇਥੇ ਵੀ ਨਹੀਂ ਮੁੱਕੀ । ਹੁਣ ਬਲਜੀਤ ਨੂੰ ਮਨਹੂਸ ਮੰਨਿਆਂ ਜਾਣ ਲੱਗਾ। ਭਾਵੇਂ ਉਹ ਵਾਟਰ ਪਲਿਊਸ਼ਨ ਵਿਭਾਗ ’ਚ ਨੌਕਰੀ ਕਰਦੀ ਸੀ ਪਰ ਸਾਰੇ ਹਾਲਾਤ ਨੇ ਉਸ ਨੂੰ ਆਪਣੀ ਬਦਲੀ ਕਾਨ੍ਹਪੁਰ ਤੋਂ ਗਾਜ਼ੀਆਬਾਦ ਕਰਾਉਣ ਲਈ ਮਜਬੂਰ ਹੋਣਾ ਪਿਆ ਤਾਂਕਿ ਉਹ ਸਾਡੇ ਕੋਲ ਰਹਿ ਸਕੇ ਤੇ ਬੱਚੇ ਪਾਲ ਕੇ ਅਗਲੀ ਜ਼ਿੰਦਗੀ ਜੀਅ ਸਕੇ। ਗਾਜ਼ੀਅਬਾਦ ਵੀ ਬਦਲੀ ਇਸ ਕਰਕੇ ਕਰਵਾਉਣੀ ਪਈ ਕਿ ਇਹੀ ਇਕ ਸ਼ਹਿਰ ਸਾਡੇ ਘਰ ਤੋਂ ਬਹੁਤ ਨੇੜੇ ਸੀ । ਸਟੇਟ ਦਾ ਰੂਲ ਹੈ ਕਿ ਸਟੇਟ ਵਿਚ ਹੀ ਕਿਤੇ ਟ੍ਰਾਂਸਫਰ ਹੋ ਸਕਦੀ ਹੈ।

ਖੈਰ! ਧੀਆਂ-ਭੈਣਾਂ ਲਈ ਮਾਪਿਆਂ-ਭਰਾਵਾਂ ਦੇ ਦਰ ਹਮੇਸ਼ਾਂ ਖੁੱਲ੍ਹੇ ਹੀ ਰਹਿੰਦੇ ਹਨ। ਬਲਜੀਤ ਕੁਝ ਚਿਰ ਤਾਂ ਗਾਜ਼ੀਆਬਾਦ ਜਾਂਦੀ ਰਹੀ ਪਰ ਲਗਾਤਾਰ ਰੋਜ਼ ਇੰਨਾ ਸਫਰ ਕਰਨਾ ਔਖਾ ਸੀ। ਕਿਸੇ ਤਰ੍ਹਾਂ ਉਸ ਨੂੰ ਪੰਜਾਬ ਸਰਕਾਰ ਦੇ ਇਸੇ ਵਿਭਾਗ ’ਚ ਨੌਕਰੀ ਮਿਲ ਗਈ ਤੇ ਉਹ ਕੁਝ ਚਿਰ ਪਟਿਆਲੇ ਰਹਿ ਲੁਧਿਆਣੇ ਚਲੀ ਗਈ। ਤੇ ਅਖੀਰ ਸਾਧਨ ਬਣਦੇ ਬਣਦੇ ਉਹ ਵਿਲਾਇਤ ਪਹੁੰਚ ਗਈ ਜਿੱਥੇ ਉਸ ਨੇ ਬਰਾਈਡਲ ਮੇਕ-ਅੱਪ ਦਾ ਕੰਮ ਸ਼ੁਰੂ ਕੀਤਾ ਤਾਂ ਕਾਮਯਾਬੀ ਉਸ ਦੇ ਕਦਮ ਚੁੰਮਦੀ ਗਈ। ਵਿਲਾਇਤ ’ਚ ਉਹ ਪਹਿਲੀ ਕੁੜੀ ਸੀ ਜਿਸ ਨੇ ਇਹ ਕੰਮ ਕੀਤਾ। ਸਾਲਾਂ-ਸਾਲ ਦੀਆਂ ਬੁਕਿੰਗਜ਼ ਹੋਣ ਲੱਗੀਆਂ। ਬੀ ਬੀ ਸੀ ਨੇ ਉਸ ’ਤੇ ਕਈ ਵਾਰੀ ਪ੍ਰੋਗਰਾਮ ਕੀਤੇ। ਬੀ. ਬੀ. ਸੀ. ਤਾਂ ਉਸ ਦਾ ਨਾਂਅ ਲੈ ਲੈ ਥੱਕ ਗਈ ਕਿ ਇਹ ਕੁੜੀ ਵਿਲਾਇਤ ਵਿਚ ਬਰਾਈਡਲ ਮੇਕ-ਅੱਪ ਦੀ ਪਾਈਨੀਅਰ ਹੈ। ਤੇ ਉਸ ਦੀ ਬੇਟੀ ਤੰਨੂ ਢਿੱਲੋਂ ਵਿਲਾਇਤ ਆ ਕੇ “ਹਾਰਡ ਕੌਰ” ਬਣ ਗਈ ਜਿਸ ਨੂੰ ਵਿਲਾਇਤ ਦੀ ਪੰਜਾਬੀ ਰੈਪ ਸਿੰਗਿੰਗ ’ਚ ਪਾਈਨੀਅਰ ਹੋਣ ਦਾ ਰੁਤਬਾ ਇਥੋਂ ਦਾ ਮੀਡੀਆ ਕਹਿੰਦਿਆਂ ਨਹੀਂ ਸੀ ਥੱਕਦਾ। ਤੇ ਅੱਜ ਉਹੀ ਲੋਕ ਉਸ ਦੇ ਸ਼ੋਅ ਦੇਖ ਕੇ ਤਾਲੀਆਂ ਵਜਾਉਂਦੇ ਨਹੀਂ ਥੱਕਦੇ ਜੋ ਕੱਲ੍ਹ ਉਨ੍ਹਾਂ ਦੀ ਇਸ ਤ੍ਰਾਸਦੀ ਦੇ ਕਾਰਨ ਬਣੇ ਸਨ।

ਦੰਗਿਆਂ ਤੋਂ ਮਗਰੋਂ ਇਕ ਦਿਨ ਮੇਰੀ ਭੈਣ ਬਲਜੀਤ ਦਾ ਕਾਨ੍ਹਪੁਰ ਤੋਂ ਫੋਨ ਆਇਆ। ਉਸ ਦੱਸਿਆ ਕਿ ਦੰਗਿਆਂ ਦੌਰਾਨ ਉਸ ਦੀ ਨਣਾਨ ਦਾ ਸਾਰਾ ਪਰਿਵਾਰ ਬਹੁਤ ਡਰ ਗਿਆ ਸੀ ਤੇ ਉਸ ਡਰ ’ਚੋਂ ਹਾਲੇ ਤੀਕ ਨਹੀਂ ਸੀ ਨਿਕਲ ਪਾਇਆ। ਉਸ ਦੀ ਨਣਾਨ ਤੇ ਘਰਵਾਲਾ ਉਥੇ ਸਭ ਕੁਝ ਉੱਜੜ ਜਾਣ ਬਾਅਦ ਲੁਧਿਆਣਾ ਚਲੇ ਗਏ ਸਨ। ਪਰ ਮਾਂ ਨੇ ਹੁਣ ਜਾਣਾ ਸੀ। ਜਦੋਂ ਪੁੱਤਰ ਤੇ ਉਸ ਦਾ ਪਰਵਿਾਰ ਗਿਆ ਉਸ ਵੇਲੇ ਉਹ ਪਹਿਲੋਂ ਤਾਂ ਨਹੀਂ ਸੀ ਮੰਨੀ, ਪਰ ਹੁਣ ਤਿਆਰ ਹੋ ਗਈ ਹੈ। ਦੰਗਿਆਂ ਤੋਂ ਬਾਅਦ ਹਾਲਾਤ ਹੋਰ ਬਹੁਤ ਖਰਾਬ ਹੋ ਗਏ ਸਨ। ਜਿੱਥੇ ਸਿਰ ਉੱਚਾ ਚੁੱਕ ਕੇ ਤੁਰਦੇ ਹੁੰਦੇ ਸਾਂ ਉਥੇ ਅੱਜ ਅੱਖਾਂ ਝੁਕਾ ਕੇ ਲੰਘਣਾ ਪੈਂਦਾ ਹੈ। ਇੱਜ਼ਤ ਮਾਣ ਨਾਂਅ ਦੀ ਕੋਈ ਚੀਜ਼ ਹੀ ਨਹੀਂ ਰਹੀ। ਜੋ ਲੋਕ ਬਹੁਤ ’ਤੱਪਾਕ ਨਾਲ ਬੁਲਾਉਂਦੇ ਹੁੰਦੇ ਸਨ ਉਹ ਅੱਖਾਂ ਚੁਰਾਂਦੇ ਨਜ਼ਰ ਆਉਂਦੇ ਹਨ। ਉਥੇ ਹੁਣ ਲੋਕੀਂ ਕੋਈ ਨਾ ਕੋਈ ਆਢ੍ਹਾ ਕੱਢ ਧੈਂ-ਘੁਸੈਂ ਦੀ ਭਾਸ਼ਾ ਬੋਲਣ ਲਗ ਪਏ ਹਨ। ਪੁੱਤਰ ਨੇ ਵੀ ਹੁਣ ਹਾਲਾਤ ਖਰਾਬ ਹੋਣ ਕਰਕੇ ਤੇ ਉਸ ਦੇ ਖੁਦ ਦੇ ਅੰਦਰਲੇ ਡਰ ਕਰਕੇ ਉਸ ਨੂੰ ਕਾਨ੍ਹਪੁਰ ਆਕੇ ਲੈ ਜਾਣ ਤੋਂ ਮਨ੍ਹਾਂ ਕਰ ਦਿੱਤਾ ਸੀ । ਮੈਂ ਭੈਣ ਨੂੰ ਭਰੋਸਾ ਦਿੱਤਾ ਕਿ ਮੈਂ ਉਸ ਨੂੰ ਲੈ ਆਵਾਂਗਾ ਤੇ ਬੱਸ ’ਤੇ ਠੀਕ ਠਾਕ ਚੜ੍ਹਾ ਦਿਆਂਗਾ।

ਜਦੋਂ ਮੈਂ ਉਸ ਨੂੰ ਨਵੀਂ ਦਿੱਲੀ ਰੇਲਵੇ ਸਟੇਸ਼ਨ ਲੈਣ ਗਿਆ ਤਾਂ ਉਹ ਗੱਡੀ ਦੇ ਡੱਬੇ ਵਿਚ ਹੀ ਇਕ ਖੂੰਜੇ ਡੌਰ-ਭੌਰ ਹੋਈ ਬੈਠੀ ਸੀ। ਜਦ ਮੈਂ ਗੱਡੀ ’ਚ ਵੜ ਉਸ ਦਾ ਹੱਥ ਜਾ ਫੜ੍ਹਿਆ ਤਾਂ ਪਹਿਲਾਂ ਤਾਂ ਉਹ ਤ੍ਰਭਕੀ, ਫਿਰ ਉਸ ਮੈਨੂੰ ਸਿਆਣ ਲਿਆ ਤੇ ਅੱਖਾਂ ਵਿਚ ਇਕ ਚਮਕ ਆ ਗਈ। ਮੈਨੂੰ ਜੱਫੀ ਪਾ ਉੱਚੀ ਉੱਚੀ ਰੋਣ ਲਗ ਪਈ। “ਵੇ ਪੁੱਤ ਮੈਨੂੰ ਛੱਡ ਕੇ ਨਾ ਜਾਈਂ...ਮੈਂ ਮਰ ਜਾਵਾਂਗੀ...ਸਬ ਨੇ ਸਾਥ ਛੱਡ ਦਿੱਤਾ...ਪਰ ਤੂੰ ਨਾ ਛੱਡੀਂ !” ਬਹੁਤ ਰੋਈ ਸੀ ਉਹ ਸਟੇਸ਼ਨ ’ਤੇ ਹੀ । ਅਖੀਰ ਮੈਂ ਉਸ ਨੂੰ ਚੁੱਪ ਕਰਾ ਮੂੰਹ ਧੁਆਇਆ। ਪਾਣੀ ਪਿਲਾਇਆ ਤੇ ਘਰ ਲੈ ਆਇਆ। ਉਹ ਫਿਰ ਵੀ ਡਰੀ ਜਾਵੇ, “ਵੇ ਪੁੱਤ...ਇਥੇ ਤਾਂ ਕੋਈ ਨਹੀਂ ਆ ਜਾਵੇਗਾ ਮੈਨੂੰ ਮਾਰਨ ਲਈ?” ਉਸ ਦੇ ਮੰਨ ਵਿਚ ਡਰ ਤਾਂ ਇੱਦਾਂ ਧੱਸ ਗਿਆ ਸੀ ਕਿ ਜਿਵੇਂ ਉਹ ਅੱਧ-ਪਾਗਲ ਹੋ ਗਈ ਹੋਵੇ। ਮੈਂ ਬਹੁਤ ਢਾਰਸ ਦਿੱਤਾ ਸੀ ਉਸ ਨੂੰ। ਅੱਧੀ ਰਾਤ ਤੀਕ ਕੋਲ ਬੈਠਾ ਰਿਹਾ। ਅਖੀਰ ਜਦੋਂ ਮੈਨੂੰ ਲੱਗਾ ਉਹ ਘੂਕ ਸੌਂਅ ਗਈ ਤਾ ਮੈਂ ਉਥੋਂ ਹਿੱਲਿਆ । ਪਰ ਮੇਰੇ ਉੱਠ ਕੇ ਜਾਣ ਉਪ੍ਰੰਤ ਉਹ ਕੁਝ ਚਿਰ ’ਚ ਹੀ ਫਿਰ ਓਠ ਗਈ ਤੇ ਧਾਹਾਂ ਮਾਰ ਮਾਰ ਫਿਰ ਰੋਣ ਲੱਗੀ।...ਅਖੀਰ ਮੈਨੂੰ ਪਤਾ ਕਿਵੇਂ ਉਸ ਨੂੰ ਆਪਣੀਆਂ ਬਾਹਾਂ ’ਚ ਲੈ ਸਾਰੀ ਰਾਤ ਕੱਟੀ ਸੀ। ਮਾੜੀ ਜਿਹੀ ਕਿਤਿਓਂ ਆਵਾਜ਼ ਵੀ ਆਉਂਦੀ ਤਾਂ ਉਹ ਤ੍ਰੱਭਕ ਕੇ ਅੱਖਾਂ ਖੋਲ੍ਹ ਲੈਂਦੀ ਤੇ ਫਿਰ ਉਸ ਨੂੰ ਸ਼ਾਂਤ ਕਰਾਉਣ ਵਿਚ ਕਾਫੀ ਸਮਾਂ ਲਗਦਾ।

ਅੱਜ ਵੀ ਜਦ ਉਹ ਦ੍ਰਿਸ ਮੇਰੇ ਮਨ ਵਿਚ ਉਕਰਦਾ ਤਾਂ ਮੈਂ ਖੁਦ ਕੰਬ ਜਾਨਾਂ। ਫਿਰ ਸੋਚਦਾਂ ਇਹ ਕਿਹੜੇ ਵਕੀਲ... ਜੱਜ... ਜਾਂ ਹੋਰ ਹੁਮੈਨ ਰਾਈਟਸ ਦੇ ਪਤਵੰਤੇ, ਇਹੋ ਜਿਹੇ ਪੀੜਤ ਲੋਕਾਂ ਦੇ ਖਹਾਹ-ਮ-ਖਾਹ ਪ੍ਰਤੀਨਿਧ ਬਣੇ ਹੋਏ ਹਨ?...ਕਤਲ ਹੋ ਗਿਆ...ਸਬੂਤ ਲਿਆਓ-ਫਾਂਸੀ ਦੁਆਓ ! ਫਲਾਣਾ ਕੰਮ ਕੀਤਾ...ਫਲਾਣੀ ਸਜ਼ਾ ਦੁਆਓ 1 ਪਰ ਕਿਸੇ ਕਾਨੂੰਨ ਜਾਂ ਇਹੋ ਜਿਹੇ ਲੋਕਾਂ ਦੀ ਪੈਰਵੀ ਕਰਨ ਵਾਲਿਆਂ ਕਦੇ ਹੁਮੈਨ ਸਾਈਕੀ ਬਾਰੇ ਸੋਚਿਆ?... ਇਹ ਉਹ ਸਾਇਕੀ ਹੈ ਜੋ ਸਿੱਖ ਸਮਾਜ ਤੋਂ ਬਾਦ ਸੋਵੀਅਤ ਯੂਨੀਅਨ ਦੇ ਲੋਕ ਵੀ ਭੁਗਤ ਚੁਕੇ ਹਨ—ਉਥੇ ਵੀ ਉਨ੍ਹਾਂ ਲੋਕਾਂ ਦੀ ਹਕੂਮਤ ਨੇ ਹੀ ਉਨ੍ਹਾਂ ਦਾ ਘਾਣ ਕਰ ਦਿੱਤਾ ਸੀ ਜਿਸ ਦੇ ਆਸਰੇ ਉਹ ਵਿਸ਼ਵਾਸ ਨਾਲ ਰਹਿ ਰਹੇ ਸਨ । ਉਨ੍ਹਾਂ ਨੇ ਹੀ ਇਕ ਫੈਸਲੇ ਨਾਲ ਕਰੋੜਾਂ ਲੋਕਾਂ ਦੀ ਜ਼ਿੰਦਗੀ ਤਬਾਹ ਕਰ ਦਿੱਤੀ ਸੀ। ਸਾਰੀ ਉਮਰ ਦਾ ਪੜ੍ਹਿਆ ਲਿਖਿਆ ਬੇਕਾਰ ਕਰ ਦਿੱਤਾ ਸੀ। ਨੌਜੁਆਨ ਕੁੜੀਆਂ ਨੂੰ ਮਾਪਿਆਂ ਵਾਸਤੇ ਰੋਟੀ ਪ੍ਰਾਪਤੀ ਲਈ ਆਪਣੇ ਜਿਸਮ ਤਕ ਵੇਚਣੇ ਪਏ ਸਨ। ਕਦੇ ਕਦੇ ਇਸ ਸਭ ਬਾਰੇ ਸੋਚ ਕੇ ਅੱਜ ਵੀ ਡਰ ਜਾਂਦਾ ਹਾਂ ।

ਇਹ ਵਿਸ਼ਾ ਇਕ ਲੰਬੀ ਬਹਿਸ ਮੰਗਦਾ ਜੋ ਫਿਰ ਕਦੀ। ਫਿਲਹਾਲ ਤਾਂ ਮੈਂ ਉਸ ਮਾਂ ਦੀ ਗੱਲ ਕਰ ਰਿਹਾ ਸਾਂ ਜੋ ਉਦਾਸ ਹੈ। ਜਿਸ ਨੂੰ ਖੜਕਾ ਸੁਣ ਕੇ ਹੀ ਡਰ ਲੱਗਣ ਲੱਗ ਪੈਂਦਾ ਹੈ। ਇਥੇ ਇਹ ਗੱਲ ਨਹੀਂ ਕਿ ਉਹ ਕਮਜ਼ੋਰ ਹੈ...ਇਹ ਵੀ ਨਹੀ ਕਿ ਉਹ ਆਪਣੇ ਸੁੱਤੇ ਪੁੱਤ ਨੂੰ ਜਗਾ ਨਹੀਂ ਸਕਦੀ। ਪਰ ਉਹ ਮਾਂ ਹੈ। ਜਿੱਥੇ ਹਕੂਮਤ ਨੂੰ ਹੀ ਦੀਮਕ ਲੱਗੀ ਹੋਵੇ ਉਹ ਪੁਤਾਂ ਦਾ ਘਾਣ ਨਾ ਕਰਾ ਕੇ ਹੀ ਸਮਝਦਾਰੀ ਹੈ।

ਖੈਰ ! ਰਾਤ ਲੰਘ ਗਈ। ਸਵੇਰੇ ਉਸ ਨੂੰ ਨੁਹਾਉਣ...ਤਿਆਰ ਕਰਨ ’ਚ ਜਸਬੀਰ ਨੇ ਸਹਾਇਤਾ ਕੀਤੀ। ਖਾਣਾ ਵੀ ਖਾਧਾ ਉਸ ਨੇ...ਪਰ ਜੋ ਖੌਫ ਉਸ ਦੇ ਅੰਦਰ ਧੱਸ ਚੁਕਾ ਸੀ ਉਹ ਨਾ ਮੈਂ ਕੱਢ ਸਕਿਆ ਤੇ ਨਾ ਜਸਬੀਰ।

ਅਖੀਰ ਮੈਂ ਉਸ ਨੂੰ ਬੱਸ ਅੱਡੇ ਲਿਜਾ ਲੁਧਿਆਣੇ ਦੀ ਬੱਸ ’ਚ ਬਿਠਾ ਦਿੱਤਾ। ਪਰ ਉਸ ਤਦ ਤੀਕ ਮੇਰਾ ਹੱਥ ਨਾ ਛੱਡਿਆ ਜਦ ਤੀਕ ਬੱਸ ਨਾ ਤੁਰੀ । ਇਹੀ ਕਹੀ ਜਾਵੇ, “ਕਾਕਾ ਮੈਨੂੰ ਛੱਡ ਕੇ ਨਾ ਜਾਵੀਂ...ਤੇਰੇ ਜਾਂਦਿਆਂ ਹੀ ਇਨ੍ਹਾਂ ਮੈਨੂੰ ਬੱਸ ’ਚੋਂ ਲਾਹ ਲੈਣਾ...ਕਾਕਾ ਨਾ ਛੱਡੀਂ ਮੈਨੂੰ...!”

ਅਖੀਰ ਉਹ ਬੱਸ ’ਚ ਬੈਠੀ ਮੇਰੇ ਵੱਲ ਤੇ ਮੈਂ ਉਸ ਵੱਲ ਤਦ ਤੀਕ ਇਕ ਦੂਸਰੇ ਨੂੰ ਦੇਖਦੇ ਰਹੇ ਜਦ ਤੀਕ ਅਸੀਂ ਇਕ ਦੂਜੇ ਤੋਂ ਓਹਲੇ ਨਹੀਂ ਹੋ ਗਏ।

ਦੰਗੇ ਹੋ ਕੇ ਹਟੇ ਹੀ ਸਨ। ਸ਼ਾਇਦ ਚੋਣਾਂ ਵੀ ਹੋ ਚੁਕੀਆਂ ਜਾਂ ਹੋਣ ਵਾਲੀਆ ਸਨ। **(ਚਲਦਾ)**

# ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੀ ਚੋਣ ਸਬੰਧੀ ਨਿਰਮਲ ਦੜੋਚ ਨੇ ਇਕ ਵਾਰ ਫਿਰ ਗੁਰੂਘਰ ਨੂੰ ਲਾਇਆ ਦਾਅ 'ਤੇ



ਆਦਮੀ ਆਪਣੇ ਸਵਾਰਥੀ ਹਿੱਤਾਂ ਲਈ ਕਿੰਨਾ ਕੁ ਗਿਰ ਸਕਦਾ ਹੈ ਇਸ ਦਾ ਅੰਦਾਜ਼ਾ ਨਹੀਂ ਲਗਾ ਜਾ ਸਕਦਾ। ਪਰ ਨਿਊਯਾਰਕ ਸ੍ਰੀ ਗੁਰੂ ਰਵਿਦਾਸ ਟੈਂਪਲ ਨੂੰ ਜੋਕ ਵਾਂਗ ਚਿੰਬੜੇ ਨਿਰਮਲ ਸਿੰਘ ਦੜੋਚ ਨੇ ਜਿਥੇ ਰਵਿਦਾਸੀਆ ਸਮਾਜ ਦੇ ਪਿੱਠ ਵਿਚ ਛੁਰਾ ਮਾਰਿਆ ਉਥੇ ਦੂਜੇ ਸਮਾਜ ਦੀਆਂ ਵੋਟਾਂ ਬਣਾ ਕੇ ਉਹਨਾਂ ਨੂੰ ਭੀ ਧੋਖਾ ਦਿੱਤਾ ਹੈ।

ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੀ ਚੋਣ 8 ਨਵੰਬਰ 2015 ਦਿਨ ਐਤਵਾਰ ਨੂੰ ਹੋ ਰਹੀ ਹੈ। ਇਸ ਸਬੰਧ ਵਿਚ ਭਰੀ ਗਈ ਮੈਂਬਰਸ਼ਿਪ 16, 17 ਤੇ 25 ਅਕਤੂਬਰ ਨੂੰ ਪੂਰੀ ਹੋਈ। ਸੰਵਿਧਾਨ ਮੁਤਾਬਿਕ ਇਹ ਮੈਂਬਰਸ਼ਿਪ ਸੰਵਿਧਾਨ ਵਿਚ ਲੱਗੇ ਹੋਏ ਮੈਂਬਰਸ਼ਿਪ ਫਾਰਮ ਮੁਤਾਬਿਕ ਹੀ ਹੋਣੀ ਸੀ ਪਰ ਨਿਰਮਲ ਸਿੰਘ ਦੜੋਚ 'ਤੇ ਉਸ ਦੇ ਧੜੇ ਨੇ ਫਿਰ ਗੁਰੂਘਰ ਦੇ ਸੰਵਿਧਾਨ ਦੀਆਂ ਧੱਜੀਆਂ ਉਡਾਉਂਦੇ ਹੋਏ ਕਾਨੂੰਨ ਨੂੰ ਵੀ ਅੱਖੋਂ ਪਰੋਖੇ ਕੀਤਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਸੰਵਿਧਾਨ ਦੇ ਲੱਗੇ ਮੈਂਬਰਸ਼ਿਪ ਫਾਰਮ ਵਿਚ ਨੰਬਰ 3 'ਤੇ ਸਪੱਸ਼ਟ ਲਿਖਿਆ ਹੈ ਕਿ ਉਹੀ ਵਿਅਕਤੀ ਮੈਂਬਰ ਬਣ ਸਕਦਾ ਹੈ ਜੋ ਕਿ ਰਵਿਦਾਸੀਆ ਭਾਈਚਾਰੇ ਅਤੇ ਚਮਾਰ/ ਆਦਿਧਰਮੀ ਦਾ ਪੁੱਤਰ/ਧੀ ਹੋਵੇ। ਇਸ ਨੂੰ ਕਨੂੰਨੀ ਰੂਪ ਦੇਣ ਲਈ ਕੋਰਟ ਨੇ ਹਲਫੀਆ ਬਿਆਨ (ਨੋਟਰੀ ਪਬਲਿਕ/Notray Public) ਨੂੰ ਅਧਾਰ ਬਣਾਇਆ ਸੀ ।ਪਰ ਨਿਰਮਲ ਸਿੰਘ ਦੜੋਚ ਜੋ ਕਿ ਚਮਾਰ/ਆਧਰਮੀ ਸਮਾਜ ਵਿਚ ਪੈਦਾ ਹੋਇਆ 'ਤੇ ਉਸ ਨਾਲ ਹੀ ਧੋਖਾ ਕਰ ਰਿਹਾ ਹੈ। ***ਗੁਰੂਘਰ ਦੇ ਇਸੇ ਹੀ ਸੰਵਿਧਾਨ ਵਿਚ ਇਹ ਵੀ ਸਪੱਸ਼ਟ ਲਿਖਿਆ ਗਿਆ ਹੈ ਕਿ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਰਕਾਸ਼ ਹੀ ਰਹੇਗਾ। ਸੋ ਸਾਡੀ ਲੜਾਈ ਸੰਵਿਧਾਨ ਨੂੰ ਮਾਨਤਾ ਦੇਣ ਹੀ ਅਸੀਂ ਸੰਵਿਧਾਨ ਤੋਂ ਕਦੇ ਵੀ ਬਾਹਰ ਨਹੀਂ ਜਾਵਾਂਗੇ।***

ਵੋਟਾਂ ਲਈ ਜਿਨ੍ਹਾ ਰਵਿਦਾਸੀਆ ਭਾਈਚਾਰੇ ਨੇ ਮੈਂਬਰਸ਼ਿਪ ਲਈ ਅਸੀਂ ਉਹਨਾਂ ਦਾ ਅਤੀ ਧੰਨਵਾਦ ਕਰਦੇ ਹਾਂ ਤੇ ਦੂਜੇ ਭਾਈਚਾਰੇ ਨੇ ਜੋ ਜਾਣੇ ਅਣਜਾਣੇ ਵਿਚ ਮੈਂਬਰਸ਼ਿਪ ਲਈ ਹੈ ਉਹਨਾਂ ਨੂੰ ਅਸੀਂ ਫਿਰ ਬੇਨਤੀ ਕਰਦੇ ਹਾਂ ਕਿ ਇਹ ਮੈਂਬਰਸ਼ਿਪ ਕੋਰਟ ਦੇ ਹੁਕਮਾਂ ਅਨੁਸਾਰ ਹੋਈ ਹੈ ਅਤੇ ਆਪ ਜੀ ਗਲਤ ਹਲਫਨਾਮੇ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਮੈਂਬਰ ਬਣੇ ਹੋ। ਆਪ ਅਗਰ ਆਪਣੀ ਮੈਂਬਰਸ਼ਿਪ ਕਟਵਾਉਣੀ ਚਾਹੁੰਦੇ ਹੋ ਤਾਂ ਤੁਸੀਂ ਸਾਡੇ ਨਾਲ ਜਾਂ ਕੋਰਟ ਵਲੋਂ ਨਿਯੁਕਤ ਮਿਸ ਬੇਕਰ ਨਾਲ ਸੰਪਰਕ ਕਰ ਸਕਦੇ ਹੋ। ਮਿਸ ਬੇਕਰ ਦਾ ਨੰਬਰ 718 658 1912 ਹੈ। ਅਗਰ ਫਿਰ ਭੀ ਕਿਸੇ ਹੋਰ ਗੈਰ-ਰਵਿਦਾਸੀਆ ਭਾਈਚਾਰੇ ਦੇ ਵਿਅਕਤੀ ਨੇ ਵੋਟ ਬਣਾਈ ਹੈ ਅਸੀ ਮੀਡੀਏ ਵਿਚ ਉਸਦੇ ਸਬੂਤ ਨਸ਼ਰ ਕਰਕੇ ਉਸਦੇ ਖਿਲਾਫ ਕਨੂੰਨੀ ਕਾਰਵਾਈ ਕਰਨ ਲਈ ਦ੍ਰਿੜ ਹਾਂ।

ਨਿਰਮਲ ਦੜੋਚ ਗਰੁੱਪ ਨੇ ਆਪਣੀ ਚੌਧਰ ਨੂੰ ਕਾਇਮ ਰੱਖਣ ਲਈ ਸਾਨੂੰ ਗਲਤ ਅਫਵਾਹਾਂ ਫੈਲਾ ਕੇ ਬਦਨਾਮ ਕੀਤਾ ਹੈ ਕਿ ਅਸੀਂ ਗੁਰੂ ਘਰ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਨੂੰ ਚੁਕਵਾ ਦੇਣਾ ਹੈ। ਅਸੀਂ ਇਸ ਦੇ ਜਵਾਬ ਵਿਚ ਸੰਗਤ ਨੂੰ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਆਪਣੇ ਘਰਾਂ ਵਿਚ ਖੁਸ਼ੀ ਗਮੀ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹਾਂ। ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਦੇ ਹਾਂ ਤੇ ਕਰਦੇ ਰਹਿਣਾ ਹੈ। ਗੁਰੂ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਰਕਾਸ਼ ਨਾਲ ਹੀ ਗੁਰੂਘਰ ਕਹਾਉਂਦੇ ਹਨ। ਅਗਰ ਓਥੋਂ ਗੁਰੂ ਗ੍ਰੰਥ ਸਾਹਿਬ ਹਟਾ ਦਿੱਤਾ ਜਾਵੇ ਤਾਂ ਉਹ ਗੁਰੂਘਰ ਨਹੀਂ ਇਕ ਇਮਾਰਤ ਰਹਿ ਜਾਂਦੀ ਹੈ। ਸਾਡੀ ਸਮਝ ਤੋਂ ਬਾਹਰ ਹੈ ਕਿ ਦੜੋਚ ਗਰੁੱਪ ਵਲੋਂ ਚੋਣਾਂ ਜਿੱਤਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਮ ਕਿਉਂ ਵਰਤਿਆ ਜਾ ਰਿਹਾ ਹੈ ?

**ਨੋਟ:**

**ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਸੰਵਿਧਾਨ ਅਨੁਸਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੀ ਰਹੇਗਾ। ਸੰਵਿਧਾਨ ਦੀ ਕਾਪੀ ਲੈਣ ਲਈ ਸੰਗਤ ਸਾਡੇ ਨਾਲ ਕਿਸੇ ਵੇਲੇ ਵੀ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੀ ਹੈ।**

ਨਿਮਰਤਾ ਸਹਿਤ ਬੇਨਤੀ ਕਰਤਾ:

## ਬੇਗਮਪੁਰਾ ਕਲਚਰਲ ਸੁਸਾਇਟੀ ਨਿਊਯਾਰਕ

ਪਰਮਜੀਤ ਕਮਾਮ 646 331 1206, ਬਲਵੀਰ ਚੌਹਾਨ 646 642 9243, ਪਿੰਦਰਪਾਲ 718 610 9192,
ਬਲਵਿੰਦਰ ਭੌਰਾ 646 644 0409, ਚੂਹੜ ਸਿੰਘ 347 543 7720, ਕ੍ਰਿਪਾਲ ਸਿੰਘ 917 385 3691, ਪਾਲ ਬੰਗਾ 516 444 9156

Advt.




# ਜੋੜੀਆਂ ਜਗ ਥੋੜ੍ਹੀਆਂ



ਡਾ.ਕਰਮਜੀਤ ਸਿੰਘ
91- 98763 23862

ਮੁਕੇਰੀਆ ਤੋਂ ਤਲਵਾੜੇ ਜਾਣ ਵਾਲੀ ਸੜਕ ਤੇ ਇਕ ਛੋਟਾ ਜਿਹਾ ਪਿੰਡ ਹੈ ਮੋਹਰੀ ਚੱਕ। ਨਕਸ਼ੇ ਉਪਰ ਇਹ ਪਿੰਡ ਨਹੀਂ ਲੱਭਿਆ ਜਾ ਸਕਦਾ। ਪਰ ਮੇਰੇ ਲੋਕਯਾਨ ਦੇ ਖੇਤਰੀ-ਕਾਰਜ ਦੇ ਨਕਸ਼ੇ ਉਪਰ ਇਹ ਸਭ ਤੋਂ ਉਪਰ ਹੈ। ਦੋ ਸ਼ਹਿਰਾਂ ਵਿਚਕਾਰ ਵਸਿਆ ਹੋਣ ਦੇ ਬਾਵਜੂਦ ਇੱਥੇ ਲੋਕਧਾਰਾ ਦਾ ਪ੍ਰਵਾਹ ਨਿਰੰਤਰ ਅੱਜ ਵੀ ਵਹਿ ਰਿਹਾ ਹੈ। ਲੋਕ ਵਿਦੇਸ਼ਾਂ ਵਿਚ ਵੀ ਗਏ ਹਨ। ਤਕਨੀਕੀ ਨੇ ਇੱਥੇ ਵੀ ਡੇਰੇ ਲਾਏ ਹਨ। ਪਰ ਫਿਰ ਵੀ ਲੋਕ ਵਿਰਸਾ ਮੂਲ ਰੂਪ ਵਿਚ ਅਜੇ ਵੀ ਬਚਿਆ ਹੋਇਆ ਹੈ।

ਇਸੇ ਪਿੰਡ ਮੈਂ ਆਪਣੀ ਨਾਨੀ, ਮਾਮੀਆਂ, ਭੈਣਾਂ, ਭਰਜਾਈਆਂ ਵਿਚ ਟੇਪ ਰਿਕਾਰਡ ਲੈ ਕੇ ਬੈਠਾ ਸਾਂ। ਕਈ ਗੀਤ ਗਾਉਣ ਤੋਂ ਬਾਅਦ ਸਾਰੀਆਂ ਚੁੱਪ ਹੋ ਗਈਆਂ। ਇਕ ਭੈਣ ਨੇ ਕਿਹਾ ''ਨੀ ਉਹ ਗਾ ਦਈਏ'' ਦੂਜੀ ਨੇ ਹਾਸੇ ਨੂੰ ਚੁੰਨੀ ਦੇ ਪੱਲੇ ਨਲ ਰੋਕਦਿਆਂ ਜਵਾਬ ਦਿੱਤਾ, ''ਨਹੀਂ ਅੜੀਏ ਗੰਦਾ ਐ'' ਗੀਤ ਕੋਈ ਹੋਵੇ ਖੇਤਰੀ ਕਾਰਜ ਕਰਨ ਵਾਲੇ ਨੂੰ ਉਹ ਮੂਲ ਰੂਪ ਵਿਚ ਸੁਣਨਾ ਪੈਂਦਾ ਹੈ ਤੇ ਰਿਕਾਰਡ ਕਰਨਾ ਹੁੰਦਾ ਹੈ। ਬਾਅਦ ਵਿਚ ਜਾ ਕੇ ਭਾਵੇਂ ਸਮਾਜਿਕ ਕਦਰਾਂ ਕੀਮਤਾਂ ਦਾ ਧਿਆਨ ਰੱਖ ਕੇ ਅਜਿਹੇ ਗੀਤ ਸਾਂਭੇ ਹੀ ਰਹਿੰਦੇ ਹਨ। ਮੈਂ ਵੀ ਅਸ਼ਲੀਲ ਕਹੇ ਜਾਂਦੇ ਗੀਤਾਂ ਨੂੰ ਆਪਣੀਆਂ ਪੁਸਤਕਾਂ ਵਿਚ ਨਹੀਂ ਦਿੱਤਾ। ਹੁਣ ਤੱਕ ਮੈਂ ਹਰ ਗੀਤ ਕਢਵਾਉਣ ਵਿਚ ਕਾਮਯਾਬ ਵੀ ਹੁੰਦਾ ਰਿਹਾ ਸਾਂ। ਇਸ ਲਈ ਮੈਂ ਠਾਣ ਲਈ ਕਿ ਗੀਤ ਤਾਂ ਰਿਕਾਰਡ ਕਰਵਾ ਹੀ ਲੈਣਾ ਹੈ।

ਕੁੜੀਆਂ ਇੱਧਰ ਉਧਰ ਦੀ ਮਾਰ ਕੇ ਚੁੱਪ ਕਰ ਜਾਂਦੀਆਂ ਪਰ ਇਹ ਗੀਤ ਫਿਰ ਨਾ ਸੁਣਾਉਂਦੀਆਂ।ਜਦ ਮੈਂ ਨਾ ਹੀ ਖਹਿੜਾ ਛੱਡਿਆ ਤਾਂ ਮਾਮੀ ਕਹਿਣ ਲੱਗੀ, ''ਕੁੜੇ ਐਂ ਕਰੋ ਜਿਨਾਂ ਆਉਂਦਾ ਉਨਾਂ ਹੀ ਸੁਣਾ ਦਿਉ।'' ਨਾਲ ਹੀ ਉਸਨੇ ਰਮਜ਼ੀ ਇਸ਼ਾਰਾ ਵੀ ਕਰ ਦਿੱਤਾ। ਝਿਜਕ ਹੌਲੀ ਹੌਲੀ ਦੂਰ ਹੋਈ ਤਾਂ ਕੁੜੀਆਂ ਨੇ ਗੀਤ ਛੁਹਿਆ।

ਪੀਲੀ ਪੀਲੀ ਮਿੱਟੀ ਦੇ ਬਨੇਰੇ ਲਿਪਦੀ
ਬੁਢੜੇ ਨੂੰ ਦੇਖ ਕੇ ਮੈਂ ਦੂਰੋਂ ਪਿੱਟਦੀ।

ਮੈਂ ਹੈਰਾਨ ਸਾਂ ਕਿ ਇਸ ਗੀਤ ਵਿਚ ਤਾਂ ਕੁਝ ਵੀ ਮਾੜਾ ਨਹੀਂ। ਉਹ ਕੁੜੀ ਜਿਸਦਾ ਬੁੱਢੇ ਨਾਲ ਵਿਆਹ ਹੋਇਆ ਹੋਵੇ, ਉਹ ਉਸਨੂੰ ਪਿਟੇਗੀ ਨਹੀਂ ਤਾਂ ਹੋਰ ਕੀ ਕਰੇਗੀ? ਘਰ ਦੇ ਬਨੇਰੇ ਲਿਪਣ ਦਾ ਘਰੇਲੂ ਕੰਮ ਵੀ ਉਹ ਕਰੇਗੀ ਹੀ। ਚਲੋ, ਮੈਂ ਕਿਹਾ ਸ਼ਾਇਦ ਅਗਾਂਹ ਕੁਝ ਹੋਰ ਹੋਵੇ।

ਛੱਜ ਭਰਿਆ ਦਾਣਿਆਂ ਦਾ ਚੂਹੇ ਟੁੱਕ ਗਏ।
ਬੁਢੜੇ ਨੂੰ ਦੇਖ ਮੇਰੇ ਲੇਖ ਫੁੱਟ ਗਏ।

ਭਾਵੇਂ ਕੁੜੀਆਂ ਕਈ ਵਾਰ ਵਜ਼ਨ ਪੂਰਾ ਕਰਨ ਲਈ ਫਾਲਤੂ ਭਰਤੀ ਕਰ ਲੈਂਦੀਆਂ ਹਨ, ਪਰ ਇੱਥੇ ਤਾਂ ਉਹ ਵੀ ਨਹੀਂ ਸੀ। ਛੱਜ ਭਰਿਆ ਦਾਣਿਆਂ ਦਾ ਚੂਹੇ ਟੁੱਕਣ ਦਾ ਮੇਲ, ਬੁਢੜੇ ਨਾਲ ਜੋੜ ਸਦਕਾ ਝੁੱਗਾ ਚੌੜ ਹੋਣ ਨਾਲ ਮੁਕਾਬਲਾ ਘਰੇਲੂ ਔਰਤਾਂ ਹੀ ਕਰ ਸਕਦੀਆਂ ਹਨ। ਮਿਹਨਤ ਨਾਲ ਜੁੜੀਆਂ ਵੀ ਕਲਪਨਾ ਦਾ ਸੁਹਜ ਸਿਰਜਦੀਆਂ ਵੀ। ਗੱਲ ਹੋਰ ਅਗਾਂਹ ਤੁਰੀ,

ਗੱਡੀ ਆਈ ਗੱਡੀ ਆਈ ਟੱਲਮ ਟੱਲੀਆਂ,
ਬੁੱਢੜੇ ਨੂੰ ਦੇਖ ਕੇ ਮੈਂ ਪੇਕੇ ਚੱਲੀਆਂ।

ਇਸ ਵਿਚ ਵੀ ਕੋਈ ਅਤਿਕਥਨੀ ਦਿਖਾਈ ਨਹੀਂ ਦਿੱਤੀ ਕਿ ਮੌਕਾ ਮਿਲਣ ਤੇ ਹੀ ਦੁਖੀ ਕੁੜੀ ਪੇਕੇ ਨੂੰ ਜਾਇਗੀ ਹੀ। ਜੇ ਗੱਡੀ (ਬਲਦਾਂ ਵਾਲੀ ਗੱਡੀ) ਆ ਜਾਵੇ ਤਾਂ ਰੁਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਮੈਂ ਪਰੇਸ਼ਾਨ ਜਿਹਾ ਹੋ ਗਿਆ ਕਿ ਅਜਿਹੇ ਗੀਤ ਨੂੰ ਗਾਉਣ ਤੋਂ ਇਨਕਾਰ ਕਿਉਂ ਕੀਤਾ ਜਾ ਰਿਹਾ ਸੀ। ਇੰਨੇ ਨੂੰ ਇਕ ਭੈਣ ਨੇ ਨਾਲ ਦੀ ਨੂੰ ਕੁਹਣੀ ਮਾਰੀ। ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਜਿਸਨੂੰ ਕੁਹਣੀ ਵੱਜੀ ਸੀ, ਉਸਦਾ ਪਤੀ ਬੁੱਢਾ ਨਹੀਂ ਤਾਂ ਕਾਫੀ ਉਮਰ ਦਾ ਸੀ। ਪਰ ਉਹ ਵੀ ਗੀਤਾਂ ਨੂੰ ਪੂਰਾ ਸੁਆਦ ਲੈ ਕੇ ਗਾ ਰਹੀ ਸੀ। ਹੁਣ ਮੈਨੂੰ ਇਹ ਸਮਝ ਹੈ ਕਿ ਜੋ ਕੁਝ ਉਹ ਵੱਡੀ ਉਮਰ ਦੇ ਕੌਂਤ ਨੂੰ ਨਹੀਂ ਸੀ ਕਹਿ ਸਕਦੀ, ਗੀਤ ਉਸਨੂੰ ਜ਼ੁਬਾਨ ਦੇ ਰਿਹਾ ਸੀ ਤੇ ਉਹ ਵੀ ਆਪਣਾ ਕਥਾਰਸਿਸ ਕਰਦੀ ਮੁਸਕੜੀਆਂ ਹੱਸ ਰਹੀ ਸੀ। ਮਨ ਵਿਚ ਕਿੰਨੀ ਖੁਸ਼ੀ ਹੋਵੇਗੀ ਇਸਦਾ ਅੰਦਾਜ਼ਾ ਹੀ ਲਾਇਆ ਜਾ ਸਕਦਾ ਸੀ। ਪਰ ਅਜਿਹੀ ਖੁਸ਼ੀ ਕੁਝ ਚਿਰ ਦੀ ਹੀ ਹੋ ਸਕਦੀ ਸੀ ਕਿਉਂਕਿ ਇੱਕੋਂ ਉੱਠ ਕੇ ਫਿਰ ਉਸੇ ਬੁੱਢੇ ਨਾਲ ਵਾਹ ਪੈਣਾ ਸੀ। ਖੈਰ ਕੁੜੀਆਂ ਮੁਸਕਰਾਉਂਦੀਆਂ ਹੋਈਆਂ ਅਗਲੀਆਂ ਪੰਗਤੀਆਂ ਗਾ ਰਹੀਆਂ ਸਨ।

ਗੱਡੀ ਆਈ ਗੱਡੀ ਆਈ ਵਿਚ ਚੌਂਕ ਦੇ।
ਬੁੱਢੜੇ ਨੂੰ ਦੇਖ ਦੂਰੋਂ ਕੁੱਤੇ ਭੌਂਕਦੇ।

ਗੀਤ ਨੇ ਤਾਂ ਕਾਂਟਾ ਬਦਲ ਲਿਆ ਸੀ। ਔਰਤ ਆਪਣੀ ਕਿਸਮਤ ਨੂੰ ਰੋਂਦੀ, ਪੇਕੇ ਜਾਂਦੀ ਜਾਂਦੀ, ਬੁੱਢੜੇ ਦਾ ਮੌਜੂ ਬਣਾਉਣ ਉਪਰ ਉਤਾਰੂ ਹੋ ਗਈ ਸੀ। ਤੇ ਗਾ ਰਹੀਆਂ ਕੁੜੀਆਂ ਸ਼ਾਇਦ ਆਪਣੀਆਂ ਅੱਖਾਂ ਸਾਹਵੇਂ ਬੁੱਢੇ ਨੂੰ ਕੁੱਤਿਆਂ ਵਿਚ ਘਿਰਿਆ, ਬੇਵੱਸ ਦੇਖ ਕੇ ਸੁਆਦ ਸੁਆਦ ਹੋ ਰਹੀਆਂ ਸਨ। ਮੈਂ ਤਾਂ ਅਚਾਨਕ ਸ੍ਰੋਤਾ ਬਣ ਗਿਆ ਸਾਂ, ਪਰ ਇੱਥੋਂ ਹੀ ਮੈਂ ਸਮਝ ਸਕਿਆ ਕਿ ਸਮੂਹ ਆਪਹੀ ਗਾਇਕ ਹੁੰਦਾ ਹੈ ਤੇ ਆਪ ਹੀ ਸ੍ਰੋਤਾ। ਹਾਂ ਉਸਨੂੰ ਵੀ ਸ਼ਾਇਦ ਸ੍ਰੋਤਾ ਮੰਨ ਲਈਏ ਜਿਸਨੂੰ ਇਹ ਗੀਤ ਨਹੀਂ ਆਉਂਦਾ ਸੀ। ਪਰ ਉਹ ਤਾਂ ਗੀਤ ਦੇ ਨਾਲ ਨਾਲ ਊ.. ਊ ਕਰੀ ਜਾ ਰਹੀ ਸੀ। ਉਹ ਤਾਂ ਸਿਖਾਂਦਰੂ ਹੋਈ ਫਿਰ। ਮੈਂ ਅਚਾਨਕ ਤ੍ਰਭਕਿਆ ਜਦੋਂ ਬੁੱਢੇ ਨੂੰ ਨਹਿਰ ਵਿਚ ਧੱਕਾ ਦਿੱਤਾ ਜਾ ਰਿਹਾ ਸ। ਨਾਲ ਹੀ ਮੇਰਾ ਹਾਸਾ ਨਿਕਲ ਗਿਆ। ਤ੍ਰਭਕਿਆ ਸ਼ਾਇਦ ਆਪ ਮਰਦ ਹੋਣ ਕਰਕੇ ਸੀ ਤੇ ਹਾਸੇ ਦੀਆਂ ਤਾਂ ਸਥਿਤੀਆਂ ਹੀ ਸਨ।

ਗੱਡੀ ਆਈ ਗੱਡੀ ਆਈ ਵਿਚ ਸ਼ਹਿਰ ਦੇ,
ਬੁੱਢੜੇ ਨੂੰ ਧੱਕਾ ਦੇਵੋ ਵਿਚ ਨਹਿਰ ਦੇ।
ਮਾਏ ਨੀ ਮਾਏ ਬੁੱਢਾ ਅੱਸੀ ਸਾਲ ਦਾ,
ਤੂਹੀਉਂ ਲਾਵਾਂ ਲੈ ਲਾ ਬੁੱਢਾ ਤੇਰੇ ਹਾਣ ਦਾ।

ਇੱਥੇ ਆ ਕੇ ਗੀਤ ਨੇ ਦੂਜਾ ਕਾਂਟਾ ਬਦਲਿਆ ਸੀ ਤੇ ਮੈਂ ਆਉਣ ਵਾਲੀਆਂ ਸਥਿਤੀਆਂ ਦੀ ਕਲਪਨਾ ਕਰਨ ਦੀ ਕੋਸ਼ਿਸ਼ ਕੀਤੀ ਕਿ ਗੀਤ ਰੁਕ ਗਿਆ। ਹੁਣ ਤੱਕ ਦੇ ਤਜਰਬੇ ਨੇ ਮੈਨੂੰ ਦੱਸ ਦਿੱਤਾ ਸੀ ਕਿ ਗੀਤ ਤਾਂ ਅਜੇ ਅਧੂਰਾ ਸੀ। ਪਰ ਕੁੜੀਆਂ ਨੇ ਪੈਰ ਅੜਾ ਲਏ। ਜਦ ਕਿ ਉਨ੍ਹਾ ਦੇ ਹਾਸੇ ਦੀ ਛਣਕਾਰ ਇਹ ਦੱਸ ਰਹੀ ਸੀ ਕਿ ਗੀਤ ਅਗਾਂਹ ਹੋਰ ਹੈ ਤੇ ਹੈ ਵੀ ਮਨੋਰੰਜਕ ਮੇਰੀ ਪੂਰੀ ਵਾਹ ਲਾਉਣ ਤੋਂ ਬਾਅਦ ਵੀ ਮੈਨੂੰ ਕਹਿਣ ਲੱਗੀਆਂ, ''ਭਾ ਜੀ ਜਦ ਕੁੜੀ ਨੇ ਕਹਿ ਹੀ ਦਿੱਤਾ ਕਿ ਅੱਸੀ ਸਾਲ ਦੇ ਬੁੱਢੇ ਦੇ ਮੈਂ ਨਹੀਂ ਵੱਸ ਸਕਦੀ,ਮਾਂ ਵੱਸ ਲਏ ਤਾਂ ਵੱਸ ਲਏ। ਤਾਂ ਗੀਤ ਤਾਂ ਪੂਰਾ ਹੋ ਗਿਆ।'' ਪਰ ਮੈਂ ਸਿਰ ਫੇਰ ਦਿੱਤਾ। ਆਖਿਰ ਮਾਮੀ ਨੇ ਕਿਹਾ ''ਕਰਮ ਸਿਹਾਂ ਸੱਚੀ ਗੱਲ ਇਹ ਆ ਭਈ ਅੱਗੇ ਗੀਤ ਚੱਜਦਾ ਨਹੀਂ। ਹੁਣ ਨਹੀਂ ਇਨ੍ਹਾਂ ਨੇ ਗਾਉਣਾ।'' ਮੈਂ ਹਥਿਆਰ ਸੁੱਟ ਦਿੱਤੇ।

ਇਹ ਅਧੂਰਾ ਗੀਤ ਤਾਂ ਮੈਂ ਗੁਣਗਣਾਉਂਦਾ ਰਿਹਾ ਪਰ ਪੂਰਾ ਕਰਨ ਦਾ ਲਾਲਚ ਵੀ ਬਚਿਆ ਰਿਹਾ। ਹੁਣ ਮੈਨੂੰ ਪਿੰਡ ਤਾਂ ਯਾਦ ਨਹੀਂ ਜਿੱਥੋਂ ਇਹ ਗੀਤ ਪੂਰਾ ਹੋਇਆ। ਪਰ ਉਸ ਦਿਨ ਸੱਚਮੁਚ ਮੈਂ ਬਹੁਤ ਖੁਸ਼ ਵੀ ਸਾਂ ਤੇ ਉਸ ਸਥਿਤੀ ਜਾਣ ਕੇ ਲੋਟ ਪੋਟ ਵੀ ਹੋ ਰਿਹਾ ਸਾਂ ਜਿਸ ਵਿਚ ਬੁੱਢੇ ਦਾ ਮਖੌਲ ਉਡਾਇਆ ਗਿਆ ਸੀ। ਇੱਥੇ ਅਹਿਸਾਸ ਹੋਇਆ ਕਿ ਕੁੜੀ ਨੇ ਜਿਹੜੀ ਗੱਲ ਮਾਂ ਨੂੰ ਆਖੀ ਸੀ, ਉਸਦਾ ਜਵਾਬ ਵੀ ਅਜੇ ਬਾਕੀ ਸੀ। ਜਿਹੜੀ ਗੱਲ ਮੇਰੇ ਲਈ ਨਵੀਂ ਸੀ ਉਹ ਇਹ ਕਿ ਇਹੀ ਗੀਤ ਗਿੱਧੇ ਦੇ ਪਿੜ ਵਿਚ ਗਾਇਆ ਜਾ ਰਿਹਾ ਸੀ। ਦੁਆਬੇ ਦਾ ਜੰਮਪਲ ਹੋਣ ਕਰਕੇ ਖੇਤਰੀ ਕਾਰਜ ਦੌਰਾਨ ਮੈਂ ਇੱਥੋਂ ਦੇ ਗਿੱਧੇ ਦੀ ਇਸ ਵਿਸ਼ੇਸ਼ਤਾ ਨੂੰ ਜਾਣਦਾ ਸਾਂ। ਹਿਸ ਵਿਚ ਇੱਥੇ ਧੀਮੀ ਗਿੱਧੇ ਦੀ ਲੈਅ ਤੇ ਛੋਟੇ ਛੋਟੇ ਗੀਤ ਗਾਏ ਜਾਂਦੇ ਹਨ। ਅੰਤਰ ਕੇਵਲ ਇੰਨਾ ਸੀ ਕਿ ਇਸ ਨਾਲ ਇਕ ਪੰਗਤੀ ਟੇਕ ਦੇ ਤੌਰ ਤੇ ਜੋੜੀ ਹੋਈ ਸੀ, ਜਿਸ ਉਪਰ ਨੱਚਿਆ ਜਾ ਰਿਹਾ ਸੀ।

'ਬੁੱਢਿਆ ਖੋਹਲ ਕੰਗਣਾ ਜਿਹੜਾ ਰਾਤੀ ਬੰਨਿਆ।'

ਸਥਿਤੀ ਪਹਿਲਾਂ ਨਾਲੋਂ ਸਾਫ ਹੋ ਗਈ ਸੀ ਕਿ ਬੁੱਢਾ ਉਸਦੇ ਕਿਸੇ ਤਰ੍ਹਾਂ ਮੇਚ ਨਹੀਂ ਹੈ। ਨਾ ਸਰੀਰਕ ਤੌਰ ਤੇ ਤੇ ਨਾ ਹੀ ਮਾਨਸਿਕ ਤੌਰ ਤੇ। ਉਪਰੋਕਤ ਗੀਤ ਤਾਂ ਉਵੇਂ ਹੀ ਗਿੱਧੇ ਦੇ ਪਿੜ ਵਿਚ ਗੂੰਜ ਰਿਹਾ ਸੀ ਤੇ ਹਾਸੜ ਪਹਿਲੇ ਸਮੂਹ ਨਾਲੋਂ ਵੀ ਵਧੇਰੇ। ਜਦੋਂ ਗਿੱਧੇ ਵਾਲੀ ਕੁੜੀ ਨੇ ਹੱਥ ਉਲਾਰ ਕੇ ''ਤੂੰਹੀਓ ਲਾਵਾਂ ਲੈ ਲਾ, ਬੁੱਢਾ ਤੇਰੇ ਹਾਣ ਦਾ' ਕਿਹਾ ਤਾਂ ਮੈਂ ਬਿਲਕੁਲ ਇਕਾਗਰ ਹੋ ਗਿਆ ਤੇ ਟੇਪ ਚੈਕ ਕਰ ਲਈ ਕਿ ਕਿਤੇ ਧੋਖਾ ਨਾ ਦੇ ਜਾਏ। ਕੁੜੀਆਂ ਰੁਕੀਆਂ ਨਹੀਂ ਮੇਰੇ ਸਮੇਤ ਕੁਝ ਹੋਰ ਮਰਦਾਂ ਦੇ ਖੜ੍ਹੇ ਹੋਣ ਦੇ ਬਾਵਜੂਦ ਉਨ੍ਹਾਂ ਅਗਲਾ ਟੱਪਾ ਚੁੱਕਿਆ।

ਧੀਏ ਨੀ ਧੀਏ ਐਡੇ ਬੋਲ ਬੋਲਦੀ,
ਬੁੱਢਾ ਨਾ, ਸੰਜੋਗ ਮੁੰਡਾ ਕਿੱਥੋਂ ਟੋਲਦੀ।

ਮਾਂ ਦਾ ਇਹ ਜਵਾਬ ਬੇਵਸੀ ਵਾਲਾ ਸੀ। ਗੱਲ ਸੰਜੋਗਾਂ ਤੇ ਸੁੱਟੀ ਜਾ ਰਹੀ ਸੀ। ਪਰ ਸਾਰਾ ਪਿੜ ਹੱਸ ਰਿਹਾ ਸੀ। ਹੁਣ ਵਾਰੀ ਆਈ ਉਨ੍ਹਾਂ ਪੰਗਤੀਆਂ ਦੀ ਜਿਨ੍ਹਾਂ ਨੇ ਗੀਤ ਨੂੰ ਹਾਸੇ ਦੇ ਸਿਖਰ ਤੇ ਪਹੁੰਚਾਉਣਾ ਸੀ। ਬੁੱਢਾ ਇੱਥੇ ਊਤ ਬਣ ਗਿਆ।

ਮਾਏ ਨੀ ਮਾਏ ਬੁੱਢਾ ਬੜਾ ਊਤ ਨੀ।
ਚਿੱਟਿਆਂ ਵਿਛਾਉਣਿਆਂ ਤੇ ਦਿੰਦਾ ਮੂਤ ਨੀ।

ਇਕ ਕੁੜੀ ਤਾਂ ਢਿੱਡ 'ਚ ਹੱਥ ਦੇ ਕੇ ਲੋਟ ਪੋਟ ਹੋ ਗਈ ਉਸਨੂੰ ਖੰਘ ਉਠੀ ਤਾਂ ਉਹ ਥੋੜ੍ਹੀ ਦੂਰ, ਹਾਸਾ ਰੋਕਦੀ ਰਹੀ। ਪਰ ਗਿੱਧੇ 'ਚ ਵੜੀਆਂ ਕੁੜੀਆਂ ਤਾਂ ਸਿਖਰ ਦੇਖ ਰਹੀਆਂ ਸਨ।

ਮਾਏ ਨੀ ਮਾਏ ਬੁੱਢਾ ਬੜਾ ਹੱਦ ਨੀ।
ਚਿੱਟਿਆਂ ਵਿਛਾਉਣਿਆਂ ਤੇ ਦਿੰਦਾ ਹੱਗ ਨੀ।
ਬੁੱਢਿਆ ਖੋਲ੍ਹ ਕੰਗਣਾ ਜਿਹੜਾ ਰਾਤੀ ਬੰਨਿਆ।

ਗਿੱਧੇ ਨੇ ਪੂਰੀ ਤੇਜ਼ੀ ਫੜੀ ਤੇ ਅਚਾਨਕ ਕੁੜੀਆਂ ਲੋਟ ਪੋਟ ਹੁੰਦੀਆਂ ਪਿੜ 'ਚੋਂ ਬਾਹਰ ਹੋ ਗਈਆਂ। ਕੁਝ ਚਿਰ ਤੱਕ ਗਿੱਧਾ ਦੁਬਾਰਾ ਸ਼ੁਰੂ ਨਾ ਹੋ ਸਕਿਆ।

ਬਾਅਦ ਵਿਚ ਜਦੋਂ ਮੈਂ ਟੇਪ ਤੋਂ ਇਹੀ ਗੀਤ, ਕਾਗਜ਼ ਤੇ ਉਤਾਰਿਆ ਤਾਂ ਗੀਤ ਪਿੱਛੇ ਛੁਪੇ ਸਮੁੱਚੇ ਸਮਾਜਿਕ ਵਾਤਾਵਰਣ ਨੂੰ ਰੱਖ ਕੇ ਇਕ ਨਵੀਂ ਹੀ ਦ੍ਰਿਸ਼ਟੀ ਪ੍ਰਾਪਤ ਹੋਈ। ਇਹ ਗੀਤ ਮੈਂ ਮੂਲ ਤਰਜ਼ ਉਪਰ ਗਾ ਵੀ ਲੈਂਦਾ ਹਾਂ ਤੇ ਮੂਡ ਬਣੇ ਤਾਂ ਦੁਆਬੇ ਦੇ ਗਿੱਧੇ ਵਿਚ ਵੀ ਜਾ ਵੜਦਾ ਹਾਂ ਇਸ ਤਰ੍ਹਾਂ ਕਰਨ ਨਾਲ ਮੈਂ ਲੋਕ ਗੀਤਾਂ ਦੀਆਂ ਸਿਰਜਕਾਂ ਦੇ ਹੋਰ ਨੇੜੇ ਹੋ ਜਾਂਦਾ ਹਾਂ। ਜੋ ਮੈਨੂੰ ਹੋਰ, ਹੋਰ ਡੂੰਘੇ ਲੋਕ ਗੀਤਾਂ ਨਾਲ ਵਾਹ ਪੁਆਉਂਦੀਆਂ ਹਨ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"






ਡਾ.ਜਸਵੰਤ ਰਾਏ
91- 98158 25999

## ਸਿਰ ਤੇ ਸੱਪ

ਸ਼ਿਵਾ ਜੀ ਦੀ ਅਸੀਂ ਜਿਹੜੀ ਮਰਜੀ ਤਸਵੀਰ ਵੇਖ ਲਈਏ। ਚਾਹੇ ਮੰਦਰਾਂ ਵਿਚ ਬੁੱਤ ਜਾਂ ਚਾਹੇ ਘਰਾਂ ਵਿਚ ਕਲੰਡਰ। ਸਾਰੀਆਂ ਤਸਵੀਰਾਂ ਵਿਚ ਸੱਪ ਨੇ ਇਨ੍ਹਾਂ ਦੇ ਸਿਰ 'ਤੇ ਛੱਤਰੀ ਬਣ ਕੇ ਛਾਂ ਕੀਤੀ ਹੋਈ ਆ। ਇਸ ਦਾ ਕੀ ਕਾਰਨ ਹੈ।

ਕਾਰਨ ਇਕੋ ਈ ਆ, ਬਈ ਸ਼ਿਵਾ ਜੀ ਸਾਨੂੰ ਸਿੱਖਿਆ ਦੇ ਰਹੇ ਆ ਕਿ ਸਾਡੇ ਸਿਰ ਤੇ ਮੌਤ ਖੜੀ ਆ। ਅਸੀਂ ਪਤਾ ਨਹੀਂ ਕਿਹੜੇ ਵੇਲੇ ਡੰਗ ਹੋ ਜਾਣੈ। ਪਰ ਅਸੀਂ ਇਸ ਗੱਲ ਨੂੰ ਸਮਝਦੇ ਨਹੀਂ। ਅਸੀਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਫਸ ਕੇ ਆਪਣੀ ਜ਼ਿੰਦਗੀ ਬਰਬਾਦ ਕਰੀ ਜਾ ਰਹੇ ਆਂ। ਜੋ ਸਾਡਾ ਅਸਲੀ ਕੰਮ ਹੈ ਨਾਮ ਜੱਪਣ ਦਾ ਉਸਤੋਂ ਅਸੀਂ ਅਵੇਸਲੇ ਹੀ ਰਹਿ ਜਾਂਦੇ ਆਂ। ਇਸ ਲਈ ਸਾਨੂੰ ਆਪਣੀ ਮੌਤ ਨੂੰ ਚੇਤੇ ਰੱਖਦੇ ਹੋਏ ਮਨ ਨੂੰ ਨਾਮ ਸਿਮਰਨ ਵਿਚ ਹੀ ਲਗਾਉਣਾ ਚਾਹੀਦਾ ਹੈ।

## ਸੇਰ ਨੂੰ ਸਵਾ ਸੇਰ

ਇਕ ਸੀ ਰਾਜਾ ਕੋਈ ਰੋਗ ਪਾ ਕੇ ਉਸਦੀ ਰਾਣੀ ਸਖ਼ਤ ਬਿਮਾਰ ਹੋ ਗਈ। ਰਾਣੀ ਦੇ ਬਚਣ ਦੀ ਕੋਈ ਉਮੀਦ ਨਹੀਂ ਸੀ। ਇਕ ਦਿਨ ਰਾਣੀ ਨੇ ਰਾਜੇ ਨੂੰ ਆਪਣੇ ਕੋਲ ਸੱਦਿਆ ਤੇ ਆਖਣ ਲੱਗੀ, ਵੇਖੀਂ ਰਾਜਿਆ, ਜੇ ਮੈਂ ਮਰ ਗਈ ਤਾਂ ਤੂੰ ਦੂਜਾ ਵਿਆਹ ਨਾ ਕਰਾਵੀਂ। ਮੇਰੇ ਨਾਲ ਵਾਅਦਾ ਕਰ, ਤੂੰ ਦੂਜਾ ਵਿਆਹ ਨਹੀਂ ਕਰਵਾਵੇਂਗਾ।

ਰਾਜਾ ਮਨ ਗਿਆ। ਕਹਿੰਦਾ ਮੈਂ ਦੂਜਾ ਵਿਆਹ ਨਹੀਂ ਕਰਾਉਂਦਾ। ਥੋੜ੍ਹੇ ਦਿਨ ਬਾਅਦ ਰਾਣੀ ਮਰ ਗਈ। ਰਾਣੀ ਦੇ ਮਰਨ ਤੋਂ ਬਾਅਦ ਲੋਕਾਂ ਨੇ ਚਕ-ਚਕਾ ਕੇ ਰਾਜੇ ਦਾ ਦੂਜਾ ਵਿਆਹ ਕਰ ਦਿੱਤਾ। ਰਾਜੇ ਦੀਆਂ ਪਹਿਲੇ ਵਿਆਹ ਦੀਆਂ ਤਿੰਨ ਕੁੜੀਆਂ ਸਨ। ਦੂਜੀ ਰਾਣੀ ਜਿਹੜੀ ਵਿਆਹੀ ਆਈ, ਉਹ ਕੁਝ ਦਿਨ ਬਾਅਦ ਰਾਜੇ ਨੂੰ ਕਹਿਣ ਲੱਗੀ, ਰਾਜਾ ਜੇ ਤੂੰ ਇਹਨ੍ਹਾਂ ਤਿੰਨਾਂ ਕੁੜੀਆਂ ਨੂੰ ਕਿਤੇ ਛੱਡ ਆਵੇਂ ਤਾਂ ਮੈਂ ਜਿਊਂਦੀ ਆਂ। ਨਹੀਂ ਤਾਂ ਮੈਂ ਨਹੀਂ ਜਿਊਂਦੀ।

ਮਤਰਈ ਮਾਂ ਦੀ ਇਹ ਗੱਲ ਸੁਣਨ ਤੋਂ ਬਾਅਦ ਇਕ ਦਿਨ ਚੋਰੀ ਤਿੰਨੇ ਕੁੜੀਆਂ ਕੱਠੀਆਂ ਹੋ ਕੇ ਬਹਿ ਗਈਆਂ ਤੇ ਸਲਾਹਾਂ ਕਰਨ ਲੱਗ ਪਈਆਂ। ਅਖੇ ਮਰਨਾ ਤਾਂ ਹੈ ਈ। ਰਾਜੇ ਨੇ ਪਤਾ ਨਹੀਂ ਸਾਨੂੰ ਕਿੱਥੇ ਛੱਡ ਆਉਣਾ। ਸ਼ੇਰ ਬਘੇਲਿਆਂ ਨੇ ਸਾਨੂੰ ਖਾ ਜਾਣਾ। ਉਹੀ ਤਿੰਨੇ ਕੁੜੀਆਂ ਰਾਜੀ ਹੋ ਗਈਆਂ। ਕੱਠੀਆਂ ਹੋ ਕੇ ਰਾਜੇ ਕੋਲ ਚਲੇ ਗਈਆਂ ਤੇ ਆਖਣ ਲੱਗੀਆਂ ਪਿਤਾ ਜੀ ਅਸੀਂ ਤਿਆਰ ਹਾਂ। ਚਲੋ ਚਲੀਏ।

ਰਾਜਾ ਆਖਣ ਲੱਗਾ, "ਚਲੋ ਪੁੱਤਰ ਮੈਂ ਤੁਹਾਨੂੰ ਤੁਹਾਡੇ ਨਾਨਕਿਆਂ ਦੇ ਮਿਲਾ ਲਿਆਵਾਂ। ਰਾਜਾ ਤਿੰਨਾਂ ਕੁੜੀਆਂ ਨੂੰ ਲੈ ਕੇ ਜੰਗਲ ਦੇ ਰਾਹੇ ਪੈ ਗਿਆ। ਤੁਰਦੇ ਤੁਰਦੇ ਉਹ ਰਾਜ ਭਾਗ ਤੋਂ ਕਾਫ਼ੀ ਦੂਰ ਆ ਗਏ। ਰਾਤ ਦਾ ਹਨ੍ਹੇਰਾ ਹੋਣਾ ਸ਼ੁਰੂ ਹੋ ਗਿਆ। ਰਾਜੇ ਨੇ ਤਿੰਨਾਂ ਕੁੜੀਆਂ ਨੂੰ ਉੱਚੇ ਜਿਹੇ ਟਿੱਬੇ 'ਤੇ ਬੈਠਾਇਆ ਤੇ ਆਖਣ ਲੱਗਾ, "ਪੁੱਤਰ ਮੈਂ ਰਤਾ ਬਾਹਰ ਅੰਦਰ ਜਾ ਆਵਾਂ। ਤੁਸੀਂ ਇਥੇ ਈ ਮੈਨੂੰ ਉਡੀਕਿਓ?''

"ਕੁੜੀਆਂ ਨੇ ਕਿਹਾ, ਠੀਕ ਆ ਪਿਤਾ ਜੀ ਤੁਸੀਂ ਜਾਓ।'' ਕੁੜੀਆਂ ਉੱਥੇ ਬੈਠ ਗਈਆਂ। ਹਨ੍ਹੇਰਾ ਹੋਰ ਜ਼ਿਆਦਾ ਹੋਣ ਲੱਗ ਪਿਆ। ਪਰ ਰਾਜਾ ਨਾ ਮੁੜਿਆ। ਕੁੜੀਆਂ ਨੂੰ ਪਹਿਲਾਂ ਹੀ ਰਾਜੇ ਤੋਂ ਇਹ ਆਸ ਸੀ। ਕੁੜੀਆਂ ਟਿੱਬੇ ਉੱਤੇ ਖੜ੍ਹ-ਖੜ੍ਹ ਕੇ ਆਲਾ-ਦੁਆਲਾ ਦੇਖਦੀਆਂ। ਉਨ੍ਹਾਂ ਨੂੰ ਕੋਈ ਦੀਵਾਬੱਤੀ ਜਗਦਾ ਦਿਖਾਈ ਨਹੀਂ ਦਿੰਦਾ। ਜਦੋਂ ਅੱਧੀ ਕੁ ਰਾਤ ਹੋਈ ਤਾਂ ਉਹਨਾਂ ਨੂੰ ਰੌਸ਼ਨੀ ਜਿਹੀ ਦਾ ਝਉਲ਼ਾ ਪਿਆ। ਉਹ ਤਿੰਨੇ ਜਣੀਆਂ ਉੱਠ ਕੇ ਉਸ ਰੌਸ਼ਨੀ ਦੀ ਸੇਧ ਨੂੰ ਹੋ ਤੁਰੀਆਂ। ਜਿੱਥੇ ਲੋਅ ਦਿਖਾਈ ਦੇ ਰਹੀ ਸੀ। ਉਹ ਇਕ ਦੇਅ ਦਾ ਡੇਰਾ ਸੀ। ਇਹ ਦੇਅ ਬੜਾ ਖਤਰਨਾਕ ਸੀ। ਇਹ ਦੂਰੋਂ-ਦੂਰੋਂ ਬੰਦੇ ਲੱਭ ਕੇ ਲਿਆਉਂਦਾ ਸੀ। ਉਸਨੇ ਆਪਣੇ ਡੇਰੇ ਇਕ ਬੰਦਾ ਰੱਖਿਆ ਹੋਇਆ ਸੀ ਪੱਕਾ, ਇਨ੍ਹਾਂ ਬਾਹਰੋਂ ਲਿਆਂਦੇ ਬੰਦਿਆਂ ਨੂੰ ਕੜਾਹੇ ਵਾਲੇ ਤੇਲ ਵਿਚ ਤਲਣ ਲਈ। ਦੇਅ ਬੰਦਿਆਂ ਨੂੰ ਤੇਲ ਵਿਚ ਤਲ਼ ਕੇ ਖਾਂਦਾ ਸੀ। ਜਦੋਂ ਕੁੜੀਆਂ ਡੇਰੇ ਪਹੁੰਚੀਆਂ ਤਾਂ ਉਹ ਬੰਦਾ ਪਹਿਲਾਂ ਕੁੜੀਆਂ ਵੱਲ ਦੇਖ ਕੇ ਹੱਸ ਪਿਆ ਤੇ ਫੇਰ ਰੋ ਪਿਆ। ਕੁੜੀਆਂ ਉਸਨੂੰ ਪੁੱਛਣ ਲੱਗੀਆਂ, "ਹੇ ਖ਼ੁਦਾ ਦੇ ਬੰਦੇ। ਪਹਿਲਾਂ ਤੂੰ ਸਾਡੇ ਵੱਲ ਵੇਖ ਕੇ ਹੱਸ ਪਿਆ ਤੇ ਫੇਰ ਰੋ ਪਿਆ। ਇਹਦਾ ਮਤਲਬ ਦੱਸ ਕੀ ਆ।''

ਉਹ ਕਹਿਣ ਲੱਗਾ, "ਕੁੜੀਓ ਮੈਂ ਤੁਹਾਡੇ ਵੱਲ ਦੇਖ ਕੇ ਹੱਸਿਆ ਇਸ ਕਰਕੇ ਕਿ ਤੁਸੀਂ ਬਹੁਤ ਸੁੰਦਰ ਹੋ। ਕਿਸੇ ਰਾਜੇ ਮਹਾਰਾਜੇ ਦੀ ਔਲਾਦ ਲਗਦੀਆਂ। ਰੋਇਆ ਇਸ ਕਰਕੇ ਕਿ ਹੁਣ ਤੋਂ ਥੋੜ੍ਹੀ ਦੇਰ ਬਾਅਦ ਇਥੇ ਦੇਅ ਨੇ ਆ ਜਾਣਾ। ਉਹਨੇ ਤੁਹਾਨੂੰ ਮਾਰ ਕੇ ਖਾ ਜਾਣਾ।''

ਕੁੜੀਆਂ ਕਹਿਣ ਲੱਗੀਆਂ, "ਹੇ ਖ਼ੁਦਾ ਦੇ ਬੰਦੇ। ਫੇਰ ਤੂੰ ਸਾਡੀ ਕੋਈ ਮਦਦ ਕਰ। ਸਾਨੂੰ ਕੋਈ ਚੀਜ਼ ਬਣਾ ਕੇ ਇਥੇ ਕਿਤੇ ਲੁਕੋ ਦੇ।'' ਉਹ ਬੰਦਾ ਕਹਿੰਦਾ ਮੈਂ ਕੋਸ਼ਿਸ਼ ਕਰਦਾ। ਅੱਗੇ ਤੁਹਾਡੀ ਕਿਸਮਤ ਆ। ਉਸਨੇ ਤਿੰਨਾਂ ਕੁੜੀਆਂ ਦੀਆਂ ਮੱਖੀਆਂ ਬਣਾ ਕੇ ਕੰਧ ਨਾਲ ਲਾ ਦਿੱਤੀਆਂ। ਹੋਰ ਘੜੀ ਕੁ ਤਾਂਈ ਦੇਅ ਵੀ ਆਦਮ-ਬੋ, ਆਦਮ-ਬੋ ਕਰਦਾ ਆਪਣੇ ਘਰ ਨੂੰ ਆ ਰਿਹਾ ਸੀ। ਦੇਅ ਆਉਂਦਾ ਈ ਆਪਣੇ ਨੌਕਰ ਨੂੰ ਕਹਿਣ ਲੱਗਾ ਕਿ ਤੇਰੇ ਕੋਲੋਂ ਮੁਸ਼ਕ ਆਉਂਦਾ। ਤੂੰ ਮੇਰੇ ਬੰਦੇ ਖਾ ਲਏ।

ਨੌਕਰ ਦੇਅ ਨੂੰ ਕਹਿਣ ਲੱਗਾ, "ਹੇ ਦੇਅ, ਤੂੰ ਦੂਰੋਂ ਦੂਰੋਂ ਬੰਦੇ ਨਾ ਛੱਡੇ। ਮੇਰੇ ਕੋਲ ਇੱਥੇ ਬੈਠੇ ਕੋਲ ਬੰਦੇ ਕਿਸ ਤਰ੍ਹਾਂ ਆ ਗਏ। ਮੈਂ ਤਨੀ ਤੇਰੇ ਬੰਦੇ ਖਾਧੇ। ਮੈਂ ਬੰਦੇ ਖਾਂਦਾ ਕੋਈ। ਬੰਦੇ ਤਾਂ ਤੂੰ ਖਾਂਦਾ। ਤੂੰ ਦੇਅ ਆਂ।'' ਦੇਅ ਕਹਿੰਦਾ, "ਹੱਛਾ...। ਇੰਨਾ ਕਹਿ ਕੇ ਉਹ ਫੇਰ ਆਪਣੇ ਸ਼ਿਕਾਰ ਦੀ ਭਾਲ਼ ਵਿਚ ਨਿਕਲ ਤੁਰਿਆ।'' ਜਦੋਂ ਦੇਅ ਡੇਰਿਓਂ ਬਾਹਰ ਨਿਕਲ ਆਇਆ ਤਾਂ ਉਸਦੇ ਨੌਕਰ ਨੇ ਮੱਖੀਆਂ ਤੋਂ ਤਿੰਨੇ ਕੁੜੀਆਂ ਫੇਰ ਬਣਾ ਦਿੱਤੀਆਂ। ਕੁੜੀਆਂ ਕਹਿੰਦੀਆਂ, "ਹੇ ਖ਼ੁਦਾ ਦੇ ਬੰਦੇ ਜਦੋਂ ਦੇਅ ਅੱਜ ਆਊਗਾ ਤਾਂ ਤੂੰ ਉਹਨੂੰ ਪੁੱਛੀਂ ਤੇਰੀ ਜਾਨ ਕਾਹਦੇ 'ਚ ਫਸੀਓ ਆ।'' ਨੌਕਰ ਕਹਿੰਦਾ ਠੀਕ ਆ। ਸ਼ਾਮ ਪੈ ਗਈ। ਨੌਕਰ ਨੇ ਕੁੜੀਆਂ ਨੂੰ ਫੇਰ ਮੱਖੀਆਂ ਬਣਾ ਕੇ ਕੰਧ ਨਾਲ ਲਾ ਦਿੱਤਾ।

ਸ਼ਾਮ ਨੂੰ ਦੇਅ ਘਰ ਨੂੰ ਆ ਗਿਆ। ਹੁਣ ਨੌਕਰ ਦੇਅ ਨੂੰ ਪੁੱਛਦਾ ਕਿ ਹੇ ਦੇਅ, ਤੇਰੀ ਜਾਨ ਕਾਹਦੇ 'ਚ ਫਸੀਓ ਆ।

ਦੇਅ ਕਹਿੰਦਾ ਸੱਤਾਂ ਸਮੁੰਦਰਾਂ ਪਾਰ ਮੇਰੀ ਰਾਣੀ ਆ। ਉਹਦੇ ਕੋਲ ਇਕ ਪਿੰਜਰੇ ਵਿਚ ਤੋਤਾ ਬੱਝਾ ਪਿਆ। ਉਸ ਤੋਤੇ ਵਿਚ ਮੇਰੀ ਜਾਨ ਆ। ਹੋਰ ਕਿਸੇ 'ਚ ਨਹੀਂ। ਨੌਕਰ ਕਹਿੰਦਾ, ਅੱਛਾ ਜੀ।''

ਦੋਵੇਂ ਸੌਂ ਗਏ। ਸਵੇਰ ਹੋਈ। ਦੇਅ ਫੇਰ ਆਪਣੇ ਸ਼ਿਕਾਰ ਦੀ ਭਾਲ਼ ਵਿਚ ਘਰੋਂ ਨਿਕਲ ਤੁਰਿਆ। ਨੌਕਰ ਨੇ ਮੱਖੀਆਂ ਤੋਂ ਕੁੜੀਆਂ ਬਣਾ ਦਿੱਤੀਆਂ। ਹੁਣ ਕੁੜੀਆਂ ਸਲਾਹਾਂ ਕਰ-ਦੀਆਂ ਕਿ ਅਸਾਂ ਮਰ ਤਾਂ ਜਾਣਾ ਈ ਆ। ਕਿਉਂ ਨਾ ਦੇਅ ਨੂੰ ਮਾਰ ਕੇ ਇਕ ਭਲਾ ਕੰਮ ਕਰਕੇ ਜਾਈਏ। ਨਾਲੇ ਇਹ ਰੋਜ਼ ਇਕ ਬੰਦੇ ਦੀ ਜਾਨ ਲੈਂਦਾ ਹੈ। ਇਸਤੋਂ ਵੀ ਛੁਟਕਾਰਾ ਹੋ ਜਾਵੇਗਾ। ਉਹ ਤਿੰਨੇ ਜਣੀਆਂ ਸਲਾਹ ਕਰਕੇ ਘਰੋਂ ਨਿਕਲ ਤੁਰੀਆਂ ਉਹ ਤੋਤਾ ਪ੍ਰਾਪਤ ਕਰਨ।

ਕਹਿੰਦੇ ਹਨ ਜਦੋਂ ਬੰਦਾ ਆਪ ਕੋਸ਼ਿਸ਼ ਕਰਦਾ ਹੈ ਤਾਂ ਫੇਰ ਪ੍ਰਮਾਤਮਾ ਵੀ ਉਸ ਲਈ ਰਾਹ ਅਖਤਿਆਰ ਕਰ ਦਿੰਦਾ ਹੈ। ਮਿਹਨਤ ਮੁਸ਼ੱਕਤ ਕਰਦੀਆਂ ਹੋਈਆਂ ਉਹ ਦੇਅ ਦੀ ਰਾਣੀ ਕੋਲ ਪਹੁੰਚ ਗਈਆਂ ਤੇ ਉਸ ਕੋਲ ਭੱਚੇ ਨਾਲ ਨਕਲੀ ਤੋਤਾ ਰੱਖ ਕੇ ਅਸਲੀ ਤੋਤਾ ਲੈ ਆਈਆਂ, ਜਿਸ ਵਿਚ ਦੇਅ ਦੀ ਜਾਨ ਫਸੀ ਸੀ। ਅਸਲੀ ਤੋਤਾ ਲੈ ਕੇ ਉਹ ਦੇਅ ਦੇ ਡੇਰੇ 'ਤੇ ਪਹੁੰਚ ਗਈਆਂ ਤੇ ਦੇਅ ਦਾ ਇੰਤਜ਼ਾਰ ਕਰਨ ਲੱਗੀਆਂ। ਹੁਣ ਨਹੀਂ ਉਹਨਾਂ ਨੇ ਨੌਕਰ ਨੂੰ ਕਿਹਾ ਕਿ ਤੂੰ ਸਾਨੂੰ ਮੱਖੀਆਂ ਬਣਾ ਕੇ ਕੰਧ ਨਾਲ ਲਾ ਦੇ। ਸ਼ਾਮ ਪੈ ਗਈ। ਦੇਅ ਫੇਰ ਆਦਮ ਬੋ, ਆਦਮ ਬੋ ਕਰਦਾ ਆਪਣੇ ਡੇਰੇ ਵੱਲ ਚਾਈਂ ਚਾਈਂ ਆ ਰਿਹਾ ਸੀ। ਜਦੋਂ ਦੇਅ ਸਾਹਮਣਿਓਂ ਆਉਂਦਾ ਦਿੱਸਿਆ ਤਾਂ ਕੁੜੀਆਂ ਨੇ ਤੋਤੇ ਦੀ ਇਕ ਲੱਤ ਤੋੜ ਦਿੱਤੀ। ਦੇਅ ਲੰਙਾ-ਲੰਙਾ ਕੁੜੀਆਂ ਵੱਲ ਨੂੰ ਦੌੜਿਆ। ਉਹਨਾਂ ਨੇ ਤੋਤੇ ਦੀ ਦੂਸਰੀ ਲੱਤ ਵੀ ਤੋੜ ਦਿੱਤੀ। ਹੁਣ ਦੇਅ ਡਿੱਗ ਪਿਆ। ਦੇਅ ਧਰਤੀ ਤੇ ਘਿਸਰ-ਘਿਸਰ ਕੇ ਕੁੜੀਆਂ ਵੱਲ ਵੱਧਣ ਲੱਗਾ। ਜਦੋਂ ਥੋੜ੍ਹਾ ਲਾਗੇ ਆਇਆ ਤਾਂ ਕੁੜੀਆਂ ਨੇ ਤੋਤੇ ਦੀ ਧੌਣ ਮਰੋੜ ਦਿੱਤੀ। ਦੇਅ ਉਥੇ ਹੀ ਤੜਪ-ਤੜਪ ਕੇ ਆਪਣੇ ਪ੍ਰਾਣ ਤਿਆਗ ਗਿਆ।

(ਚਲਦਾ)

# ਪ੍ਰੋ: ਮੋਹਨ ਸਿੰਘ ਫਾਊਂਡੇਸ਼ਨ ਵੱਲੋਂ ਕਰਵਾਏ ਜਗਦੇਵ ਸਿੰਘ ਜੱਸੋਵਾਲ ਮੇਲੇ ਦੀਆਂ ਵੱਖ-ਵੱਖ ਝਲਕੀਆਂ



ਆਮ ਆਦਮੀ ਪਾਰਟੀ ਦੇ ਵਾਲੰਟੀਅਰ


ਮੇਅਰ ਸਿਟੀ ਮਨਟੀਕਾ ਖਿਡਾਰੀਆਂ ਨੂੰ ਮਿਲਦੇ ਹੋਏ


ਇਕਬਾਲ ਸਿੰਘ ਗਾਖ਼ਲ ਮੇਅਰ ਦਾ ਸਨਮਾਨ ਕਰਦੇ ਹੋਏ।


ਪਲੈਨਿੰਗ ਕਮਿਸ਼ਨਰ ਗੈਰੀ ਸਿੰਘ ਸਿਟੀ ਮਨਟੀਕਾ ਨੂੰ ਸਨਮਾਨਿਤ ਕਰਦੇ ਹੋਏ ਜਸਵੰਤ ਸਿੰਘ ਸ਼ੈਦੋਕੇ ਮੁੱਖ ਸੰਪਾਦਕ ਪੰਜਾਬ ਐਕਸਪ੍ਰੈਸ ਨਿਊਜ਼










ਮੇਲੇ ਦੌਰਾਨ ਖੇਡੀ ਗਈ ਕੱਬਡੀ ਦਾ ਆਨੰਦ ਮਾਣਦੇ ਹੋਏ ਦਰਸ਼ਕ

# ਪ੍ਰੋ: ਮੋਹਨ ਸਿੰਘ ਫਾਊਂਡੇਸ਼ਨ ਵੱਲੋਂ ਕਰਵਾਏ ਜਗਦੇਵ ਸਿੰਘ ਜੱਸੋਵਾਲ ਮੇਲੇ ਦੀਆਂ ਵੱਖ-ਵੱਖ ਝਲਕੀਆਂ


ਹਰਜਿੰਦਰ ਸਿੰਘ ਬੋਲੀਨਾ ਇਕਬਾਲ ਸਿੰਘ ਜੀ ਗਾਖ਼ਲ ਦਾ ਸਨਮਾਨ ਕਰਦੇ ਹੋਏ


ਜਰਨੈਲ ਸਿੰਘ ਦਾ ਸਨਮਾਨ ਕਰਦੇ ਹੋਏ ਹਰਜਿੰਦਰ ਸਿੰਘ ਬੋਲੀਨਾ


ਸੁਖਵਿੰਦਰ ਸਿੰਘ ਕੰਬੋਜ ਸੰਤ ਰਾਮ ਉਦਾਸੀ ਅਵਾਰਡ ਹਾਸਲ ਕਰਦੇ ਹੋਏ



















# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ਨੀਚਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ

ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email: info@skyhighinsuranceagency.com

Website: www.skyhighinsuranceagency.com



| ਜਸਵੀਰ ਕੌਰ | ਮਨਦੀਪ ਬਿਆੜਾ | ਗਗਨਦੀਪ ਸਿੰਘ | ਹਰਮਨ ਸਿੰਘ |
|---|---|---|---|
| ਬਰੋਕਰ | ਏਜੰਟ | ਏਜੰਟ | ਏਜੰਟ |
| 925-895-8140 | 209-666-0032 | 925-724-7070 | 510-415-8154 |



# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

**Buy Quality Used Trucks**

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।





**Call : Dharminder Singh**

Cell : 530-870-6600

Fax : 530-405-1429

Email: myfuturetruck@gmail.com

2535 Front St. West Sacramento, CA 95691

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

# ਗਦਰ ਮੈਮੋਰੀਅਲ ਫਾਉਂਡੇਸ਼ਨ ਆਫ ਕੈਲੇਫੋਰਨੀਆ ਸੈਕਰਾਮੈਂਟੋ

ਵਲੋਂ

## ਪਹਿਲੇ ਲਾਹੌਰ ਸ਼ਾਜਿਸ਼ ਕੇਸ ਦੇ ਸ਼ਹੀਦਾਂ ਨੂੰ ਸਮਰਪਤ


ਸ਼ਹੀਦ ਕਰਤਾਰ ਸਿੰਘ ਸਰਾਭਾ


ਸ਼ਹੀਦ ਵਿਸ਼ਨੂ ਗਣੇਸ਼ ਪਿੰਗਲੇ


ਸ਼ਹੀਦ ਬਖਸ਼ੀਸ਼ ਸਿੰਘ


ਸ਼ਹੀਦ ਜਗਤ ਸਿੰਘ


ਸ਼ਹੀਦ ਹਰਨਾਮ ਸਿੰਘ


ਸ਼ਹੀਦ ਸਰੈਣ ਸਿੰਘ (ਵੱਡਾ)


ਸ਼ਹੀਦ ਸਰੈਣ ਸਿੰਘ (ਛੋਟਾ)

# ਮੇਲਾ ਗਦਰੀ ਬਾਬਿਆਂ ਦਾ

**15 ਨਵੰਬਰ 2015 ਦੁਪਿਹਰ 11 ਵਜੇ ਤੋਂ ਸ਼ਾਮ 5 ਵਜੇ ਤੱਕ**

**Performing Art Center Sheldon High School**
**8333 Kingsbridge Dr, Sacramento, CA 95829**

### ਬੁਲਾਰੇ

ਡਾ ਗੁਰੂਮੇਲ ਸਿੱਧੂ ਫਰਿਜ਼ਨੋ
ਪ੍ਰੋ ਨਰਿੰਜਨ ਸਿੰਘ ਢੇਸੀ
ਪ੍ਰੋ ਮੁਖਤਿਆਰ ਸਿੰਘ ਗਿੱਲ
ਜਿੰਨੀ ਸਿਮਜ (ਐਮ ਪੀ ਕੈਨੇਡਾ)
ਕੁਲਵੰਤ ਸਿੰਘ ਢੇਸੀ

**ਮੁੱਖ ਮਹਿਮਾਨ**
ਸ੍ਰੀ ਵੈਨਕਟੇਸ਼ਨ ਅਸ਼ੋਕ
ਕਾਨਸਲੇਟ ਜਨਰਲ ਸ਼ਾਨਫਰਾਸਿਸਕੋ

**ਸਟੇਜ**
ਆਸ਼ਾ ਸ਼ਰਮਾ

ਸੁਰਿੰਦਰ ਸਿੰਘ ਧਨੋਆ ਜੀ ਦਾ ਲਿਖਿਆ
ਅਤੇ ਨਿਰਦੇਸ਼ਤ ਕੀਤਾ ਨਾਟਕ
ਉਮਰਾਂ ਲੰਘੀਆ ਪੱਬਾ ਭਾਰ




### ਗਾਇਕ

ਸੰਗੀਤ ਗਰੁੱਪ ਆਫ ਕੈਲੇਫੋਰਨੀਆ ਦੇ ਗਾਇਕ
ਅਨੂਪ ਚੀਮਾ, ਤਰਲੋਕ ਸਿੰਘ ਅਤੇ ਅਮਰਜੀਤ ਸਿੰਘ ਦੁਲਾਈ

ਜਗਦੇਵ ਸਿੰਘ ਧਮੱਲਾ
ਪਰਮ ਸਿੰਘ ਕੋਚ ਵਲੋ ਤਿਆਰ ਕੀਤਾ ਭੰਗੜਾ

ਫਰੂਟ ਦੀ ਸੇਵਾ ਅਟਵਾਲ
ਬ੍ਰਦਰਜ ਮਰਸਿਡ ਵਲੋਂ

**ਪ੍ਰਧਾਨ: ਸੁਰਜੀਤ ਸਿੰਘ ਅਟਵਾਲ, ਮੀਤ ਪ੍ਰਧਾਨ: ਸਤਬੀਰ ਸਿੰਘ ਬਾਜਵਾ ਅਤੇ ਜਰਨੈਲ ਸਿੰਘ ਮੰਡੇਰ**

ਚੇਅਰਮੈਨ: ਕੁਲਦੀਪ ਸਿੰਘ ਅਟਵਾਲ, ਮੀਤ ਚੇਅਰਮੈਨ: ਯਾਦਵਿੰਦਰ ਸਿੰਘ ਹੈਪੀ, ਸਕੱਤਰ: ਜਗਜੀਤ ਸਿੰਘ ਕੰਦੋਲਾ, ਸਹਾਇਕ ਸਕੱਤਰ: ਰਵਿੰਦਰ ਰਵੀ

ਖਜਾਨਚੀ: ਹਰਪਾਲ ਸਿੰਘ ਮਾਨ, ਸਤਿੰਦਰਪਾਲ ਸਿੰਘ ਸਰਹੱਦੀ

ਡਾਇਰੈਕਟਰਜ: ਜਥੇਦਾਰ ਬਲਵੀਰ ਸਿੰਘ ਗਿੱਲ, ਗਗਨਦੀਪ ਸਿੰਘ ਬਾਵਾ, ਬਲਦੇਵ ਸਿੰਘ ਬੋਲੀਨਾ, ਅਵਤਾਰ ਸਿੰਘ ਢਿਲੋਂ, ਅਮਨ ਢਿਲੋਂ

ਦਾਖਲਾ ਅਤੇ
ਪਾਰਕਿੰਗ ਮੁਫਤ

ਕੇਟਰਿੰਗ ਇੰਡੀਆ ਉਵਨ ਵਾਈਟ ਲੋਟਸ ਦੇ ਰਮੀ ਚੀਮਾ ਦੀ ਹੋਵੇਗੀ

### ਹੋਰ ਜਾਣਕਾਰੀ ਲਈ ਸਪੰਰਕ ਕਰੋ

| | |
|---|---|
| ਕੁਲਦੀਪ ਸਿੰਘ ਅਟਵਾਲ | 209.769.4784 |
| ਜਗਜੀਤ ਸਿੰਘ ਕੰਦੋਲਾ | 916.968.0901 |
| ਸੁਰਜੀਤ ਸਿੰਘ ਅਟਵਾਲ | 209.628.2382 |
| ਜਰਨੈਲ ਸਿੰਘ ਮੰਡੇਰ | 916.688.4245 |
| ਹਰਪਾਲ ਸਿੰਘ ਮਾਨ | 916.798.8641 |
| ਸਤਬੀਰ ਸਿੰਘ ਬਾਜਵਾ | 916.616.7200 |

### ਸਪਾਂਸਰਜ:

ਡਾ ਸਤਨਾਮ ਸਿੰਘ ਉਪਲ, ਸਰਬਜੀਤ ਸਿੰਘ ਅਟਵਾਲ, ਟਹਿਲ ਸਿੰਘ ਥਾਂਦੀ (ਟਰਾਈ ਅੱਸ ਟਰੱਕਿੰਗ), ਸਨੀ ਸਮਰਾ (ਲੈਜਿੰਡ ਟਰੱਕਿੰਗ ਯੁਬਾ ਸਿਟੀ), ਰਣਬੀਰ ਸਿੰਘ ਸੰਧੂ ਮੰਡੇਰਾ, ਪਰਮਜੀਤ ਸਿੰਘ ਜੌਹਲ, ਸਰਬਜੀਤ ਸਿੰਘ ਜੌਹਲ, ਰਵਿੰਦਰ ਸਿੰਘ ਜੌਹਲ, ਬਲਜੀਤ ਸਿੰਘ ਬਾਸੀ ਅਤੇ ਗੁਰਦੁਆਰਾ ਕਮੇਟੀ ਰੋਜਵਿਲ, ਹਰਮਨਦੀਪ ਸਿੰਘ ਸ਼ੇਰਗਿਲ ਯੂਬਾਸਿਟੀ, ਗੋਲਡ ਸਟੇਟ ਟਰਾਸਪੋਰਟ (ਕੰਦੋਲਾ ਬ੍ਰਦਰਜ ਲਵਿੰਗਸਟਨ), ਸੁਦਾਗਰ ਸਿੰਘ ਕੰਦੋਲਾ, ਗੁਰਨੇਕ ਸਿੰਘ ਬਾਗੜੀ, ਮੁਲਖ ਰਾਜ ਸ਼ਰਮਾ, ਮੱਖਣ ਸਿੰਘ ਬਾਸੀ, ਹਰਭਜਨ ਸਿੰਘ ਬਾਸੀ, ਮਲਕੀਤ ਸਿੰਘ ਸੰਧੂ, ਪਾਲ ਸਿੰਘ ਬਿਲਗਾ, ਨਿਰੰਜਨ ਸਿੰਘ ਸਮਰਾ, ਸੈਮ ਸਮਰਾ, ਨਿਰਮਲ ਸਿੰਘ ਪਠਲਾਵਾ, ਰਾਜ ਭਨੋਟ, ਅਵਤਾਰ ਸਿੰਘ ਤਾਰੀ, ਮਹਿੰਗਾ ਸਿੰਘ ਸਰਪੰਚ, ਕਸ਼ਮੀਰ ਸਿੰਘ ਧੁਗਾ, ਪ੍ਰਿਸੀਪਲ ਰਾਜਪਾਲ ਸਿੰਘ, ਮਾਸਟਰ ਜਗਵਿੰਦਰ ਸਿਘ, ਸਤਨਾਮ ਸਿੰਘ ਖਹਿਰਾ, ਬਲਵੀਰ ਸਿੰਘ ਜੌਹਲ, ਪ੍ਰੋ ਮੱਖਣ ਸਿੰਘ ਸੰਧੂ, ਅਵਤਾਰ ਸਿੰਘ ਅਟਵਾਲ ਗੁਰਦੁਆਰਾ ਸਾਹਿਬ ਦਸ਼ਮੇਸ ਦਰਬਾਰ, ਰਛਪਾਲ ਸਿੰਘ ਫਰਵਾਲਾ, ਅਮਰੀਕ ਸਿੰਘ ਪਰਿਹਾਰ ਪੀ ਸੀ ਐਸ, ਕਨਵਰਦੀਪ ਅਤੇ ਪਰਿੰਸ ਭੁਲਰ, ਚੀਨਾ ਜਿਉਲਰਜ, ਗੁਰਦੀਪ ਸਿੰਘ ਬੈਂਸ ਬਾਹੋਵਾਲ, ਜਸਵੀਰ ਸਿੰਘ ਥਾਂਦੀ, ਅਜਮੇਰ ਸਿੰਘ ਸਿੱਧੂ, ਨਿਰਮਲ ਸਿੰਘ ਸਹੋਤਾ, ਹਰਭਜਨ ਸਿੰਘ ਸਹੋਤਾ, ਬਹਾਦਰ ਸਿੰਘ ਚੀਮਾ, ਕੇਵਲ ਸਿੰਘ ਸਹੋਤਾ, ਜਗਨ ਸਿੰਘ ਜੋਹਲ ਮਰਸਿਡ, ਰਕੇਸ਼ ਭਾਰਦਵਾਜ, ਸੁਖਵਿੰਦਰ ਅਜਮਾਨ, ਗੁਰਸੰਤ ਸਿੰਘ ਗਰੇਵਾਲ, ਅਮਰੀਕ ਸਿੰਘ ਲੋਡਾਈ, ਪਰਮਜੀਤ ਸਿੰਘ ਭੁੱਟਾ, ਕੇਵਲ ਬੋਲੀਨਾ, ਅਮਰੀਕ ਸਿੰਘ ਕੌਨਕਰਡ, ਗੁਰਬੀਰ ਸਿੰਘ ਖੰਗੂੜਾ, ਸੋਹਣ ਸਿੰਘ, ਸਤਨਾਮ ਸਿੰਘ, ਇੰਡੋ ਅਮੈਰੀਕਨ ਹੈਰਟੇਜ਼ ਫੋਰਮ ਫਰਜਿਨੋ